SUPREME AUDIT INSTITUTION OF INDIA

लोकहितार्थ सत्यनिष्ठा

Dedicated to Truth in Public Interest

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
# ਦੀ
# ਮਾਰਚ 2024 ਨੂੰ ਸਮਾਪਤ ਹੋਏ ਸਮੇਂ ਲਈ
# ਰਾਜ ਰੈਵੀਨਿਊ ਉੱਤੇ ਰਿਪੋਰਟ

ਪੰਜਾਬ ਸਰਕਾਰ

2025 ਦੀ ਰਿਪੋਰਟ ਨੰ. 6

(ਪਾਲਣਾ ਲੇਖਾ ਪ੍ਰੀਖਿਆ – ਰੈਵੀਨਿਊ)

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
# ਦੀ

# ਮਾਰਚ 2024 ਨੂੰ ਸਮਾਪਤ ਹੋਏ ਸਮੇਂ ਲਈ
# ਰਾਜ ਰੈਵੀਨਿਊ ਉੱਤੇ ਰਿਪੋਰਟ

**ਪੰਜਾਬ ਸਰਕਾਰ**

2025 ਦੀ ਰਿਪੋਰਟ ਨੰ. 6

(ਪਾਲਣਾ ਲੇਖਾ ਪ੍ਰੀਖਿਆ – ਰੈਵੀਨਿਊ)

## ਵਿਸ਼ਾ ਸਾਰਣੀ


| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| **ਭੂਮਿਕਾ** | iii | |
| **ਝਲਕ** | v-x | |
| **ਅਧਿਆਇ–I: ਜਨਰਲ** | | |
| ਜਾਣ–ਪਛਾਣ | 1.1 | 1 |
| ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ | 1.2 | 1 |
| ਲੇਖਾ ਪ੍ਰੀਖਿਆ ਲਈ ਅਧਿਕਾਰ | 1.3 | 11 |
| ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ | 1.4 | 11 |
| ਲੇਖਾ ਪ੍ਰੀਖਿਆ ਪ੍ਰਤੀ ਸਰਕਾਰ ਦੇ ਹੁੰਗਾਰੇ ਦੀ ਘਾਟ | 1.5 | 12 |
| ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਅਤੇ ਵਿਸਥਾਰਤ ਪਾਲਣਾ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਵਿਭਾਗਾਂ ਦਾ ਹੁੰਗਾਰਾ | 1.6 | 14 |
| ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ | 1.7 | 14 |
| **ਟਰਾਂਸਪੋਰਟ ਵਿਭਾਗ** | | |
| **ਅਧਿਆਇ-II: ਪੰਜਾਬ ਵਿੱਚ ਰਿਜ਼ਨਲ ਟਰਾਂਸਪੋਰਟ ਦਫਤਰਾਂ ਦਾ ਕੰਮਕਾਜ** | 2.1 ਤੋਂ 2.9 | 17 |
| **ਕਰ ਰੈਵੀਨਿਊ ਵਿਭਾਗ** | | |
| **ਅਧਿਆਇ-III: ਪਾਲਣਾ ਲੇਖਾ ਪ੍ਰੀਖਿਆ ਟਿੱਪਣੀਆਂ** | | |
| ***ਆਬਕਾਰੀ ਅਤੇ ਕਰ ਵਿਭਾਗ*** | | |
| ਵਿਆਜ ਨਾ ਲਗਾਉਣਾ | 3.1 | 62 |
| ਆਉਟਪੁੱਟ ਕਰ ਦਾ ਘਟ ਨਿਰਧਾਰਣ | 3.2 | 64 |
| ਗਲਤ 'ਸੀ' ਫਾਰਮਾਂ ਤੇ ਕਰ ਵਿੱਚ ਰਿਆਇਤ ਦੀ ਅਨੁਮਤੀ | 3.3 | 65 |
| ਸਰੋਤ 'ਤੇ ਕੱਟੇ ਗਏ ਕਰ ਨੂੰ ਦੇਰੀ ਨਾਲ ਜਮ੍ਹਾਂ ਕਰਨ 'ਤੇ ਵਿਆਜ ਨਾ ਲਗਾਉਣਾ | 3.4 | 66 |

| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| *ਮਾਲੀਆ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ* | | |
| ਜਾਇਦਾਦਾਂ ਦੇ ਗਲਤ ਵਰਗੀਕਰਨ ਕਾਰਨ ਅਸ਼ਟਾਮ ਡਿਊਟੀ ਅਤੇ ਹੋਰ ਲਾਗੂ ਫ਼ੀਸਾਂ ਘੱਟ ਲਗਾਉਣਾ | 3.5 | 68 |
| ਇਕਰਾਰਨਾਮੇ 'ਤੇ ਅਸ਼ਟਾਮ ਡਿਊਟੀ ਅਤੇ ਫ਼ੀਸ ਘੱਟ ਲਗਾਉਣਾ | 3.6 | 70 |
| ਜਾਇਦਾਦਾਂ ਦੇ ਘੱਟ ਮੁਲਾਂਕਣ ਕਾਰਨ ਅਸ਼ਟਾਮ ਡਿਊਟੀ ਅਤੇ ਫ਼ੀਸਾਂ ਘੱਟ ਲਗਾਉਣਾ | 3.7 | 72 |
| ਛੋਟ ਅਧਿਸੂਚਨਾਵਾਂ ਵਿੱਚ ਅਸਪਸ਼ਟਤਾ ਕਾਰਨ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫ਼ੀਸ ਅਤੇ ਸਮਾਜਿਕ ਬੁਨਿਆਦੀ ਢਾਂਚਾ ਸੈੱਸ ਨਾ ਲਗਾਉਣਾ | 3.8 | 73 |
| ਲੀਜ਼ ਡੀਡ 'ਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਘੱਟ ਲਗਾਉਣਾ | 3.9 | 74 |
| ਪਾਵਰ ਆਫ ਅਟਾਰਨੀ 'ਤੇ ਅਸ਼ਟਾਮ ਡਿਊਟੀ ਘੱਟ ਲਗਾਉਣਾ | 3.10 | 76 |
| **ਅੰਤਿਕਾਵਾਂ** | | 79 |
| **ਸੰਖੇਪਕ ਸ਼ਬਦਾਂ ਦੀ ਸ਼ਬਦਾਵਲੀ** | | 87 |

# ਭੂਮਿਕਾ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ 31 ਮਾਰਚ 2024 ਨੂੰ ਸਮਾਪਤ ਹੋਏ ਸਾਲ ਲਈ ਪਾਲਣਾ ਲੇਖਾ ਪ੍ਰੀਖਿਆ 'ਤੇ ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਇਸ ਰਿਪੋਰਟ ਵਿੱਚ ਦਰਸਾਏ ਗਏ ਦ੍ਰਿਸ਼ਟਾਂਤ ਉਹ ਹਨ ਜਿਹੜੇ ਕਿ 2024-25 ਦੇ ਸਮੇਂ ਦੌਰਾਨ ਕੀਤੀ ਗਈ ਨਮੂਨਾ ਲੇਖਾ ਪ੍ਰੀਖਿਆ ਵੇਲੇ ਧਿਆਨ ਵਿੱਚ ਆਏ ਇਸਦੇ ਨਾਲ-ਨਾਲ ਉਹ ਜਿਹੜੇ ਕਿ ਪਹਿਲੇ ਸਾਲਾਂ ਦੌਰਾਨ ਧਿਆਨ ਵਿੱਚ ਆਏ ਸਨ, ਪ੍ਰੰਤੂ ਪਿਛਲੇ ਸਾਲਾਂ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕੇ।

ਇਹ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਕੀਤੇ ਗਏ ਲੇਖਾ ਪ੍ਰੀਖਿਆ ਮਿਆਰਾਂ ਦੀ ਅਨਕੂਲਤਾ ਵਿੱਚ ਸੰਚਾਲਤ ਕੀਤੀ ਗਈ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਿਕ ਮੰਨਿਆ ਜਾਵੇ ਜੀ।**

# ਝਲਕ

## ਝਲਕ

ਇਸ ਰਿਪੋਰਟ ਵਿੱਚ 'ਪੰਜਾਬ ਵਿੱਚ ਖੇਤਰੀ ਟਰਾਂਸਪੋਰਟ ਦਫਤਰਾਂ ਦਾ ਕੰਮਕਾਜ' ਵਾਲੀ ਲੇਖਾ ਪ੍ਰੀਖਿਆ ਅਤੇ ₹ 81.62 ਕਰੋੜ[1] ਦੇ ਮੁੱਲ ਵਾਲੇ ਕਰ ਰੈਵੀਨਿਊ ਵਿਭਾਗਾਂ ਦੇ ਅਧੀਨ ਪਾਲਣਾ ਮੁੱਦਿਆਂ ਨਾਲ ਸਬੰਧਤ 10 ਟਿੱਪਣੀਆਂ ਸ਼ਾਮਲ ਹਨ।

## ਅਧਿਆਇ-I: ਜਨਰਲ

ਸਾਲ 2023-24 ਲਈ ਰਾਜ ਸਰਕਾਰ ਦੀਆਂ ਕੁੱਲ ਪ੍ਰਾਪਤੀਆਂ ₹ 89,192.07 ਕਰੋੜ ਸਨ। ਸਰਕਾਰ ਨੇ ₹ 54,485.79 ਕਰੋੜ ਇਕੱਠੇ ਕੀਤੇ ਹਨ ਜਿਸ ਵਿੱਚ ₹ 47,252.16 ਕਰੋੜ ਦਾ ਕਰ ਰੈਵੀਨਿਊ ਅਤੇ ₹ 7,233.63 ਕਰੋੜ ਦਾ ਗੈਰ-ਕਰ ਰੈਵੀਨਿਊ ਸ਼ਾਮਲ ਹੈ। ਰਾਜ ਸਰਕਾਰ ਨੂੰ ਵੰਡਣਯੋਗ ਕੇਂਦਰੀ ਕਰਾਂ ਵਿੱਚ ਰਾਜ ਦੇ ਹਿੱਸੇ ਵਜੋਂ ₹ 20,409.92 ਕਰੋੜ ਅਤੇ ਭਾਰਤ ਸਰਕਾਰ ਤੋਂ ₹ 14,296.36 ਕਰੋੜ ਸਹਾਇਤਾ ਗ੍ਰਾਂਟਾਂ ਵਜੋਂ ਪ੍ਰਾਪਤ ਹੋਏ ਹਨ।

ਰੈਵੀਨਿਊ ਪ੍ਰਾਪਤੀਆਂ ਦੇ ਪੰਜ ਸਾਲਾਂ ਦੇ ਰੁਝਾਨ ਤੋਂ ਪਤਾ ਲੱਗਦਾ ਹੈ ਕਿ ਕੁੱਲ ਪ੍ਰਾਪਤੀਆਂ ਵਿੱਚ ਰਾਜ ਦੇ ਆਪਣੇ ਰੈਵੀਨਿਊ ਦਾ ਹਿੱਸਾ 2019-20 ਵਿੱਚ 59.52 *ਪ੍ਰਤੀਸ਼ਤ* ਤੋਂ ਵੱਧ ਕੇ 2023-24 ਵਿੱਚ 61.09 *ਪ੍ਰਤੀਸ਼ਤ* ਹੋ ਗਿਆ ਹੈ। ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀ ਨਿਰੋਲ ਆਮਦਨ ਦਾ ਹਿੱਸਾ ਵੀ 2019-20 ਵਿੱਚ 16.80 *ਪ੍ਰਤੀਸ਼ਤ* ਤੋਂ ਵੱਧ ਕੇ 2023-24 ਵਿੱਚ 22.88 *ਪ੍ਰਤੀਸ਼ਤ* ਹੋ ਗਿਆ, ਜਦੋਂ ਕਿ ਸਹਾਇਤਾ ਗ੍ਰਾਂਟਾਂ 2019-20 ਵਿੱਚ 23.68 *ਪ੍ਰਤੀਸ਼ਤ* ਤੋਂ ਘੱਟ ਕੇ 2023-24 ਵਿੱਚ 16.03 *ਪ੍ਰਤੀਸ਼ਤ* ਰਹਿ ਗਈਆਂ। ਸਾਲ 2023-24 ਦੌਰਾਨ, ਰਾਜ ਸਰਕਾਰ ਨੇ ਕੁੱਲ ਰੈਵੀਨਿਊ ਪ੍ਰਾਪਤੀਆਂ (₹ 89,192.07 ਕਰੋੜ) ਦਾ 61.09 *ਪ੍ਰਤੀਸ਼ਤ* (₹ 54,485.79 ਕਰੋੜ) ਇਕੱਠਾ ਕੀਤਾ। ਪ੍ਰਾਪਤੀਆਂ ਦਾ ਬਾਕੀ 38.91 *ਪ੍ਰਤੀਸ਼ਤ* (₹ 34,706.28 ਕਰੋੜ) ਭਾਰਤ ਸਰਕਾਰ ਤੋਂ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਅਤੇ ਸਹਾਇਤਾ ਗ੍ਰਾਂਟਾਂ ਦੀ ਨਿਰੋਲ ਆਮਦਨ ਦੇ ਹਿੱਸੇ ਵਜੋਂ ਸੀ। ਕੁੱਲ ਮਿਲਾ ਕੇ, ਪਿਛਲੇ ਤਿੰਨ ਵਿੱਤੀ ਸਾਲਾਂ ਦੌਰਾਨ ਰਾਜ ਦੇ ਆਪਣੇ ਰੈਵੀਨਿਊ ਵਿੱਚ ਵਾਧਾ ਹੋਇਆ ਹੈ। ਸਾਲ 2023-24 ਦੌਰਾਨ, ਕਰ ਰੈਵੀਨਿਊ ਵਿੱਚ ਪਿਛਲੇ ਸਾਲ ਦੇ ਮੁਕਾਬਲੇ 11.86 *ਪ੍ਰਤੀਸ਼ਤ* ਅਤੇ ਗੈਰ-ਕਰ ਰੈਵੀਨਿਊ ਵਿੱਚ 16.07 *ਪ੍ਰਤੀਸ਼ਤ* ਦਾ ਵਾਧਾ ਹੋਇਆ ਹੈ, ਜੋ ਕੁੱਲ ਪ੍ਰਾਪਤੀਆਂ ਵਿੱਚ ਰਾਜ ਦੀਆਂ ਆਪਣੀਆਂ ਪ੍ਰਾਪਤੀਆਂ ਵਿੱਚ ਵਾਧਾ ਦਰਸਾਉਂਦਾ ਹੈ।

***(ਪੈਰ੍ਹਾ 1.2, ਪੰਨਾ 1)***

159 ਲੇਖਾਕਰਤਾ ਇਕਾਈਆਂ ਦੀ ਨਮੂਨਾ-ਜਾਂਚ ਨੇ 1,49,763 ਮਾਮਲਿਆਂ ਵਿੱਚ ₹ 149.29 ਕਰੋੜ ਦੇ ਕਰ ਰੈਵੀਨਿਊ ਨਾਲ ਸਬੰਧਤ ਘੱਟ ਮੁਲਾਂਕਣ, ਘੱਟ ਜਾਂ ਗੈਰ- ਕਰਾਂ ਅਤੇ ਡਿਊਟੀਆਂ ਨਾ ਲਗਾਉਣ ਦੇ ਮੁੱਦੇ ਸਾਹਮਣੇ ਲਿਆਂਦੇ। ਵਿਭਾਗਾਂ ਨੇ ਸਾਲ 2023-24 ਦੌਰਾਨ 2,404 ਮਾਮਲਿਆਂ ਵਿੱਚ ₹ 9.25 ਕਰੋੜ ਦੀ ਵਸੂਲੀ ਕੀਤੀ, ਜਿਨ੍ਹਾਂ ਨੂੰ 2023-24 ਤੋਂ ਪਹਿਲਾਂ ਕੀਤੀ ਗਈ ਲੇਖਾ ਪ੍ਰੀਖਿਆ ਵਿੱਚ ਦਰਸਾਇਆ ਗਿਆ ਸੀ।

***(ਪੈਰ੍ਹਾ 1.4, ਪੰਨਾ 11)***

[1] **ਅਧਿਆਇ-II**: ₹ 72.74 ਕਰੋੜ ਅਤੇ **ਅਧਿਆਇ-III**: ₹ 8.88 ਕਰੋੜ

ਕਰ ਰੈਵੀਨਿਊ ਵਿਭਾਗਾਂ ਵਿੱਚ, ਸਾਲ 2023-24 ਦੌਰਾਨ ਲੇਖਾ ਪ੍ਰੀਖਿਆ ਕੀਤੀਆਂ ਗਈਆਂ 159 ਲੇਖਾਕਰਤਾ ਇਕਾਈਆਂ ਦੇ ਮੁਕਾਬਲੇ ਵਿਭਾਗਾਂ ਦੇ ਮੁਖੀਆਂ ਨੂੰ 158 ਨਿਰੀਖਣ ਰਿਪੋਰਟਾਂ ਜਾਰੀ ਕੀਤੀਆਂ ਗਈਆਂ। ਜਿਨ੍ਹਾਂ ਵਿੱਚੋਂ, 156 ਨਿਰੀਖਣ ਰਿਪੋਰਟਾਂ ਦਾ ਜਵਾਬ ਚਾਰ ਹਫ਼ਤਿਆਂ ਦੇ ਨਿਰਧਾਰਤ ਸਮੇਂ ਵਿੱਚ ਨਹੀਂ ਮਿਲਿਆਂ। ਇਸ ਤੋਂ ਇਲਾਵਾ, ਮਾਰਚ 2024 ਤੱਕ ਦੇ ਸਾਲਾਂ ਲਈ ਜਾਰੀ ਨਿਰੀਖਣ ਰਿਪੋਰਟਾਂ ਨੇ ਦਰਸਾਇਆ ਹੈ ਕਿ ਜੂਨ 2024 ਦੇ ਅੰਤ ਤੱਕ 2,562 ਨਿਰੀਖਣ ਰਿਪੋਰਟਾਂ ਨਾਲ ਸਬੰਧਤ ₹ 4,436.04 ਕਰੋੜ ਦੀ 11,821 ਟਿੱਪਣੀਆਂ ਬਕਾਇਆ ਰਹੀਆਂ।

*(ਪੈਰ੍ਹਾ 1.5, ਪੰਨਾ 12)*

ਮਾਲੀਆ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗਾਂ ਅਤੇ ਆਬਕਾਰੀ ਅਤੇ ਕਰ ਵਿਭਾਗ ਨਾਲ ਲੇਖਾ ਪ੍ਰੀਖਿਆ ਕਮੇਟੀ ਦੀਆਂ ਸੱਤ ਮੀਟਿੰਗਾਂ ਹੋਈਆਂ ਜਿਸ ਵਿੱਚ ₹5.16 ਕਰੋੜ ਦੇ ਮੁੱਦਰਾ ਮੁਲ ਵਾਲੀਆਂ 215 ਟਿੱਪਣੀਆਂ ਦਾ ਨਿਪਟਾਰਾ ਕੀਤਾ ਗਿਆ ਸੀ।

*(ਪੈਰ੍ਹਾ 1.5.1, ਪੰਨਾ 13)*

## ਅਧਿਆਇ-II: ਪੰਜਾਬ ਵਿੱਚ ਰਿਜ਼ਨਲ ਟਰਾਂਸਪੋਰਟ ਦਫ਼ਤਰਾਂ ਦਾ ਕੰਮਕਾਜ

ਇਸ ਲੇਖਾ ਪ੍ਰੀਖਿਆ ਨੇ ਆਈ ਟੀ ਕਾਰੋਬਾਰੀ ਨਿਯਮਾਂ ਵਿੱਚ ਹੋਈਆਂ ਪ੍ਰਮਾਣਿਕਤਾ ਜਾਂਚਾਂ ਦੀ ਘਾਟ ਕਾਰਨ ਵਾਹਨ ਆਈ ਟੀ ਪ੍ਰਣਾਲੀ ਵਿੱਚ ਕਮੀਆਂ ਨੂੰ ਸਾਹਮਣੇ ਲਿਆਂਦਾ। ਇਹ ਦੇਖਿਆ ਗਿਆ ਕਿ ਵਾਹਨ ਪ੍ਰਣਾਲੀ ਵਿੱਚ ਸਹੀ ਪ੍ਰਮਾਣਿਕਤਾ ਜਾਂਚਾਂ ਦੀ ਸ਼ੁਰੂਆਤ ਨਾਲ ਮੋਟਰ ਵਹੀਕਲਜ਼ ਨਿਯਮਾਂ ਦੀ ਪਾਲਣਾ ਨਾ ਕਰਨ ਤੋਂ ਬਚਿਆ ਜਾ ਸਕਦਾ ਸੀ, ਜਿਵੇਂ ਕਿ ਡੁਪਲੀਕੇਟ ਵਹੀਕਲ ਚੈਸੀਜ਼ ਅਤੇ ਇੰਜਣ ਨੰਬਰਾਂ ਵਾਲੇ ਵਹੀਕਲ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨਾ, ਮੋਟਰ ਵਹੀਕਲ ਕਰ ਦੇ ਬਕਾਏ ਦਾ ਭੁਗਤਾਨ ਕੀਤੇ ਬਿਨ੍ਹਾਂ ਟਰਾਂਸਪੋਰਟ ਵਹੀਕਲਜ਼ ਲਈ ਫਿਟਨੈਸ ਦਾ ਸਰਟੀਫਿਕੈਟ ਜਾਰੀ ਕਰਨਾ, ਵਹੀਕਲ ਦੀ ਉਮਰ ਦੀ ਮਨਜ਼ੂਰਸ਼ੁਦਾ ਸਮਾਂ-ਸੀਮਾ ਤੋਂ ਵੱਧ ਟਰਾਂਸਪੋਰਟ ਵਹੀਕਲਜ਼ ਲਈ ਪਰਮਿਟ ਜਾਰੀ ਕਰਨਾ ਜਾਂ ਨਵਿਆਉਣਾ, ਫਿਟਨੈੱਸ ਦੇ ਵੈਧ ਸਰਟੀਫਿਕੇਟ ਤੋਂ ਬਿਨ੍ਹਾਂ ਟਰਾਂਸਪੋਰਟ ਵਹੀਕਲਜ਼ ਲਈ ਪਰਮਿਟ ਨਵਿਆਉਣਾ, ਮਨਪਸੰਦ ਰਜਿਸਟ੍ਰੇਸ਼ਨ ਨੰਬਰਾਂ 'ਤੇ ਘੱਟ ਫੀਸ ਲਗਾਉਣਾ ਅਤੇ ਭਾਰਤ-IV ਅਤੇ ਭਾਰਤ-VI ਵਹੀਕਲਜ਼ ਦੇ ਮਾਮਲੇ ਵਿੱਚ ਲਾਗੂ 12 ਮਹੀਨਿਆਂ ਦੀ ਬਜਾਏ ਛੇ ਮਹੀਨਿਆਂ ਲਈ ਪ੍ਰਦੂਸ਼ਣ ਕੰਟਰੋਲ ਅਧੀਨ ਸਰਟੀਫਿਕੇਟ ਜਾਰੀ ਕਰਨਾ।

ਇਸੇ ਤਰ੍ਹਾਂ, ਸਾਰਥੀ ਆਈ ਟੀ ਪ੍ਰਣਾਲੀ ਉਸ ਵਿਅਕਤੀ ਨੂੰ ਡਰਾਈਵਿੰਗ ਲਾਇਸੈਂਸ ਦੇਣ ਤੋਂ ਰੋਕਣ ਵਿੱਚ ਨਾਕਾਮ ਸੀ ਜਿਸ ਕੋਲ ਪਹਿਲਾਂ ਹੀ ਹੋਰ ਡਰਾਈਵਿੰਗ ਲਾਇਸੈਂਸ ਸੀ। ਇਨ੍ਹਾਂ ਮਾਮਲਿਆਂ 'ਤੇ ਸਰਕਾਰ ਅਤੇ ਵਿਭਾਗ ਨੂੰ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਵਾਹਨ ਅਤੇ ਸਾਰਥੀ ਪ੍ਰਣਾਲੀ ਨੂੰ ਮੋਟਰ ਵਹੀਕਲਜ਼ ਕਾਨੂੰਨਾਂ ਦੀਆਂ ਜ਼ਰੂਰਤਾਂ ਨੂੰ ਲਾਗੂ ਕਰਨ, ਕਾਫੀ ਮਜ਼ਬੂਤ ਬਣਾਉਣ ਲਈ ਸੁਧਾਰਾਤਮਕ ਉਪਾਅ ਕੀਤੇ ਜਾ ਸਕਣ।

ਉਪਰੋਕਤ ਤੋਂ ਇਲਾਵਾ, ਵਹੀਕਲਜ਼ ਦੇ ਮਾਲਕਾਂ ਦੁਆਰਾ ਪਾਲਣਾ ਨਾ ਕਰਨ ਦੇ ਮੁੱਦੇ ਵੇਖੇ ਗਏ ਸਨ। ਇਹਨਾਂ ਮਾਮਲਿਆਂ ਵਿੱਚ ਅਸਥਾਈ ਰਜਿਸਟ੍ਰੇਸ਼ਨ ਦਾ ਸਮਾਂ-ਸੀਮਾ ਖਤਮ ਹੋਣ ਤੋਂ ਬਾਅਦ ਵਹੀਕਲ ਮਾਲਕਾਂ ਦੁਆਰਾ ਸਥਾਈ ਰਜਿਸਟ੍ਰੇਸ਼ਨ ਪ੍ਰਾਪਤ ਨਾ ਕਰਨਾ, ਟਰਾਂਸਪੋਰਟ ਵਹੀਕਲਜ਼ ਲਈ ਫਿਟਨੈੱਸ ਸਰਟੀਫਿਕਟ ਨਾ ਨਵਿਆਉਣਾ, ਨਵੇਂ ਰਜਿਸਟਰਡ ਟਰਾਂਸਪੋਰਟ ਵਹੀਕਲਜ਼ ਦੇ ਮਾਮਲੇ

ਵਿੱਚ ਪਰਮਿਟ ਲਈ ਅਰਜ਼ੀ ਨਾ ਦੇਣਾ ਅਤੇ ਪਰਮਿਟਾਂ ਦਾ ਨਾ ਨਵਿਆਉਣਾ ਸ਼ਾਮਲ ਹਨ। ਇਨ੍ਹਾਂ ਮਾਮਲਿਆਂ ਤੇ ਵਹੀਕਲਜ਼ ਦੇ ਮਾਲਕਾਂ ਨੂੰ ਮੋਟਰ ਵਹੀਕਲ ਨਿਯਮਾਂ ਦੀ ਪਾਲਣਾ ਕਰਨ ਲਈ ਵਿਭਾਗ ਵੱਲੋਂ ਸਰਗਰਮ ਕਾਰਵਾਈ ਦੀ ਲੋੜ ਹੈ।

ਲੇਖਾ ਪ੍ਰੀਖਿਆ ਵਿੱਚ ਵਿਭਾਗ ਦੀਆਂ ਅਕੁਸ਼ਲਤਾਵਾਂ ਅਤੇ ਭੁੱਲਾਂ ਵੀ ਦੇਖੀਆਂ ਗਈਆਂ। ਇਨ੍ਹਾਂ ਮਾਮਲਿਆਂ ਵਿੱਚ ਵਹੀਕਲ ਰਜਿਸਟ੍ਰੇਸ਼ਨ ਜਾਰੀ ਕਰਨ ਵਿੱਚ ਦੇਰੀ, ਡਰਾਈਵਰ ਅਤੇ ਕੰਡਕਟਰ ਲਾਇਸੈਂਸਾਂ ਦੀ ਪ੍ਰਕਿਰਿਆ ਵਿੱਚ ਵਿਸੰਗਤੀਆਂ, ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕਾਂ ਵਿੱਚ ਕਮੀਆਂ, ਮੋਟਰ ਵਹੀਕਲ ਡੀਲਰਾਂ ਅਤੇ ਡਰਾਈਵਿੰਗ ਸਕੂਲਾਂ ਦੀ ਨਿਗਰਾਨੀ ਨਾ ਕਰਨਾ ਸ਼ਾਮਲ ਹਨ। ਇਸ ਤੋਂ ਇਲਾਵਾ, ਟਰਾਂਸਪੋਰਟ ਵਿਭਾਗ ਨਾਲ ਸਬੰਧਤ ਮਾਮਲਿਆਂ ਲਈ ਜਾਰੀ ਅਧਿਸੂਚਨਾਵਾਂ ਵਿੱਚ ਕਮੀਆਂ ਦੇ ਨਾਲ-ਨਾਲ ਆਫਿਸ਼ਿਅਲ ਈ-ਗਜ਼ਟ ਵਿੱਚ ਅਜਿਹੀਆਂ ਅਧਿਸੂਚਨਾਵਾਂ ਦੇ ਪ੍ਰਕਾਸ਼ਨ ਵਿੱਚ ਬੇਹੱਦ ਦੇਰੀ ਵੀ ਹੋਈ ਸੀ।

ਕੁੱਝ ਮੁੱਖ ਲੱਭਤਾਂ ਹੇਠਾਂ ਦਿੱਤੀਆਂ ਗਈਆਂ ਹਨ:

ਰਿਜ਼ਨਲ ਟਰਾਂਸਪੋਰਟ ਦਫਤਰਾਂ (ਆਰ ਟੀ ਓਜ਼) ਜਲੰਧਰ, ਪਠਾਨਕੋਟ, ਪਟਿਆਲਾ ਅਤੇ ਰੋਪੜ ਅਤੇ ਰਾਜ ਟਰਾਂਸਪੋਰਟ ਅਥਾਰਟੀ ਵਿੱਚ 24,622 ਨਵੇਂ ਵਹੀਕਲਜ਼ ਵਿਰੁੱਧ ਰਜਿਸਟ੍ਰੇਸ਼ਨ ਨੂੰ ਫੀਸ/ਕਰ ਦੇ ਭੁਗਤਾਨ ਦੀ ਮਿਤੀ ਤੋਂ 21 ਕੰਮਕਾਜੀ ਦਿਨਾਂ ਦੀ ਨਿਰਧਾਰਤ ਸਮਾਂ-ਸੀਮਾ ਤੋਂ ਬਾਅਦ ਦੀ ਦੇਰੀ ਨਾਲ ਮਨਜ਼ੂਰੀ ਦਿੱਤੀ ਗਈ ਸੀ। ਇਸ ਤੋਂ ਇਲਾਵਾ, ਇਨ੍ਹਾਂ ਆਰ ਟੀ ਓਜ਼ ਅਤੇ ਰਾਜ ਟਰਾਂਸਪੋਰਟ ਅਥਾਰਟੀ ਵਿੱਚ 3,089 ਵਹੀਕਲਜ਼ ਦੀ ਰਜਿਸਟ੍ਰੇਸ਼ਨਾਂ ਅਜੇ ਵੀ ਪ੍ਰਵਾਨਗੀ ਲਈ ਲੰਬਿਤ ਸਨ।

*(ਪੈਰ੍ਹਾ 2.7.1.5, ਪੰਨਾ 25)*

ਆਰ ਟੀ ਓਜ਼ ਜਲੰਧਰ ਅਤੇ ਪਟਿਆਲਾ ਵਿੱਚ ਸਟੇਜ ਕੈਰਿਜ ਪਰਮਿਟ ਵਾਹਨ ਪ੍ਰਣਾਲੀ ਦੀ ਬਜਾਏ ਮੈਨੂਅਲੀ ਜਾਰੀ ਕੀਤੇ ਜਾ ਰਹੇ ਸਨ। ਮੈਨੂਅਲ ਪ੍ਰਕਿਰਿਆ ਕਾਰਜਾਂ ਨੂੰ ਸੁਚਾਰੂ ਬਣਾਉਣ ਅਤੇ ਸੇਵਾ ਪ੍ਰਦਾਨ ਕਰਨ ਵਿੱਚ ਸੁਧਾਰ ਕਰਨ ਵਿੱਚ ਡਿਜੀਟਲਾਈਜ਼ੇਸ਼ਨ ਦੇ ਲਾਭਾਂ ਨੂੰ ਕਮਜ਼ੋਰ ਕਰਦੀ ਹੈ।

*(ਪੈਰ੍ਹਾ 2.7.1.10, ਪੰਨਾ 35)*

ਪੰਜਾਬ ਰਾਜ ਵਿੱਚ ਕਿਸੇ ਵੀ ਸੰਸਥਾ ਨੂੰ ਡੇਨਜ਼ਰੱਸ ਜਾਂ ਹੈਜ਼ਾਰਡੱਸ ਕਿਸਮ ਦੀਆਂ ਵਸਤਾਂ ਦੀ ਢੋਆ-ਢੁਆਈ ਕਰਨ ਵਾਲੀ ਮਾਲ ਗੱਡੀ ਚਲਾਉਣ ਲਈ ਲਾਇਸੈਂਸ ਲੈਣ ਦੇ ਇੱਛੁਕ ਬਿਨੈਕਾਰਾਂ ਨੂੰ ਸਿਖਲਾਈ ਦੇਣ ਲਈ ਅਧਿਕਾਰਤ ਨਹੀਂ ਕੀਤਾ ਗਿਆ ਸੀ।

*(ਪੈਰ੍ਹਾ 2.7.2.9, ਪੰਨਾ 44)*

ਆਰ ਟੀ ਓਜ਼ ਜਲੰਧਰ, ਪਠਾਨਕੋਟ, ਪਟਿਆਲਾ ਅਤੇ ਰੋਪੜ ਵਿੱਚ ਚਾਰ ਆਟੋਮੇਟਿਡ ਟਰੈਕਾਂ ਦੇ ਸਾਂਝੇ ਨਿਰੀਖਣ ਦੌਰਾਨ, ਕਈ ਮਾਮਲੇ ਸਾਹਮਣੇ ਆਏ ਜੋ ਡਰਾਈਵਿੰਗ ਟੈਸਟਾਂ ਦੀ ਕੁਸ਼ਲਤਾ ਅਤੇ ਸ਼ੁੱਧਤਾ ਤੇ ਮਾੜਾ ਪ੍ਰਭਾਵ ਪਾ ਸਕਦੇ ਹਨ। ਮੁੱਖ ਸਮੱਸਿਆਵਾਂ ਵਿੱਚ ਵਹੀਕਲ ਦੀਆਂ ਗਤੀਵਿਧੀਆਂ ਨੂੰ ਆਪਣੇ ਆਪ ਟਰੈਕ ਕਰਨ ਅਤੇ ਡਰਾਈਵਰਾਂ ਦੀ ਪਛਾਣ ਕਰਨ ਲਈ ਰੇਡੀਓ ਫ੍ਰੀਕੁਐਂਸੀ ਆਈਡੈਂਟੀਫਿਕੇਸ਼ਨ ਰੀਡਰਾਂ ਦੀ ਅਣਹੋਂਦ, ਬਿਨੈਕਾਰਾਂ ਦੀ ਪਛਾਣ ਦੀ ਪੁਸ਼ਟੀ ਕਰਨ ਲਈ ਚਿਹਰੇ

ਦੀ ਪਛਾਣ ਕਰਨ ਵਾਲੇ ਕੈਮਰਿਆਂ ਦੀ ਅਣਹੋਂਣ, ਅਤੇ ਬਿਨੈਕਾਰਾਂ ਲਈ ਵੀਡਿਓ ਮਾਰਗਦਰਸ਼ਨ ਦੀ ਘਾਟ ਸ਼ਾਮਲ ਸੀ। ਇਸ ਤੋਂ ਇਲਾਵਾ, ਟਰੈਕ ਸਤਿਹ 'ਤੇ ਨਿਸ਼ਾਨ ਫਿੱਕੇ ਪੈ ਗਏ ਸਨ ਅਤੇ ਸਫਾਈ ਦੀ ਘਾਟ ਸੀ। ਆਰ ਟੀ ਓਜ਼ ਪਠਾਨਕੋਟ ਅਤੇ ਪਟਿਆਲਾ ਵਿਖੇ ਕੀਤੇ ਗਏ ਟੈਸਟਾਂ ਦੀ ਨਿਗਰਾਨੀ ਮੋਟਰ ਵਹੀਕਲਜ਼ ਇੰਸਪੈਕਟਰਾਂ ਦੁਆਰਾ ਨਹੀਂ ਕੀਤੀ ਗਈ ਸੀ। ਆਰ ਟੀ ਓਜ਼ ਜਲੰਧਰ, ਪਠਾਨਕੋਟ ਅਤੇ ਪਟਿਆਲਾ ਵਿਖੇ ਆਟੋਮੇਟਿਡ ਟਰੈਕਾਂ ਨੂੰ ਵੀ ਨੁਕਸਾਨ ਪਹੁੰਚਿਆ ਸੀ ਅਤੇ ਸਤਿਹ 'ਤੇ ਜੰਗਲੀ ਬੂਟੀ ਉੱਗ ਗਈ ਸੀ।

*(ਪੈਰ੍ਹਾ 2.7.2.10, ਪੰਨਾ 45)*

ਆਰ ਟੀ ਓਜ਼ ਜਲੰਧਰ, ਪਠਾਨਕੋਟ, ਪਟਿਆਲਾ ਅਤੇ ਰੋਪੜ ਅਤੇ ਰਾਜ ਟਰਾਂਸਪੋਰਟ ਅਥਾਰਟੀ ਵਿੱਚ ਵੱਖ-ਵੱਖ ਸ਼੍ਰੇਣੀਆਂ ਦੇ 221 ਵਹੀਕਲਜ਼/ਆਪਰੇਟਰਾਂ ਤੋਂ ₹ 55.99 ਕਰੋੜ ਦਾ ਮੋਟਰ ਵਹੀਕਲ ਕਰ ਵਸੂਲਿਆ ਨਹੀਂ ਗਿਆ ਕਿਉਂਕਿ ₹ 165.79 ਕਰੋੜ ਦੇ ਦੇਣਯੋਗ ਕਰ ਦੇ ਮੁਕਾਬਲੇ ਸਿਰਫ ₹ 109.80 ਕਰੋੜ ਦਾ ਕਰ ਇਕਤੱਰ ਕੀਤਾ ਗਿਆ ਸੀ।

*(ਪੈਰ੍ਹਾ 2.7.3.1, ਪੰਨਾ 47)*

ਆਰ ਟੀ ਓ ਪਟਿਆਲਾ ਵਿੱਚ, ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਨੇ ਸਟੇਜ ਕੈਰਿਜ ਬੱਸਾਂ ਲਈ ₹ 89.07 ਕਰੋੜ ਦਾ ਮੋਟਰ ਵਹੀਕਲ ਕਰ ਸੱਤ ਤੋਂ 1,013 ਦਿਨਾਂ ਦੇ ਵਿਚਕਾਰ ਦੀ ਦੇਰੀ ਨਾਲ ਭੁਗਤਾਨ ਕੀਤਾ। ਹਾਲਾਂਕਿ, ਮੋਟਰ ਵਹੀਕਲ ਕਰ ਦੇ ਦੇਰੀ ਨਾਲ ਭੁਗਤਾਨ ਦੇ ਕਾਰਨ ₹ 16.63 ਕਰੋੜ ਦਾ ਵਿਆਜ ਆਰ ਟੀ ਓ ਦੁਆਰਾ ਵਸੂਲਿਆ ਨਹੀਂ ਗਿਆ।

*(ਪੈਰ੍ਹਾ 2.7.3.3, ਪੰਨਾ 50)*

***ਸਿਫਾਰਸ਼ਾਂ: ਵਿਭਾਗ ਹੇਠ ਲਿਖਿਆਂ ਨੂੰ ਯਕੀਨੀ ਬਣਾ ਸਕਦਾ ਹੈ:***

i) ਵਾਹਨ ਪ੍ਰਣਾਲੀ ਵਿੱਚ ਮੋਟਰ ਵਹੀਕਲ ਨਿਯਮਾਂ ਦੀਆਂ ਜ਼ਰੂਰਤਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਤਾਂ ਜੋ ਵਹੀਕਲ ਦੀ ਉਮਰ ਦੀ ਪ੍ਰਵਾਨਿਤ ਮਿਆਦ ਤੋਂ ਬਾਅਦ ਟਰਾਂਸਪੋਰਟ ਵਹੀਕਲਜ਼ ਨੂੰ ਪਰਮਿਟ ਦੇਣਾ, ਫਿਟਨੈਸ ਦੇ ਵੈਧ ਸਰਟੀਫਿਕੇਟ ਤੋਂ ਬਿਨ੍ਹਾਂ ਟਰਾਂਸਪੋਰਟ ਵਹੀਕਲਜ਼ ਦੇ ਪਰਮਿਟ ਦਾ ਨਵੀਆਉਣਾਂ ਅਤੇ ਪਸੰਦ ਦੇ ਰਜਿਸਟ੍ਰੇਸ਼ਨ ਨੰਬਰਾਂ ਦੇ ਮਾਮਲੇ ਵਿੱਚ ਬਿਨੈਕਾਰਾਂ ਦੁਆਰਾ ਘੱਟ ਫੀਸ ਦੇ ਭੁਗਤਾਨ ਨੂੰ ਰੋਕਣ ਲਈ ਪ੍ਰਮਾਣਿਕਤਾ ਜਾਂਚਾਂ ਦੀ ਸ਼ੁਰੂਆਤ ਕਰਕੇ ਸ਼ਾਮਲ ਕੀਤਾ ਜਾ ਸਕਦਾ ਹੈ।

ii) ਚੰਗੀ ਸੇਵਾ ਪ੍ਰਦਾਨ ਕਰਨ ਲਈ ਵਹੀਕਲ ਰਜਿਸਟ੍ਰੇਸ਼ਨਾਂ ਅਤੇ ਡਰਾਈਵਰ ਲਾਇਸੈਂਸਾਂ ਦੀ ਪ੍ਰਕਿਰਿਆ ਨਿਰਧਾਰਤ ਸਮਾਂ-ਸੀਮਾਂ ਵਿੱਚ ਪੂਰੀ ਕੀਤੀ ਜਾ ਸਕਦੀ ਹੈ।

iii) ਈ-ਰਿਕਸ਼ਾ, ਈ-ਕਾਰਟ ਡੇਨਜ਼ਰੱਸ ਜਾਂ ਹੈਜ਼ਾਰਡੱਸ ਵਸਤਾਂ ਦੀ ਢੋਆ-ਢੁਆਈ ਦੇ ਡਰਾਈਵਰ ਲਾਇਸੈਂਸਾਂ ਲਈ ਲੋੜੀਂਦੇ ਟ੍ਰੇਨਿੰਗ ਸਰਟੀਫਿਕੇਟ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ।

iv) ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕਾਂ ਨੂੰ ਕੁਸ਼ਲਤਾ ਅਤੇ ਪਾਰਦਰਸ਼ੀ ਤਰੀਕੇ ਨਾਲ ਡਰਾਈਵਿੰਗ ਟੈਸਟ ਕਰਵਾਉਣ ਲਈ ਲੋੜੀਂਦੀਆਂ ਤਕਨਾਲੋਜੀਆਂ ਨਾਲ ਲੈਸ ਕੀਤਾ ਜਾ ਸਕਦਾ ਹੈ।

*(ਪੈਰ੍ਹਾ 2.1 ਤੋਂ 2.9, ਪੰਨਾ 17)*

## ਅਧਿਆਇ-III: ਪਾਲਣਾ ਲੇਖਾ ਪ੍ਰੀਖਿਆ ਟਿੱਪਣੀਆਂ
## (ਕਰ-ਰੈਵੀਨਿਊ ਵਿਭਾਗ)

ਰਾਜ ਕਰ ਦੇ ਚਾਰ ਸਹਾਇਕ ਕਮਿਸ਼ਨਰਾਂ ਦੀ ਅਗਵਾਈ ਹੇਠ ਨਿਰਧਾਰਣ ਅਥਾਰਟੀਆਂ ਨੇ ਕਨੂੰਨੀ ਘੋਸ਼ਣਾਵਾਂ ਜਮ੍ਹਾਂ ਨਾ ਕਰਵਾਉਣ ਕਾਰਨ ਛੇ ਨਿਰਧਾਰਣ ਮਾਮਲਿਆਂ ਵਿੱਚ ₹ 5.50 ਕਰੋੜ ਦੇ ਵਾਧੂ ਕਰ ਦੀ ਮੰਗ ਕੀਤੀ ਪਰ ₹ 2.16 ਕਰੋੜ ਦਾ ਵਿਆਜ ਨਹੀ ਲਗਾਇਆ ।

*(ਪੈਰ੍ਹਾ 3.1, ਪੰਨਾ 62)*

ਨਿਰਧਾਰਣ ਅਥਾਰਟੀ ਨੇ ਇੱਕ ਮਾਮਲੇ ਵਿੱਚ ਨਿਰਧਾਰਣ ਆਦੇਸ਼ ਵਿੱਚ ਗਲਤ ਗਣਨਾ ਦੇ ਕਾਰਨ ₹ 0.17 ਕਰੋੜ ਦੇ ਆਊਟਪੁੱਟ ਕਰ ਦਾ ਘੱਟ ਨਿਰਧਾਰਣ ਕੀਤਾ।

*(ਪੈਰ੍ਹਾ 3.2, ਪੰਨਾ 64)*

ਨਿਰਧਾਰਣ ਅਥਾਰਟੀ ਨੇ 'ਸੀ ' ਫਾਰਮਾਂ ਦੇ ਅਸਲੀ ਹੋਣ ਨੂੰ ਯਕੀਨੀ ਬਣਾਏ ਬਿਨਾਂ ਇਕ ਨਿਰਧਾਰਣ ਮਾਮਲੇ ਵਿੱਚ ₹ 0.14 ਕਰੋੜ ਦੇ ਕੇਂਦਰੀ ਵਿਕਰੀ ਕਰ ਦੀ ਰਿਆਇਤ ਦੀ ਮਨਜ਼ੂਰੀ ਦਿੱਤੀ।

*(ਪੈਰ੍ਹਾ 3.3, ਪੰਨਾ 65)*

ਨਿਰਧਾਰਣ ਅਥਾਰਟੀ ਨੇ ਠੇਕਾਦਾਤਾ ਦੁਆਰਾ ਸਰੋਤ 'ਤੇ ਕੱਟੇ ਗਏ ਕਰ ਨੂੰ ਦੇਰੀ ਨਾਲ ਜਮ੍ਹਾਂ ਕਰਨ 'ਤੇ ₹ 0.14 ਕਰੋੜ ਦਾ ਵਿਆਜ ਨਹੀਂ ਲਗਾਇਆ।

*(ਪੈਰ੍ਹਾ 3.4, ਪੰਨਾ 66)*

ਨੌਂ ਉਪ-ਰਜਿਸਟਰਾਰਾਂ/ਸੰਯੁਕਤ ਉਪ-ਰਜਿਸਟਰਾਰਾਂ ਨੇ ਜਾਇਦਾਦਾਂ ਦੇ ਗਲਤ ਵਰਗੀਕਰਣ ਕਾਰਨ 29 ਮਾਮਲਿਆਂ ਵਿੱਚ ₹ 3.39 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਹੋਰ ਲਾਗੂ ਫ਼ੀਸਾਂ ਘੱਟ ਲਗਾਈ।

*(ਪੈਰ੍ਹਾ 3.5, ਪੰਨਾ 68)*

ਉਪ-ਰਜਿਸਟਰਾਰ, ਖਰੜ ਅਤੇ ਸੰਯੁਕਤ ਉਪ-ਰਜਿਸਟਰਾਰ, ਮਾਜਰੀ ਨੇ ਉਨ੍ਹਾਂ ਇਕਰਾਰਨਾਮਿਆਂ ਤੇ ₹ 0.93 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਫ਼ੀਸ ਘੱਟ ਲਗਾਈ, ਜਿਸ ਵਿੱਚ ਜਾਇਦਾਦਾਂ ਦੇ ਮਾਲਕਾਂ ਨੇ ਡਵੈਲਪਰਾਂ ਜਾਂ ਉਨ੍ਹਾਂ ਦੇ ਨਾਮਜ਼ਦ ਵਿਅਕਤੀਆਂ ਦੇ ਹੱਕ ਵਿੱਚ ਕਨਵੇਅੰਸ ਡੀਡ ਰਜਿਸਟਰ ਕਰਨ ਲਈ ਆਪਣੇ ਆਪ ਨੂੰ ਬੰਨ੍ਹਿਆ ਅਤੇ ਸਹਿਮਤ ਵਾਲੇ ਨਕਦੀ ਅਤੇ ਵਿਕਸਤ ਪਲਾਟਾਂ ਦੇ ਬਦਲੇ ਡਿਵੈਲਪਰਾਂ ਨੂੰ ਜਾਇਦਾਦਾਂ ਦਾ ਭੌਤਿਕ ਕਬਜ਼ਾ ਦਿੱਤਾ।

*(ਪੈਰ੍ਹਾ 3.6, ਪੰਨਾ 70)*

ਸੰਯੁਕਤ ਉਪ-ਰਜਿਸਟਰਾਰ, ਜ਼ੀਕਰਪੁਰ ਨੇ ਤਿੰਨ ਮਾਮਲਿਆਂ ਵਿੱਚ ਜਾਇਦਾਦਾਂ ਦਾ ਮੁੱਲ ਘੱਟ ਲਗਾਇਆ ਅਤੇ ₹ 0.44 ਕਰੋੜ ਦੀ ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਰਜਿਸਟ੍ਰੇਸ਼ਨ ਫ਼ੀਸ, ਬੁਨਿਆਦੀ ਢਾਂਚਾ ਵਿਕਾਸ ਫ਼ੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ ਘੱਟ ਲਗਾਈ।

*(ਪੈਰ੍ਹਾ 3.7, ਪੰਨਾ 72)*

ਦੋ ਉਪ-ਰਜਿਸਟਰਾਰਾਂ ਨੇ ਛੋਟ ਅਧਿਸੂਚਨਾਵਾਂ ਵਿੱਚ ਅਸਪਸ਼ਟਤਾ ਦੇ ਕਾਰਨ ਜਾਇਦਾਦਾਂ ਦੇ ਟਰਾਂਸਫਰਾਂ ਦੇ 10 ਮਾਮਲਿਆਂ ਵਿੱਚ ਹਿੰਦੂ ਅਣਵੰਡੇ ਪਰਿਵਾਰਾਂ ਨੂੰ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫ਼ੀਸ ਅਤੇ ਸਮਾਜਿਕ ਬੁਨਿਆਦੀ ਢਾਂਚਾ ਸੈੱਸ ਦੇ ਰੂਪ ਵਿੱਚ ₹ 0.14 ਕਰੋੜ ਦੀ ਛੋਟ ਦਿੱਤੀ।

*(ਪੈਰ੍ਹਾ 3.8, ਪੰਨਾ 73)*

ਸੰਯੁਕਤ ਉਪ-ਰਜਿਸਟਰਾਰ, ਕੂਮ ਕਲਾਂ ਨੇ ਲੀਜ਼ ਦੇ ਇੱਕ ਵਿਲੇਖ ਤੇ ₹ 0.12 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਘੱਟ ਲਗਾਈ।

*(ਪੈਰ੍ਹਾ 3.9, ਪੰਨਾ 74)*

ਸੰਯੁਕਤ ਉਪ-ਰਜਿਸਟਰਾਰ, ਮਾਜਰੀ ਨੇ ਅਚਲ ਜਾਇਦਾਦ ਦੀ ਵਿਕਰੀ ਲਈ ਡਿਵੈਲਪਰ ਨੂੰ ਕੰਨਸੀਡ੍ਰੇਸ਼ਨ ਦੇ ਬਦਲੇ ਪਾਵਰ ਆਫ ਅਟਾਰਨੀ ਤੇ ₹ 1.25 ਕਰੋੜ ਦੀ ਅਸ਼ਟਾਮ ਡਿਊਟੀ ਘੱਟ ਲਗਾਈ।

*(ਪੈਰ੍ਹਾ 3.10, ਪੰਨਾ 76)*

# ਅਧਿਆਇ - I

# ਜਨਰਲ

# ਅਧਿਆਇ-I

## ਜਨਰਲ

### 1.1 ਜਾਣ-ਪਛਾਣ

ਇਸ ਰਿਪੋਰਟ ਵਿੱਚ ਰਾਜ ਸਰਕਾਰ ਦੇ ਰੈਵੀਨਿਊ ਵਿਭਾਗਾਂ ਦੀ ਪਾਲਣਾ ਲੇਖਾ ਪ੍ਰੀਖਿਆ ਤੋਂ ਉੱਭਰੇ ਮਾਮਲੇ ਸ਼ਾਮਲ ਹਨ। ਇਸ ਰਿਪੋਰਟ ਦਾ ਮੁਢਲਾ ਮੰਤਵ ਲੇਖਾ ਪ੍ਰੀਖਿਆ ਦੇ ਮਹੱਤਵਪੂਰਣ ਨਤੀਜਿਆਂ ਨੂੰ ਵਿਧਾਨਪਾਲਿਕਾ ਦੇ ਧਿਆਨ ਵਿੱਚ ਲਿਆਉਣਾ ਹੈ। ਲੇਖਾ ਪ੍ਰੀਖਿਆ ਦੀਆਂ ਲੱਭਤਾਂ ਤੋਂ ਆਸ ਹੈ ਕਿ ਇਹ ਕਾਰਜਪਾਲਿਕਾ ਨੂੰ ਸੋਧਮਈ ਕਾਰਵਾਈ ਕਰਨ ਅਤੇ ਅਜਿਹੀਆਂ ਨੀਤੀਆਂ ਅਤੇ ਨਿਰਦੇਸ਼ ਬਣਾਉਣ ਦੇ ਸਮਰੱਥ ਬਣਾਉਣਗੀਆਂ ਜਿਸ ਨਾਲ ਇਨ੍ਹਾਂ ਵਿਭਾਗਾਂ ਦੇ ਵਿੱਤੀ ਪ੍ਰਬੰਧਨ ਵਿੱਚ ਸੁਧਾਰ ਹੋਵੇਗਾ ਅਤੇ ਇਸ ਤਰਾਂ ਬਿਹਤਰ ਸ਼ਾਸਨ ਪ੍ਰਬੰਧ ਵਿੱਚ ਯੋਗਦਾਨ ਹੋਵੇਗਾ।

ਇਸ ਰਿਪੋਰਟ ਨੂੰ ਹੇਠ ਲਿਖੇ ਤਿੰਨ ਅਧਿਆਇਆਂ ਵਿੱਚ ਸੰਗਠਿਤ ਕੀਤਾ ਗਿਆ ਹੈ:

- **ਅਧਿਆਇ-I** ਵਿੱਚ ਰਾਜ ਦੀ ਰੂਪ ਰੇਖਾ ਦੇ ਨਾਲ-ਨਾਲ ਪੰਜਾਬ ਸਰਕਾਰ ਦੁਆਰਾ 2023-24 ਦੌਰਾਨ ਜੁਟਾਈ ਗਈ ਕਰ ਅਤੇ ਗੈਰ-ਕਰ ਰੈਵੀਨਿਊ, ਰਾਜਾਂ ਨੂੰ ਸੌਂਪੇ ਗਏ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀ ਨਿਰੋਲ ਪ੍ਰਾਪਤੀ ਵਿੱਚ ਰਾਜ ਦਾ ਹਿੱਸਾ ਅਤੇ ਭਾਰਤ ਸਰਕਾਰ ਤੋਂ ਪ੍ਰਾਪਤ ਸਹਾਇਤਾ ਗ੍ਰਾਂਟਾਂ ਦੇ ਵੇਰਵੇ, ਲੇਖਾ ਪ੍ਰੀਖਿਆ ਦਾ ਅਧਿਕਾਰ, ਲੇਖਾ ਪ੍ਰੀਖਿਆ ਦਾ ਅਧਿਕਾਰ ਖੇਤਰ, ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ, ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ ਲਈ ਨਿਰੀਖਣ ਰਿਪੋਰਟਾਂ ਨਾਮਕ ਵੱਖ-ਵੱਖ ਲੇਖਾ ਪ੍ਰੀਖਿਆ ਉਤਪਾਦਾਂ ਵੱਲ ਸਰਕਾਰ ਦੇ ਹੁੰਗਾਰੇ ਦੇ ਵੇਰਵੇ ਸ਼ਾਮਲ ਹਨ।
- **ਅਧਿਆਇ-II** ਵਿੱਚ 'ਪੰਜਾਬ ਵਿੱਚ ਖੇਤਰੀ ਟਰਾਂਸਪੋਰਟ ਦਫਤਰਾਂ ਦੇ ਕੰਮਕਾਜ' ਉੱਤੇ ਨਿਰੀਖਣ ਸ਼ਾਮਲ ਹਨ।
- **ਅਧਿਆਇ-III** ਵਿੱਚ ਰੈਵੀਨਿਊ ਕਰ ਵਿਭਾਗਾਂ ਦੀ ਪਾਲਣਾ ਲੇਖਾ ਪ੍ਰੀਖਿਆ ਨਾਲ ਸਬੰਧਤ ਵੱਖ-ਵੱਖ ਟਿੱਪਣੀਆਂ ਸ਼ਾਮਲ ਹਨ।

### 1.2 ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ

1.2.1 ਪੰਜਾਬ ਸਰਕਾਰ ਦੁਆਰਾ ਸਾਲ 2023-24 ਦੌਰਾਨ ਜੁਟਾਏ ਗਏ ਕਰ ਅਤੇ ਗੈਰ-ਕਰ ਰੈਵੀਨਿਊ, ਰਾਜਾਂ ਨੂੰ ਸੌਂਪਿਆ ਗਿਆ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀਆਂ ਨਿਰੋਲ ਪ੍ਰਾਪਤੀਆਂ ਵਿੱਚ ਰਾਜ ਦਾ ਹਿੱਸਾ ਅਤੇ ਭਾਰਤ ਸਰਕਾਰ ਤੋਂ ਪ੍ਰਾਪਤ ਸਹਾਇਤਾ ਗ੍ਰਾਂਟਾਂ ਅਤੇ ਇਨ੍ਹਾਂ ਦੇ ਪਿਛਲੇ ਚਾਰ ਸਾਲਾਂ ਦੇ ਅੰਕੜੇ **ਸਾਰਣੀ** 1.1 ਅਤੇ ਗ੍ਰਾਫਿਕਲ ਪੇਸ਼ਕਾਰੀ **ਚਾਰਟ** 1.1 ਵਿੱਚ ਦਰਸਾਏ ਗਏ ਹਨ।


## ਸਾਰਣੀ 1.1: ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ

*(₹ ਕਰੋੜ ਵਿੱਚ)*

| ਲੜੀ ਨੰ. | ਵੇਰਵੇ | 2019-20 | 2020-21 | 2021-22 | 2022-23 | 2023-24 |
|---|---|---|---|---|---|---|
| **1.** | **ਰਾਜ ਸਰਕਾਰ ਦੁਆਰਾ ਜੁਟਾਇਆ ਗਿਆ ਰੈਵੀਨਿਊ** | | | | | |
| | ਕਰ ਰੈਵੀਨਿਊ | 29,994.79 | 30,052.83 | 37,326.86 | 42,243.17 | 47,252.16 |
| | ਗੈਰ-ਕਰ ਰੈਵੀਨਿਊ | 6,654.08 | 4,152.13 | 4,783.77 | 6,231.94 | 7,233.63 |
| | **ਜੋੜ** | **36,648.87** | **34,204.96** | **42,110.63** | **48,475.11** | **54,485.79** |
| **2.** | **ਭਾਰਤ ਸਰਕਾਰ ਤੋਂ ਪ੍ਰਾਪਤੀਆਂ** | | | | | |
| | ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀਆਂ ਨਿਰੋਲ ਪ੍ਰਾਪਤੀਆਂ ਵਿੱਚ ਹਿੱਸਾ | 10,345.85 | 10,638.21 | 15,288.79 | 17,163.65 | 20,409.92 |
| | ਸਹਾਇਤਾ ਗ੍ਰਾਂਟਾਂ | 14,580.03 | 24,205.01 | 20,768.89 | 21,976.84 | 14,296.36 |
| | **ਜੋੜ** | **24,925.88** | **34,843.22** | **36,057.68** | **39,140.49** | **34,706.28** |
| **3.** | ਰਾਜ ਸਰਕਾਰ ਦੀਆਂ ਕੁੱਲ ਰੈਵੀਨਿਊ ਪ੍ਰਾਪਤੀਆਂ *(1 ਅਤੇ 2)* | **61,574.75** | **69,048.18** | **78,168.31** | **87,615.60** | **89,192.07** |
| **1 ਤੋਂ 3 ਦੀ ਪ੍ਰਤੀਸ਼ਤਤਾ** | | **59.52** | **49.54** | **53.87** | **55.33** | **61.09** |

*ਸ੍ਰੋਤ: ਵਿੱਤ ਲੇਖੇ*

## ਚਾਰਟ 1.1: ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ




ਸ੍ਰੋਤ: ਵਿੱਤ ਲੇਖੇ

ਰੈਵੀਨਿਊ ਪ੍ਰਾਪਤੀਆਂ ਦਾ ਪੰਜ ਸਾਲਾਂ ਰੁਝਾਨ ਦਰਸਾਉਂਦਾ ਹੈ ਕਿ ਕੁੱਲ ਪ੍ਰਾਪਤੀਆਂ ਵਿੱਚ ਰਾਜ ਦੇ ਆਪਣੇ ਰੈਵੀਨਿਊ ਦਾ ਹਿੱਸਾ 2019-20 ਵਿੱਚ 59.52 *ਪ੍ਰਤੀਸ਼ਤ* ਤੋਂ ਵਧ ਕੇ 2023-24 ਵਿੱਚ 61.09 *ਪ੍ਰਤੀਸ਼ਤ* ਹੋ ਗਿਆ। ਜਦੋਂ ਕਿ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀ ਨਿਰੋਲ ਪ੍ਰਾਪਤੀ ਵੀ 2019-20 ਵਿੱਚ 16.80 *ਪ੍ਰਤੀਸ਼ਤ* ਤੋਂ ਵਧ ਕੇ 2023-24 ਵਿੱਚ 22.88 *ਪ੍ਰਤੀਸ਼ਤ* ਹੋ ਗਈ, ਸਹਾਇਤਾ ਗ੍ਰਾਂਟਾਂ 2019-20 ਵਿੱਚ 23.68 *ਪ੍ਰਤੀਸ਼ਤ* ਤੋਂ ਘਟ ਕੇ 2023-24 ਵਿੱਚ 16.03 *ਪ੍ਰਤੀਸ਼ਤ* ਹੋ ਗਈਆਂ।

ਸਾਲ 2023-24 ਦੌਰਾਨ, ਰਾਜ ਸਰਕਾਰ ਨੇ ਕੁੱਲ ਰੈਵੀਨਿਊ ਪ੍ਰਾਪਤੀਆਂ (₹ 89,192.07 ਕਰੋੜ) ਦਾ 61.09 *ਪ੍ਰਤੀਸ਼ਤ* (₹ 54,485.79 ਕਰੋੜ) ਜੁਟਾਇਆ। ਪ੍ਰਾਪਤੀਆਂ ਦਾ ਬਾਕੀ 38.91 *ਪ੍ਰਤੀਸ਼ਤ* (₹ 34,706.28 ਕਰੋੜ) ਭਾਰਤ ਸਰਕਾਰ ਵੱਲੋਂ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀ ਨਿਰੋਲ ਪ੍ਰਾਪਤੀ ਦੇ ਹਿੱਸੇ ਅਤੇ ਸਹਾਇਤਾ ਗ੍ਰਾਂਟਾਂ ਵਜੋਂ ਸੀ। ਪਿਛਲੇ ਤਿੰਨ ਵਿੱਤੀ ਸਾਲਾਂ ਦੌਰਾਨ ਸਮੁੱਚੇ ਤੌਰ ਤੇ ਰਾਜ ਦਾ ਆਪਣਾ ਰੈਵੀਨਿਊ ਵਧ ਗਿਆ ਹੈ। ਸਾਲ 2023-24 ਦੌਰਾਨ, ਸਹਾਇਤਾ ਗ੍ਰਾਂਟਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ 34.95 *ਪ੍ਰਤੀਸ਼ਤ* ਦੀ ਕਮੀ ਆਈ ਹੈ। ਇਸ ਸਮੇਂ 'ਤੇ ਪਿਛਲੇ ਸਾਲ ਦੇ ਮੁਕਾਬਲੇ ਕਰ ਰੈਵੀਨਿਊ ਵਿੱਚ 11.86 *ਪ੍ਰਤੀਸ਼ਤ* ਅਤੇ ਗੈਰ-ਕਰ ਰੈਵੀਨਿਊ ਵਿੱਚ 16.07 *ਪ੍ਰਤੀਸ਼ਤ* ਦਾ ਵਾਧਾ ਹੋਇਆ ਹੈ, ਜੋ ਕੁੱਲ ਪ੍ਰਾਪਤੀਆਂ ਵਿੱਚ ਰਾਜ ਦੀਆਂ ਆਪਣੀਆਂ ਪ੍ਰਾਪਤੀਆਂ ਵਿੱਚ ਵਾਧੇ ਨੂੰ ਦਰਸਾਉਂਦਾ ਹੈ।

**1.2.2** ਸਾਲ 2019-20 ਤੋਂ 2023-24 ਦੇ ਸਮੇਂ ਦੌਰਾਨ ਜੁਟਾਏ ਗਏ ਕਰ ਰੈਵੀਨਿਊ ਦੇ ਵੇਰਵੇ ਅਤੇ ਰੁਝਾਨ **ਸਾਰਣੀ** 1.2 ਵਿੱਚ ਅਤੇ ਗ੍ਰਾਫਿਕਲ ਪੇਸ਼ਕਾਰੀ **ਚਾਰਟ** 1.2 ਵਿੱਚ ਦਰਸਾਏ ਗਏ ਹਨ।

**ਸਾਰਣੀ 1.2: ਕਰ ਰੈਵੀਨਿਊ ਦੇ ਵੇਰਵੇ**


*(₹ ਕਰੋੜ ਵਿੱਚ)*

| ਲੜੀ ਨੰ. | ਰੈਵੀਨਿਊ ਦੀ ਮੱਦ | 2019-20 ਰੈਵੀਨਿਊ (ਜੋੜ ਦਾ ਪ੍ਰਤੀਸ਼ਤ) | 2020-21 ਰੈਵੀਨਿਊ (ਜੋੜ ਦਾ ਪ੍ਰਤੀਸ਼ਤ) | 2021-22 ਰੈਵੀਨਿਊ (ਜੋੜ ਦਾ ਪ੍ਰਤੀਸ਼ਤ) | 2022-23 ਰੈਵੀਨਿਊ (ਜੋੜ ਦਾ ਪ੍ਰਤੀਸ਼ਤ) | 2023-24 ਰੈਵੀਨਿਊ (ਜੋੜ ਦਾ ਪ੍ਰਤੀਸ਼ਤ) | 2022-23 ਨਾਲੋਂ 2023-24 ਦੌਰਾਨ ਅਸਲ ਦੇ ਵਧਣ (+) ਜਾਂ ਘਟਣ (–) ਦੀ ਪ੍ਰਤੀਸ਼ਤਤਾ |
|---|---|---|---|---|---|---|---|
| 1. | ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ) | 12,751.20 *(42.51)* | 11,818.93 *(39.33)* | 15,541.59 *(41.64)* | 18,127.84 *(42.91)* | 20,924.98 *(44.28)* | (+) 15.43 |
| | ਵਿਕਰੀਆਂ, ਵਪਾਰ ਆਦਿ 'ਤੇ ਕਰ | 5,222.58 *(17.41)* | 5,372.02 *(17.87)* | 6,869.31 *(18.40)* | 5,636.87 *(13.34)* | *6,500.54* *(13.76)* | (+) 15.32 |
| 2. | ਰਾਜ ਆਬਕਾਰੀ | 4,865.01 *(16.22)* | 6,164.32 *(20.51)* | 6,157.28 *(16.50)* | 8,437.18 *(19.97)* | 9,232.81 *(19.54)* | (+) 9.43 |
| 3. | ਅਸ਼ਟਾਮ ਅਤੇ ਰਜਿਸਟ੍ਰੇਸ਼ਨ ਫੀਸ | 2,258.07 *(7.53)* | 2,470.33 *(8.22)* | 3,308.35 *(8.86)* | 4,226.54 *(10.01)* | 4,359.03 *(9.22)* | (+) 3.13 |
| 4. | ਬਿਜਲੀ ਉੱਤੇ ਕਰ ਅਤੇ ਡਿਊਟੀਆਂ | 2,696.56 *(8.99)* | 2,541.84 *(8.46)* | 2,851.63 *(7.64)* | 2,887.64 *(6.84)* | 3,032.61 *(6.42)* | (+) 5.02 |
| 5. | ਵਾਹਨਾਂ ਉੱਤੇ ਕਰ | 1,994.32 *(6.65)* | 1,472.13 *(4.90)* | 2,358.96 *(6.32)* | 2,673.56 *(6.33)* | 2,937.59 *(6.22)* | (+) 9.88 |

| ਲੜੀ ਨੰ. | ਰੈਵੀਨਿਊ ਦੀ ਮੱਦ | 2019-20 ਰੈਵੀਨਿਊ (ਜੋੜ ਦਾ *ਪ੍ਰਤੀਸ਼ਤ*) | 2020-21 ਰੈਵੀਨਿਊ (ਜੋੜ ਦਾ *ਪ੍ਰਤੀਸ਼ਤ*) | 2021-22 ਰੈਵੀਨਿਊ (ਜੋੜ ਦਾ *ਪ੍ਰਤੀਸ਼ਤ*) | 2022-23 ਰੈਵੀਨਿਊ (ਜੋੜ ਦਾ *ਪ੍ਰਤੀਸ਼ਤ*) | 2023-24 ਰੈਵੀਨਿਊ (ਜੋੜ ਦਾ *ਪ੍ਰਤੀਸ਼ਤ*) | 2022-23 ਨਾਲੋਂ 2023-24 ਦੌਰਾਨ ਅਸਲ ਦੇ ਵਧਣ (+) ਜਾਂ ਘਟਣ (–) ਦੀ ਪ੍ਰਤੀਸ਼ਤਤਾ |
|---|---|---|---|---|---|---|---|
| 6. | ਹੋਰ[1] | 207.05 *(0.69)* | 213.26 *(0.71)* | 239.74 *(0.64)* | 253.54 *(0.60)* | 264.60 *(0.56)* | (+) 4.36 |
| **ਜੋੜ** | | **29,994.79** | **30,052.83** | **37,326.86** | **42,243.17** | **47,252.16** | **(+) 11.86** |

*ਸ੍ਰੋਤ: ਵਿੱਤ ਲੇਖੇ*

## ਚਾਰਟ 1.2: ਕਰ-ਰੈਵੀਨਿਊ ਦਾ ਰੁਝਾਨ




ਸ੍ਰੋਤ: ਵਿੱਤ ਲੇਖੇ

* 'ਭੌਂ-ਰੈਵੀਨਿਊ', 'ਵਸਤਾਂ ਅਤੇ ਸੇਵਾਵਾਂ 'ਤੇ ਹੋਰ ਕਰ ਅਤੇ ਡਿਊਟੀਆਂ', 'ਆਮਦਨ ਅਤੇ ਖਰਚੇ 'ਤੇ ਹੋਰ ਕਰ' ਅਤੇ 'ਵਸਤਾਂ ਅਤੇ ਯਾਤਰੀਆਂ 'ਤੇ ਕਰ' ਸ਼ਾਮਲ ਹਨ।

---

[1] 'ਹੋਰ' ਵਿੱਚੋਂ ਲੇਖਿਆਂ ਦੀਆਂ ਚਾਰ ਮੱਦਾਂ ਦੀਆਂ ਰੈਵੀਨਿਊ ਪ੍ਰਾਪਤੀਆਂ ਸ਼ਾਮਲ ਹਨ, ਜਿਨ੍ਹਾਂ ਅਧੀਨ ਪ੍ਰਾਪਤੀਆਂ ਕੁੱਲ ਕਰ ਰੈਵੀਨਿਊ ਪ੍ਰਾਪਤੀਆਂ ਦੇ ਇੱਕ *ਪ੍ਰਤੀਸ਼ਤ* ਤੋਂ ਵੀ ਘੱਟ ਹਨ। ਇਸ ਲਈ, ਇਨ੍ਹਾਂ ਮੱਦਾਂ ਦੀਆਂ ਰੈਵੀਨਿਊ ਪ੍ਰਾਪਤੀਆਂ ਨੂੰ 'ਹੋਰ' ਅਧੀਨ ਮਿਲਾ ਦਿੱਤਾ ਗਿਆ ਹੈ।

1. ਆਮਦਨ ਅਤੇ ਖਰਚੇ 'ਤੇ ਹੋਰ ਕਰ: 2023-24 ਦੌਰਾਨ ₹ 167.58 ਕਰੋੜ ਦੀਆਂ ਪ੍ਰਾਪਤੀਆਂ ਪਿਛਲੇ ਸਾਲ ਦੀ ₹ 158.22 ਕਰੋੜ ਦੀ ਪ੍ਰਾਪਤੀ ਨਾਲੋਂ 5.92 *ਪ੍ਰਤੀਸ਼ਤ* ਵੱਧ ਹਨ।
2. ਭੌਂ ਰੈਵੀਨਿਊ: ਸਾਲ 2023-24 ਦੌਰਾਨ ₹ 96.92 ਕਰੋੜ ਦੀਆਂ ਪ੍ਰਾਪਤੀਆਂ ਪਿਛਲੇ ਸਾਲ ਦੀ ₹ 92.94 ਕਰੋੜ ਦੀ ਪ੍ਰਾਪਤੀ ਨਾਲੋਂ 4.28 *ਪ੍ਰਤੀਸ਼ਤ* ਵੱਧ ਹਨ।
3. ਵਸਤਾਂ ਅਤੇ ਯਾਤਰੀਆਂ 'ਤੇ ਕਰ: 2023-24 ਦੌਰਾਨ ₹ 0.08 ਕਰੋੜ ਦੀਆਂ ਪ੍ਰਾਪਤੀਆਂ ਪਿਛਲੇ ਸਾਲ ਦੀ ₹ 0.0003 ਕਰੋੜ ਦੀ ਪ੍ਰਾਪਤੀ ਨਾਲੋਂ 26,567 *ਪ੍ਰਤੀਸ਼ਤ* ਵੱਧ ਹਨ।
4. ਵਸਤਾਂ ਅਤੇ ਸੇਵਾਵਾਂ 'ਤੇ ਹੋਰ ਕਰ ਅਤੇ ਡਿਊਟੀਆਂ: 2023-24 ਦੌਰਾਨ ₹ 0.02 ਕਰੋੜ ਦੀਆਂ ਪ੍ਰਾਪਤੀਆਂ ਪਿਛਲੇ ਸਾਲ ਦੀ ₹ 2.38 ਕਰੋੜ ਦੀ ਪ੍ਰਾਪਤੀ ਨਾਲੋਂ 99.16 *ਪ੍ਰਤੀਸ਼ਤ* ਘੱਟ ਹਨ।

ਇਹ ਦੇਖਿਆ ਗਿਆ ਹੈ ਕਿ ਕਰ ਰੈਵੀਨਿਊ ਦੇ ਮੁੱਖ ਅੰਸ਼ਦਾਤਾ 'ਰਾਜ ਵਸਤਾਂ ਅਤੇ ਸੇਵਾਵਾਂ ਕਰ' 'ਵਿਕਰੀਆਂ, ਵਪਾਰ, ਆਦਿ ਉੱਤੇ ਕਰ', ਅਤੇ 'ਰਾਜ ਆਬਕਾਰੀ' ਹਨ। ਸਾਲ 2023-24 ਦੌਰਾਨ, ਰੈਵੀਨਿਊ ਦੀਆਂ ਇਨ੍ਹਾਂ ਮੱਦਾਂ ਨੇ ਕੁੱਲ ਕਰ ਰੈਵੀਨਿਊ ਉਗਰਾਹੀ ਵਿੱਚ 77.58 *ਪ੍ਰਤੀਸ਼ਤ* ਦਾ ਯੋਗਦਾਨ ਪਾਇਆ। ਪਿਛਲੇ ਸਾਲ ਦੀ ਤੁਲਨਾ ਵਿੱਚ ਰੈਵੀਨਿਊ ਵਿੱਚ ਕ੍ਰਮਵਾਰ 15.43 *ਪ੍ਰਤੀਸ਼ਤ*, 15.32 *ਪ੍ਰਤੀਸ਼ਤ* ਅਤੇ 9.43 *ਪ੍ਰਤੀਸ਼ਤ* ਵਾਧਾ ਦਰਜ ਕੀਤਾ ਗਿਆ ਹੈ। 'ਅਸ਼ਟਾਮ ਅਤੇ ਰਜਿਸਟ੍ਰੇਸ਼ਨ ਫੀਸ', 'ਬਿਜਲੀ 'ਤੇ ਕਰ ਅਤੇ ਡਿਊਟੀਆਂ' ਅਤੇ 'ਵਾਹਨਾਂ 'ਤੇ ਕਰ' ਤੋਂ ਰੈਵੀਨਿਊ ਵਿੱਚ ਕ੍ਰਮਵਾਰ 3.13 *ਪ੍ਰਤੀਸ਼ਤ*, 5.02 *ਪ੍ਰਤੀਸ਼ਤ*, ਅਤੇ 9.88 *ਪ੍ਰਤੀਸ਼ਤ* ਦਾ ਵਾਧਾ ਹੋਇਆ।

ਜਿਵੇਂ ਕਿ ਸਬੰਧਤ ਵਿਭਾਗਾਂ ਦੁਆਰਾ ਦੱਸਿਆ ਗਿਆ ਅਤੇ ਲੇਖਿਆਂ ਦੇ ਵਿਸ਼ਲੇਸ਼ਣ ਅਨੁਸਾਰ ਰੈਵੀਨਿਊ ਪ੍ਰਾਪਤੀਆਂ ਵਿੱਚ ਵਧਣ ਦੇ ਕਾਰਨ ਹੇਠਾਂ ਦਿੱਤੇ ਗਏ ਹਨ।

**ਰਾਜ ਵਸਤਾਂ ਅਤੇ ਸੇਵਾਵਾਂ ਕਰ**: ਜਿਵੇਂ ਕਿ ਲੇਖਿਆਂ ਤੋਂ ਦੇਖਿਆ ਜਾ ਸਕਦਾ ਹੈ, ਪਿਛਲੇ ਸਾਲਾਂ ਦੇ ਮੁਕਾਬਲੇ ਰੈਵੀਨਿਊ ਵਿੱਚ ਵਾਧੇ (15.43 *ਪ੍ਰਤੀਸ਼ਤ*) ਦਾ ਇੱਕ ਕਾਰਨ ਏਕੀਕ੍ਰਿਤ ਵਸਤਾਂ ਅਤੇ ਸੇਵਾਵਾਂ ਕਰ (ਰਾਜ ਜੀ ਐਸ ਟੀ ਵਿੱਚ ਕਰ ਭਾਗ) ਦੀ ਵੰਡ ਵਿੱਚ ਵਾਧਾ ਸੀ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 2,360.82 ਕਰੋੜ ਦਾ ਵਾਧਾ ਹੋਇਆ ਸੀ। ਇਸ ਤੋਂ ਇਲਾਵਾ, ਵਿਭਾਗ ਨੇ (ਅਕਤੂਬਰ 2024) ਰੈਵੀਨਿਊ ਵਿੱਚ ਵਾਧੇ ਦੇ ਕਾਰਨਾਂ ਨੂੰ ਕਰ ਅਧਾਰ ਵਧਾਉਣਾ, ਉੱਚ ਮਹਿੰਗਾਈ, ਵਿਭਾਗ ਦੀਆਂ ਲਾਗੂ ਕਰਨ ਵਾਲੀ ਗਤੀਵਿਧੀਆਂ ਜਿਸ ਨਾਲ ਜਾਅਲੀ ਇਕਾਈਆਂ ਨੂੰ ਖਤਮ ਕੀਤਾ ਜਾ ਸਕੇ, ਕਰ ਇੰਟੈਲੀਜੈਂਸ ਯੂਨਿਟਾਂ ਤੋਂ ਮਿਲੀ ਜਾਣਕਾਰੀ ਦੇ ਅਧਾਰ ਤੇ ਕਰ ਇਕੱਠਾ ਕਰਨਾ ਅਤੇ *'ਬਿਲ ਲਿਆਓ ਇਨਾਮ ਪਾਓ'* ਨਾਮ ਦੀ ਪ੍ਰੇਰਣਾਦਾਇਕ ਯੋਜਨਾ ਨੂੰ ਦੱਸਿਆ ਗਿਆ ਹੈ।

**ਵਿਕਰੀਆਂ, ਵਪਾਰ, ਆਦਿ ਉੱਤੇ ਕਰ**: ਵਿਭਾਗ ਨੇ ਰੈਵੀਨਿਊ ਵਿੱਚ ਵਾਧੇ (15.32 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਇਸ ਮੱਦ ਅਧੀਨ ਪ੍ਰਾਪਤੀਆਂ ਵਿੱਚ ਵਾਧਾ ਮੁੱਖ ਤੌਰ ਤੇ ਪਿਛਲੇ ਸਾਲ ਦੇ ਮੁਕਾਬਲੇ ਕੇਂਦਰੀ ਵਿਕਰੀ ਕਰ ਦੀ ਪ੍ਰਾਪਤੀਆਂ ਵਿੱਚ ₹ 496.64 ਕਰੋੜ ਦੇ ਵਾਧੇ ਹੋਣ ਕਾਰਨ ਹੋਇਆ ਹੈ।

**ਰਾਜ ਆਬਕਾਰੀ** : ਵਿਭਾਗ ਨੇ ਰੈਵੀਨਿਊ ਵਿੱਚ ਵਾਧੇ (9.43 *ਪ੍ਰਤੀਸ਼ਤ*) ਦੇ ਕਾਰਨ ਨਵੀਂ ਵਾਧੂ ਲਾਇਸੈਂਸ ਫੀਸ ਲਗਾਉਣਾ, ਸ਼ਰਾਬ ਲਾਇਸੈਂਸ ਫੀਸ, ਪਰਮਿਟ ਫੀਸ ਅਤੇ ਡਿਸਟਿਲਰੀਆਂ, ਬਰੂਅਰੀਜ਼, ਬੋਟਲਿੰਗ ਪਲਾਂਟਾਂ ਦੀ ਲਾਇਸੈਂਸ ਫੀਸ ਵਿੱਚ ਵਾਧੇ ਨੂੰ ਦੱਸਿਆ (ਅਕਤੂਬਰ 2024)। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਕਿ ਰਾਜ ਆਬਕਾਰੀ ਅਧੀਨ ਕੁੱਲ ₹ 795.63 ਕਰੋੜ ਦਾ ਵਾਧਾ ਮੁੱਖ ਤੌਰ 'ਤੇ ਛੋਟੀ ਮੱਦ 'ਕੰਟਰੀ ਸਪਿਰਿਟਸ' ਅਤੇ 'ਹੋਰ ਪ੍ਰਾਪਤੀਆਂ' ਅਧੀਨ ਪ੍ਰਾਪਤੀਆਂ ਵਿੱਚ ਵਾਧੇ ਕਾਰਨ ਹੋਇਆ ਹੈ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਕ੍ਰਮਵਾਰ ₹ 588.29 ਕਰੋੜ ਅਤੇ ₹ 628.87 ਕਰੋੜ ਦਾ ਵਾਧਾ ਹੋਇਆ ਹੈ।

**ਅਸ਼ਟਾਮ ਅਤੇ ਰਜਿਸਟ੍ਰੇਸ਼ਨ ਫੀਸ** : ਵਿਭਾਗ ਨੇ ਰੈਵੀਨਿਊ ਵਿੱਚ ਵਾਧੇ (3.13 *ਪ੍ਰਤੀਸ਼ਤ*) ਦੇ ਕਾਰਨ ਕੁਲੈਕਟਰ ਦਰਾਂ ਅਤੇ ਡੀਡਜ਼ ਦੀ ਸੰਖਿਆ ਵਿੱਚ ਵਾਧੇ ਨੂੰ ਦੱਸਿਆ (ਅਕਤੂਬਰ 2024)।

**ਬਿਜਲੀ ਉੱਤੇ ਕਰ ਅਤੇ ਡਿਊਟੀਆਂ** : ਵਿਭਾਗ ਨੇ ਰੈਵੀਨਿਊ ਵਿੱਚ ਵਾਧੇ (5.02 *ਪ੍ਰਤੀਸ਼ਤ*) ਦੇ ਕਾਰਨ ਪਿਛਲੇ ਸਾਲ 2022-23 ਲਈ ਬਿਜਲੀ ਦੀ ਡਿਊਟੀ ਦੇ ਬਕਾਏ ਦੀ ਪ੍ਰਾਪਤੀ ਨੂੰ ਦੱਸਿਆ (ਅਕਤੂਬਰ 2024)।

**ਵਾਹਨਾਂ ਉੱਤੇ ਕਰ** : ਵਿਭਾਗ ਨੇ ਰੈਵੀਨਿਊ ਵਿੱਚ ਵਾਧੇ (9.88 *ਪ੍ਰਤੀਸ਼ਤ*) ਦੇ ਕਾਰਨ ਪਿਛਲੇ ਸਾਲ ਦੇ ਮੁਕਾਬਲੇ ਵਾਹਨਾਂ ਦੀ ਰਜਿਸਟ੍ਰੇਸ਼ਨ ਦੀ ਸੰਖਿਆ ਵਿੱਚ ਵਾਧੇ ਨੂੰ ਦੱਸਿਆ (ਅਕਤੂਬਰ 2024)।

**ਹੋਰ :** ਇਸ ਵਿੱਚ ਕਰ ਰੈਵੀਨਿਊ ਦੀਆਂ ਚਾਰ ਮੱਦਾ ਭਾਵ 'ਆਮਦਨ ਅਤੇ ਖਰਚੇ ਉੱਤੇ ਹੋਰ ਕਰ', 'ਭੌਂ ਰੈਵੀਨਿਊ', 'ਵਸਤਾਂ ਅਤੇ ਯਾਤਰੀਆਂ ਉੱਤੇ ਕਰ' ਅਤੇ 'ਵਸਤਾਂ ਅਤੇ ਸੇਵਾਂਵਾਂ ਉੱਤੇ ਹੋਰ ਕਰ ਅਤੇ ਡਿਊਟੀਆਂ' ਸ਼ਾਮਲ ਹਨ।

- ***ਭੌਂ-ਰੈਵੀਨਿਊ*** *:* ਵਿਭਾਗ ਨੇ ਰੈਵੀਨਿਊ ਵਿੱਚ ਵਾਧੇ (4.28 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਪ੍ਰਾਪਤੀਆਂ ਵਿੱਚ ਵਾਧਾ ਛੋਟੀ ਮੱਦ 'ਹੋਰ ਪ੍ਰਾਪਤੀਆਂ' ਅਧੀਨ ਵਧੇਰੇ ਪ੍ਰਾਪਤੀਆਂ ਕਾਰਨ ਹੋਇਆ ਸੀ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 4.08 ਕਰੋੜ ਦਾ ਵਾਧਾ ਹੋਇਆ ਹੈ।

- ***ਵਸਤਾਂ ਅਤੇ ਸੇਵਾਵਾਂ 'ਤੇ ਹੋਰ ਕਰ ਅਤੇ ਡਿਊਟੀਆਂ*** *:* ਵਿਭਾਗ ਨੇ ਰੈਵੀਨਿਊ ਵਿੱਚ ਕਮੀ (99.16 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਵਿੱਚ ਦੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 2.36 ਕਰੋੜ ਦੀ ਕਮੀ ਮੁੱਖ ਤੌਰ ਤੇ ਛੋਟੀ ਮੱਦ 'ਮੰਨੋਰੰਜਨ ਕਰ' ਅਧੀਨ ਪ੍ਰਾਪਤੀਆਂ ਵਿੱਚ ਕਮੀ ਦੇ ਕਾਰਨ ਸੀ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 2.30 ਕਰੋੜ ਦੀ ਕਮੀ ਆਈ ਹੈ।

- ***ਆਮਦਨ ਅਤੇ ਖਰਚ ਤੇ ਹੋਰ ਕਰ*** *:* ਵਿਭਾਗ ਨੇ ਰੈਵੀਨਿਊ ਵਿੱਚ ਵਾਧੇ (5.92 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਇਹ ਵਾਧਾ ਪਿਛਲੇ ਸਾਲ ਦੇ ਮੁਕਾਬਲੇ ਪੇਸ਼ੇਵਰ ਕਰ[2] ਦੀ ਵਧੇਰੇ ਪ੍ਰਾਪਤੀਆਂ ਕਾਰਨ ਹੋਇਆ ਸੀ।

- ***ਵਸਤਾਂ ਅਤੇ ਯਾਤਰੀਆਂ 'ਤੇ ਕਰ*** *:* ਵਿਭਾਗ ਨੇ ਰੈਵੀਨਿਊ ਵਿੱਚ ਵਾਧੇ ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 7.55 ਲੱਖ ਦਾ ਸਮੁੱਚਾ ਵਾਧਾ ਪਿਛਲੇ ਸਾਲ ਦੇ ਮੁਕਾਬਲੇ 'ਟੋਲਜ਼ ਆਨ ਰੋਡਜ਼' ਅਧੀਨ ਵਧੇਰੇ ਪ੍ਰਾਪਤੀਆਂ ਕਾਰਨ ਹੋਇਆ ਹੈ।

---

[2] ਹਰੇਕ ਉਹ ਵਿਅਕਤੀ ਜੋ ਆਮਦਨ ਕਰਦਾਤਾ ਹੈ ਅਤੇ ਕਿਸੇ ਵੀ ਪੇਸ਼ੇ, ਵਪਾਰ ਜਾਂ ਰੁਜ਼ਗਾਰ ਵਿੱਚ ਰੁੱਝਿਆ ਹੋਇਆ ਹੈ ਅਤੇ ਜਿਸਦੀ ਕਰਯੋਗ ਆਮਦਨ ਜ਼ੀਰੋ ਤੋਂ ਵੱਧ ਹੈ, ਪੰਜਾਬ ਰਾਜ ਵਿਕਾਸ ਕਰ ਐਕਟ 2018 ਦੇ ਅਧੀਨ ਕਰ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੈ।

1.2.3 ਸਾਲ 2019-20 ਤੋਂ 2023-24 ਦੇ ਸਮੇਂ ਦੌਰਾਨ ਇਕੱਠੇ ਕੀਤੇ ਗਏ ਗੈਰ-ਕਰ ਰੈਵੀਨਿਊ ਦੇ ਵੇਰਵੇ ਅਤੇ ਰੁਝਾਨ **ਸਾਰਣੀ** 1.3 ਵਿੱਚ ਅਤੇ ਗ੍ਰਾਫਿਕਲ ਪੇਸ਼ਕਾਰੀ **ਚਾਰਟ** 1.3 ਵਿੱਚ ਦਰਸਾਏ ਗਏ ਹਨ।

**ਸਾਰਣੀ 1.3: ਗੈਰ-ਕਰ ਰੈਵੀਨਿਊ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਰੈਵੀਨਿਊ ਦੀ ਮੱਦ | 2019-20 ਰੈਵੀਨਿਊ (ਜੋੜ ਦਾ *ਪ੍ਰਤੀਸ਼ਤ*) | 2020-21 ਰੈਵੀਨਿਊ (ਜੋੜ ਦਾ *ਪ੍ਰਤੀਸ਼ਤ*) | 2021-22 ਰੈਵੀਨਿਊ (ਜੋੜ ਦਾ *ਪ੍ਰਤੀਸ਼ਤ*) | 2022-23 ਰੈਵੀਨਿਊ (ਜੋੜ ਦਾ *ਪ੍ਰਤੀਸ਼ਤ*) | 2023-24 ਰੈਵੀਨਿਊ (ਜੋੜ ਦਾ *ਪ੍ਰਤੀਸ਼ਤ*) | 2022-23 ਨਾਲੋਂ 2023-24 ਦੌਰਾਨ ਅਸਲ ਦੇ ਵਧਣ (+) ਜਾਂ ਘਟਣ (-) ਦੀ ਪ੍ਰਤੀਸ਼ਤਤਾ |
|---|---|---|---|---|---|---|---|
| 1. | ਫੁਟਕਲ ਆਮ ਸੇਵਾਵਾਂ[3] | 2,743.87 *(41.24)* | 2,208.41 *(53.19)* | 2,375.91 *(49.67)* | 2,827.63 *(45.37)* | 4,059.96 *(56.13)* | + 43.58 |
| 2. | ਵਿਆਜ ਪ੍ਰਾਪਤੀਆਂ | 2,105.51 *(31.64)* | 144.38 *(3.48)* | 181.08 *(3.78)* | 242.76 *(3.90)* | 277.53 *(3.84)* | + 14.32 |
| 3. | ਹੋਰ ਪ੍ਰਸ਼ਾਸਨਿਕ ਸੇਵਾਵਾਂ [4] | 145.23 *(2.18)* | 233.92 *(5.63)* | 69.70 *(1.46)* | 116.65 *(1.87)* | 149.86 *(2.07)* | + 28.47 |
| 4. | ਪੁਲਿਸ | 60.93 *(0.92)* | 89.76 *(2.16)* | 142.34 *(2.98)* | 130.54 *(2.09)* | 105.94 *(1.46)* | - 18.84 |
| 5. | ਮੈਡੀਕਲ ਅਤੇ ਜਨ ਸਿਹਤ | 250.57 *(3.76)* | 287.61 *(6.93)* | 406.81 *(8.50)* | 396.33 *(6.36)* | 450.04 *(6.22)* | + 13.55 |
| 6. | ਸਿੰਜਾਈ [5] | 94.32 *(1.42)* | 94.35 *(2.27)* | 134.73 *(2.82)* | 135.94 *(2.18)* | 265.10 *(3.67)* | + 95.01 |
| 7. | ਗੈਰ-ਲੋਹ ਖਣਨ ਅਤੇ ਧਾਤੂ ਉਦਯੋਗ | 90.88 *(1.36)* | 120.56 *(2.90)* | 136.53 *(2.85)* | 248.80 *(3.99)* | 289.10 *(4.00)* | + 16.20 |
| 8. | ਲੋਕ ਨਿਰਮਾਣ | 21.71 *(0.33)* | 14.26 *(0.34)* | 11.34 *(0.24)* | 18.87 *(0.30)* | 10.29 *(0.14)* | - 45.47 |
| 9. | ਜੰਗਲਾਤ ਅਤੇ ਜੰਗਲੀ ਜੀਵ | 19.53 *(0.29)* | 30.88 *(0.75)* | 19.13 *(0.40)* | 186.66 *(3.00)* | 268.32 *(3.71)* | + 43.75 |
| 10. | ਸਹਿਕਾਰਤਾ | 7.09 *(0.11)* | 7.47 *(0.18)* | 6.57 *(0.14)* | 9.88 *(0.16)* | 8.02 *(0.11)* | - 18.83 |
| 11. | ਸਿੱਖਿਆ , ਖੇਡਾਂ, ਕਲਾ ਅਤੇ ਸੱਭਿਆਚਾਰ | 196.22 *(2.95)* | 137.70 *(3.32)* | 155.19 *(3.24)* | 326.94 *(5.25)* | 309.88 *(4.28)* | - 5.22 |
| 12. | ਹੋਰ[6] | 918.22 *(13.80)* | 782.83 *(18.85)* | 1,144.44 *(23.92)* | 1,590.94 *(25.53)* | 1,039.59 *(14.37)* | - 34.66 |
| **ਜੋੜ** | | **6,654.08** | **4,152.13** | **4,783.77** | **6,231.94** | **7,233.63** | **+ 16.07** |

*ਸ੍ਰੋਤ: ਵਿੱਤ ਲੇਖੇ*


3 ਇਸ ਮੱਦ ਵਿੱਚ 'ਵੰਡ ਤੋਂ ਪਹਿਲਾਂ ਦੀਆਂ ਪ੍ਰਾਪਤੀਆਂ' 'ਅਨਕਲੇਮਡ ਡਿਪਾਜ਼ਿਟਸ', 'ਰਾਜ ਲਾਟਰੀਆਂ', 'ਗਰੰਟੀ ਫੀਸ' ਅਤੇ 'ਹੋਰ ਪ੍ਰਾਪਤੀਆਂ' ਤੋਂ ਪ੍ਰਾਪਤੀਆਂ ਸ਼ਾਮਲ ਹਨ।

4 ਇਸ ਮੱਦ ਵਿੱਚ 'ਨਿਆਂ ਪ੍ਰਬੰਧ', 'ਚੋਣਾਂ' ਅਤੇ 'ਹੋਰ ਸੇਵਾਵਾਂ' (ਹੋਮ ਗਾਰਡਜ਼, ਮੈਰਿਜ ਫੀਸ, ਸਰਕਾਰੀ ਲੇਖਾ ਪ੍ਰੀਖਿਆ ਲਈ ਫੀਸ, ਗੈਸਟ ਹਾਊਸਾਂ ਤੋਂ ਪ੍ਰਾਪਤੀਆਂ, ਆਦਿ) ਤੋਂ ਪ੍ਰਾਪਤੀਆਂ ਸ਼ਾਮਲ ਹਨ।

5 ਇਸ ਮੱਦ ਵਿੱਚ ਮੁੱਖ ਸਿੰਜਾਈ, ਦਰਮਿਆਨੀ ਸਿੰਜਾਈ ਅਤੇ ਲਘੂ ਸਿੰਜਾਈ ਸ਼ਾਮਲ ਹੈ। ਮੁੱਖ ਸਿੰਜਾਈ, ਦਰਮਿਆਨੀ ਸਿੰਜਾਈ ਅਤੇ ਲਘੂ ਸਿੰਜਾਈ ਅਧੀਨ 2023-24 ਦੌਰਾਨ ਕ੍ਰਮਵਾਰ ₹ 231.53 ਕਰੋੜ, ₹ 30.00 ਕਰੋੜ ਅਤੇ ₹ 3.57 ਕਰੋੜ ਦੀ ਪ੍ਰਾਪਤੀ ਸੀ।

6 ਇਸ ਵਿੱਚ ਰੈਵੀਨਿਊ ਦੀਆਂ 30 ਮੱਦਾਂ ਹਨ, ਜੋ ਕਿ ਇਸ ਸਾਰਣੀ ਦੇ ਲੜੀ ਨੰ 1 ਤੋਂ 11 ਵਿੱਚ ਦਰਸਾਈਆਂ ਰੈਵੀਨਿਊ ਦੀਆਂ ਮੱਦਾਂ ਅਧੀਨ ਸ਼ਾਮਲ ਨਹੀਂ ਹਨ। 'ਹੋਰ' ਵਿੱਚ ਸ਼ਾਮਲ ਰੈਵੀਨਿਊ ਦੀਆਂ ਮੱਦਾਂ ਅਧੀਨ ਸਾਲ 2023-24 ਦੀਆਂ ਪ੍ਰਾਪਤੀਆਂ ਦੇ ਵੇਰਵੇ ਇਸ ਰਿਪੋਰਟ ਦੀ ਅੰਤਿਕਾ 1.1 ਵਿੱਚ ਉਪਲਬਧ ਹਨ।

## ਚਾਰਟ 1.3: ਗੈਰ-ਕਰ ਰੈਵੀਨਿਊ ਦਾ ਰੁਝਾਨ




* 'ਹੋਰ' ਵਿੱਚ ਰੈਵੀਨਿਊ ਦੀਆਂ 30 ਮੱਦਾਂ ਸ਼ਾਮਲ ਹਨ, ਜਿਨ੍ਹਾਂ ਦਾ ਵੇਰਵਾ ਇਸ ਰਿਪੋਰਟ ਦੀ ਅੰਤਿਕਾ 1.1 ਵਿੱਚ ਉਪਲਬਧ ਹੈ।

** 'ਸਿੰਜਾਈ' ਵਿੱਚ ਮੁੱਖ ਸਿੰਜਾਈ, ਦਰਮਿਆਨ ਸਿੰਜਾਈ ਅਤੇ ਲਘੂ ਸਿੰਜਾਈ ਸ਼ਾਮਲ ਹਨ।

*** 'ਫੁਟਕਲ ਆਮ ਸੇਵਾਵਾਂ' ਵਿੱਚ 'ਵੰਡ ਤੋਂ ਪਹਿਲਾਂ ਪ੍ਰਾਪਤੀਆਂ', 'ਅਨਕਲੇਮਡ ਡਿਪਾਜ਼ਿਟ', 'ਰਾਜ ਲਾਟਰੀਆਂ', 'ਗਾਰੰਟੀ ਫੀਸ' ਅਤੇ 'ਹੋਰ ਪ੍ਰਾਪਤੀਆਂ' ਸ਼ਾਮਲ ਹਨ।

ਸਾਲ 2023-24 ਵਿੱਚ ਸਮੁੱਚੀ ਗੈਰ-ਕਰ ਰੈਵੀਨਿਊ ਪਿਛਲੇ ਸਾਲ ਦੇ ਮੁਕਾਬਲੇ 16.07 *ਪ੍ਰਤੀਸ਼ਤ* ਵਧਿਆ ਹੈ। ਪਿਛਲੇ ਸਾਲ ਦੇ ਮੁਕਾਬਲੇ 'ਸਿੰਜਾਈ' (95.01 *ਪ੍ਰਤੀਸ਼ਤ*), 'ਜੰਗਲਾਤ ਅਤੇ ਜੰਗਲੀ ਜੀਵ' (43.75 *ਪ੍ਰਤੀਸ਼ਤ*), 'ਫੁਟਕਲ ਆਮ ਸੇਵਾਵਾਂ' (43.58 *ਪ੍ਰਤੀਸ਼ਤ*) ਅਤੇ 'ਹੋਰ ਪ੍ਰਸ਼ਾਸਕੀ ਸੇਵਾਵਾਂ' (28.47 *ਪ੍ਰਤੀਸ਼ਤ*) ਅਧੀਨ ਮਹੱਤਵਪੂਰਨ ਵਾਧਾ ਦੇਖਿਆ ਗਿਆ, ਜਦੋਂ ਕਿ ਲੋਕ ਨਿਰਮਾਣ ਅਤੇ 'ਪੁਲਿਸ' ਵਿੱਚ ਕ੍ਰਮਵਾਰ 45.47 *ਪ੍ਰਤੀਸ਼ਤ* ਅਤੇ 18.84 *ਪ੍ਰਤੀਸ਼ਤ* ਦੀ ਕਮੀ ਦਰਜ ਕੀਤੀ ਗਈ।

ਸਬੰਧਤ ਵਿਭਾਗਾਂ ਦੁਆਰਾ ਪ੍ਰਦਾਨ ਕੀਤੇ ਅਨੁਸਾਰ ਅਤੇ ਲੇਖਿਆਂ ਦੇ ਵਿਸ਼ਲੇਸ਼ਣ ਅਨੁਸਾਰ ਗੈਰ-ਕਰ ਰੈਵੀਨਿਊ ਪ੍ਰਾਪਤੀਆਂ ਵਿੱਚ ਭਿੰਨਤਾਵਾਂ ਦੇ ਕਾਰਨ ਹੇਠਾਂ ਦਿੱਤੇ ਗਏ ਹਨ।

**ਫੁੱਟਕਲ ਆਮ ਸੇਵਾਵਾਂ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (43.58 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਇਸ ਮੱਦ ਅਧੀਨ ₹ 1,232.33 ਕਰੋੜ ਦਾ ਸਮੁੱਚਾ ਵਾਧਾ ਮੁੱਖ ਤੌਰ 'ਤੇ ਛੋਟੀਆਂ ਮੱਦਾਂ ਅਧੀਨ 'ਹੋਰ ਪ੍ਰਾਪਤੀਆਂ' ਅਧੀਨ ਪ੍ਰਾਪਤੀਆਂ ਵਿੱਚ ਵਾਧੇ ਦੇ ਕਾਰਨ ਹੋਇਆ ਸੀ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 1,519.79 ਕਰੋੜ ਦਾ ਵਾਧਾ ਹੋਇਆ ਹੈ। ਇਸ ਉਪ ਮੱਦ ਪੱਧਰ ਤੇ, ਇਹ ਵਾਧਾ 'ਵਧੇਰੇ ਭੁਗਤਾਨਾਂ ਦੀ ਵਸੂਲੀ' ਅਤੇ 'ਫੁੱਟਕਲ ਪ੍ਰਾਪਤੀਆਂ' ਦੇ ਅਧੀਨ ਦੇਖਿਆ ਗਿਆ।

**ਵਿਆਜ ਪ੍ਰਾਪਤੀਆਂ**: ਵਿਭਾਗ ਨੇ ਵਿਆਜ ਪ੍ਰਾਪਤੀਆਂ ਵਿੱਚ ਵਾਧੇ (14.32 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 34.77 ਕਰੋੜ ਦਾ ਸਮੁੱਚਾ ਵਾਧਾ ਮੁੱਖ ਤੌਰ 'ਤੇ ਛੋਟੀ ਮੱਦ 'ਅਣਖਰਚੇ ਬਕਾਏ 'ਤੇ ਗ੍ਰਾਂਟੀ ਤੋਂ ਸੀ ਐਸ ਐਸ ਫੰਡਾਂ 'ਤੇ ਵਿਆਜ ਜਾਂ ਹੋਰ ਕਮਾਈ ਅਧੀਨ ਪ੍ਰਾਪਤੀਆਂ' ਦੇ ਕਾਰਨ ਸੀ, ਜਿਸ ਅਧੀਨ ਚਾਲੂ ਸਾਲ ਵਿੱਚ ₹ 47.66 ਕਰੋੜ ਦਾ ਵਿਆਜ ਪ੍ਰਾਪਤ ਹੋਇਆ ਸੀ, ਜਦੋਂ ਕਿ ਪਿਛਲੇ ਸਾਲ ਇਸ ਛੋਟੀ ਮੱਦ ਅਧੀਨ ਕੋਈ ਰਸੀਦ ਪ੍ਰਾਪਤੀ ਨਹੀਂ ਹੋਈ ਸੀ।

**ਹੋਰ ਪ੍ਰਸ਼ਾਸਨਿਕ ਸੇਵਾਵਾਂ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (28.47 *ਪ੍ਰਤੀਸ਼ਤ*) ਦੇ ਕਾਰਣ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 33.21 ਕਰੋੜ ਦਾ ਵਾਧਾ ਮੁੱਖ ਤੌਰ 'ਤੇ ਛੋਟੀਆਂ ਮੱਦਾਂ 'ਜੁਰਮਾਨੇ ਅਤੇ ਜ਼ਬਤ ਅਤੇ 'ਹੋਰ ਪ੍ਰਾਪਤੀਆਂ' ਅਧੀਨ ਵਾਧੇ ਦੇ ਕਾਰਨ ਹੋਇਆ ਹੈ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 30.12 ਕਰੋੜ[7] ਦਾ ਵਾਧਾ ਹੋਇਆ ਹੈ।

**ਪੁਲਿਸ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਕਮੀ (18.84 *ਪ੍ਰਤੀਸ਼ਤ*) ਦਾ ਕਾਰਣ ਪਿਛਲੇ ਸਾਲ ਮੁਕਾਬਲੇ ਹਥਿਆਰ ਲਾਇਸੈਂਸ ਫੀਸ ਅਤੇ ਹੋਰ ਪ੍ਰਾਪਤੀਆਂ ਦੀਆਂ ਘੱਟ ਪ੍ਰਾਪਤੀਆਂ ਨੂੰ ਦੱਸਿਆ (ਸਤੰਬਰ 2024)। ਇਸ ਤੋਂ ਇਲਾਵਾ, ਛੋਟੀ ਮੱਦ ਅਧੀਨ 'ਸਟੇਟ ਹੈਡਕੁਆਰਟਰ ਪੁਲਿਸ ਦੀਆਂ ਪ੍ਰਾਪਤੀਆਂ' ਅਧੀਨ ਘੱਟ ਪ੍ਰਾਪਤੀਆਂ ਸਨ ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ।

7 ਜੁਰਮਾਨੇ ਅਤੇ ਜ਼ਬਤੀ : ₹ 15.55 ਕਰੋੜ ਅਤੇ ਹੋਰ ਸੇਵਾਵਾਂ ਅਧੀਨ ਹੋਰ ਪ੍ਰਾਪਤੀਆਂ: ₹ 14.57 ਕਰੋੜ ।

**ਮੈਡੀਕਲ ਅਤੇ ਜਨਤਕ ਸਿਹਤ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (13.55 *ਪ੍ਰਤੀਸ਼ਤ*) ਦਾ ਕਾਰਨ ਈ ਐਸ ਆਈ ਕਾਰਪੋਰੇਸ਼ਨ, ਨਵੀ ਦਿੱਲੀ ਤੋਂ 2020-21 ਦੇ ਬਕਾਏ ਦੀ ਵਸੂਲੀ ਨੂੰ ਦੱਸਿਆ (ਨਵੰਬਰ 2024)। ਇਸ ਤੋਂ ਇਲਾਵਾ, ਸ਼ਹਿਰੀ ਸਿਹਤ ਸੇਵਾਵਾਂ ਵਿੱਚ ਛੋਟੀ ਮੱਦ ਵਿੱਚ 'ਹੋਰ ਪ੍ਰਾਪਤੀਆਂ' ਅਧੀਨ ਲੇਖਿਆਂ ਵਿੱਚ ਵੀ ਵਾਧਾ ਦੇਖਿਆ ਗਿਆ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 12.47 ਕਰੋੜ ਦਾ ਵਾਧਾ ਹੋਇਆ ਹੈ।

**ਸਿੰਜਾਈ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (95.01 *ਪ੍ਰਤੀਸ਼ਤ*) ਦਾ ਕਾਰਣ ਵੱਖ ਵੱਖ ਏਜੰਸੀਆਂ ਤੋਂ ਬਕਾਇਆ ਰਾਸ਼ੀ ਦੀ ਵਸੂਲੀ, ਉਦਯੋਗਿਕ ਉਦੇਸ਼ ਸਮੇਤ ਵੱਖ-ਵੱਖ ਸੈਕਟਰਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਵਿੱਚ ਵਾਧਾ ਅਤੇ ਅਪ੍ਰਚਲਿਤ ਸਮੱਗਰੀ ਦੀ ਵਿਕਰੀ ਨੂੰ ਦੱਸਿਆ (ਸਤੰਬਰ 2024)।

**ਗੈਰ-ਲੋਹ ਖਣਨ ਅਤੇ ਧਾਤੂ ਉਦਯੋਗ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (16.20 *ਪ੍ਰਤੀਸ਼ਤ*) ਦਾ ਕਾਰਨ ਮਾਈਨਿੰਗ ਸਾਈਟਾਂ ਦੇ ਵਧੇ ਹੋਏ ਸੰਚਾਲਨ ਅਤੇ ਵਿੰਜੀਲੈਂਸ ਗਤੀਵਿਧੀਆਂ ਨੂੰ ਦੱਸਿਆ ਜਿਸ ਨਾਲ ਗੈਰ-ਕਨੂੰਨੀ ਮਾਈਨਿੰਗ 'ਤੇ ਜੁਰਮਾਨਾ ਲਗਾਇਆ ਗਿਆ (ਸਤੰਬਰ 2024)।

**ਲੋਕ ਨਿਰਮਾਣ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਕਮੀ (45.47 *ਪ੍ਰਤੀਸ਼ਤ*) ਦਾ ਕਾਰਨ ਨਹੀਂ ਦੱਸਿਆ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 8.58 ਕਰੋੜ ਦੀ ਕਮੀ ਮੁੱਖ ਤੌਰ ਤੇ ਛੋਟੀਆਂ ਮੱਦਾਂ[8] 'ਹੋਰ ਪ੍ਰਾਪਤੀਆਂ' ਅਤੇ '*ਪ੍ਰਤੀਸ਼ਤ* ਖਰਚਿਆਂ ਦੀ ਵਸੂਲੀ' ਅਧੀਨ ਘੱਟ ਪ੍ਰਾਪਤੀਆਂ ਕਾਰਨ ਹੋਈ, ਜਿਸ ਅਧੀਨ ਪਿਛਲੇ ਸਾਲ ਦੇ ਮੁਕਾਬਲੇ ₹ 8.40 ਕਰੋੜ ਦੀਆਂ ਘੱਟ ਪ੍ਰਾਪਤੀਆਂ ਹੋਈਆਂ।

**ਜੰਗਲਾਤ ਅਤੇ ਜੰਗਲੀ ਜੀਵ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (43.75 *ਪ੍ਰਤੀਸ਼ਤ*) ਲਈ ਸਮਾਜਿਕ ਅਤੇ ਖੇਤੀ ਜੰਗਲਾਤ ਤੋਂ ਵਧੇਰੇ ਪ੍ਰਾਪਤੀਆਂ ਨੂੰ ਜ਼ਿੰਮੇਵਾਰ ਦੱਸਿਆ (ਸਤੰਬਰ 2024) ਪਰ ਲੇਖਿਆਂ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਦਰਸਾਇਆ ਕਿ ਸਮਾਜਿਕ ਅਤੇ ਖੇਤੀ ਜੰਗਲਾਤ ਤੋਂ ਵੱਧ ਪ੍ਰਾਪਤੀਆਂ ਪਿਛਲੇ ਸਾਲ ਦੇ ਮੁਕਾਬਲੇ ਘੱਟ ਸਨ। ਲੇਖਿਆਂ ਅਨੁਸਾਰ, ਇਸ ਮੱਦ ਅਧੀਨ ਕੁੱਲ ₹ 81.66 ਕਰੋੜ ਦਾ ਵਾਧਾ ਮੁੱਖ ਤੌਰ ਤੇ ਰਾਜ ਮੁਆਵਜ਼ਾ ਜੰਗਲਾਤ ਫੰਡ ਤੋਂ ਮੁਆਵਜ਼ੇ ਵਜੋਂ ਜੰਗਲਾਤ ਲਗਾਉਣ ਲਈ ਕੀਤੇ ਗਏ ਖਰਚੇ ਦੀ ਭਰਪਾਈ ਦੇ ਮੁਕਾਬਲੇ ਵਧੇਰੇ ਪ੍ਰਾਪਤੀਆਂ ਦੇ ਕਾਰਨ ਹੋਇਆ ਸੀ।

**ਸਹਿਕਾਰਤਾ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਕਮੀ (18.83 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 1.86 ਕਰੋੜ ਦੀ ਕਮੀ ਮੁੱਖ ਤੌਰ ਤੇ ਪਿਛਲੇ ਸਾਲ ਦੇ ਮੁਕਾਬਲੇ ਛੋਟੀ ਮੱਦ 'ਹੋਰ ਪ੍ਰਾਪਤੀਆਂ' ਅਧੀਨ ₹ 1.98 ਕਰੋੜ ਦੀਆਂ ਘੱਟ ਪ੍ਰਾਪਤੀਆਂ ਕਾਰਨ ਹੋਈ ਹੈ।

**ਸਿੱਖਿਆ, ਖੇਡਾਂ ਕਲਾ ਅਤੇ ਸੱਭਿਆਚਾਰ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਕਮੀ (5.22 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਦੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 17.06 ਕਰੋੜ ਦੀ ਕਮੀ ਮੁੱਖ ਤੌਰ ਤੇ ਛੋਟੀਆਂ ਮੱਦਾਂ 'ਸੈਕੰਡਰੀ ਸਿੱਖਿਆ' ਅਤੇ 'ਯੂਨੀਵਰਸਿਟੀ

[8] ਉਪ ਮੁੱਖ ਮੱਦ-80-ਜਨਰਲ ਤੋਂ ਹੇਠਾਂ

ਅਤੇ ਉੱਚ ਸਿੱਖਿਆ' ਅਧੀਨ ਘੱਟ ਪ੍ਰਾਪਤੀਆਂ ਕਾਰਨ ਹੋਈ, ਜਿਸ ਅਧੀਨ ਪਿਛਲੇ ਸਾਲ ਦੇ ਮੁਕਾਬਲੇ ₹ 32.03 ਕਰੋੜ[9] ਦੀ ਘੱਟ ਪ੍ਰਾਪਤੀ ਹੋਈ।

**ਹੋਰ:** 'ਹੋਰ' ਸ਼੍ਰੇਣੀ ਵਿੱਚ ਗੈਰ-ਕਰ ਰੈਵੀਨਿਊ ਦੀਆਂ 30 ਮੱਦਾਂ ਸ਼ਾਮਲ ਹਨ, ਇਸ ਤੋਂ ਇਲਾਵਾ ਜੋ ਸਾਰਣੀ 1.3 ਵਿੱਚ ਲੜੀ ਨੰਬਰ 1 ਤੋਂ 11 ਵਿੱਚ ਸ਼ਾਮਲ ਹਨ। ਇਸ ਸ਼੍ਰੇਣੀ ਅਧੀਨ ਪਿਛਲੇ ਸਾਲ ਦੇ ਮੁਕਾਬਲੇ ਕੁੱਲ 34.66 *ਪ੍ਰਤੀਸ਼ਤ* ਦੀ ਕਮੀ ਆਈ ਹੈ। ਜਦੋਂਕਿ ਮੁੱਦਰਾ ਮੁੱਲ ਦੇ ਹਿਸਾਬ ਨਾਲ 15 ਮੱਦਾਂ ਅਧੀਨ ₹ 0.0004 ਕਰੋੜ ਅਤੇ ₹ 90.66 ਕਰੋੜ ਦੇ ਵਿਚਕਾਰ ਵਾਧਾ ਦੇਖਿਆ ਗਿਆ ਸੀ ਤਾਂ ਮੁੱਦ੍ਰਾ ਮੁੱਲ ਦੇ ਹਿਸਾਬ ਨਾਲ ਬਾਕੀ 15 ਮੱਦਾਂ ਵਿੱਚ ₹ 0.03 ਕਰੋੜ ਤੋਂ ₹ 338.68 ਕਰੋੜ ਦੇ ਵਿਚਕਾਰ ਕਮੀ ਦੇਖੀ ਗਈ ਸੀ (**ਅੰਤਿਕਾ 1.1**)।

## 1.3 ਲੇਖਾ ਪ੍ਰੀਖਿਆ ਲਈ ਅਧਿਕਾਰ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੁਆਰਾ ਲੇਖਾ ਪ੍ਰੀਖਿਆ ਕਰਨ ਦਾ ਅਧਿਕਾਰ ਭਾਰਤ ਦੇ ਸੰਵਿਧਾਨ ਦੀ ਧਾਰਾ 149 ਅਤੇ 151 ਅਤੇ ਸੀ ਏ ਜੀ ਦੀਆਂ ਕਰਤੱਵ, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ (ਡੀ ਪੀ ਸੀ) ਐਕਟ, 1971 ਤੋਂ ਲਿਆ ਗਿਆ ਹੈ। ਸੀ ਏ ਜੀ, ਸੀ ਏ ਜੀ ਦੇ ਡੀ ਪੀ ਸੀ ਐਕਟ ਦੀ ਧਾਰਾ 13[10] ਦੇ ਅਧੀਨ ਰਾਜ ਸਰਕਾਰ ਦੇ ਵਿਭਾਗ ਦੇ ਖਰਚਿਆਂ ਦੀ ਲੇਖਾ ਪ੍ਰੀਖਿਆ ਕਰਦਾ ਹੈ। ਇਸ ਤੋਂ ਇਲਾਵਾ, ਸੀ ਏ ਜੀ ਹੋਰ ਖੁਦਮੁਖਤਿਆਰ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਵੀ ਕਰਦਾ ਹੈ ਜਿਨ੍ਹਾਂ ਨੂੰ ਡੀ ਪੀ ਸੀ ਐਕਟ ਦੀ ਧਾਰਾ 14[11] ਦੇ ਅਧੀਨ ਸਰਕਾਰ ਦੁਆਰਾ ਕਾਫੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਸੀ ਏ ਜੀ ਦੇ ਡੀ ਪੀ ਸੀ ਐਕਟ ਦੀ ਧਾਰਾ 16 ਸੀ ਏ ਜੀ ਨੂੰ ਭਾਰਤ ਸਰਕਾਰ ਅਤੇ ਹਰੇਕ ਰਾਜ ਅਤੇ ਵਿਧਾਨ ਸਭਾ ਵਾਲੇ ਹਰੇਕ ਕੇਂਦਰ ਸ਼ਾਸਤ ਪ੍ਰਦੇਸ਼ ਦੀ ਸਰਕਾਰ ਦੀਆਂ ਸਾਰੀਆਂ ਪ੍ਰਾਪਤੀਆਂ (ਰੈਵੀਨਿਊ ਅਤੇ ਪੂੰਜੀਗਤ ਦੋਵਾਂ) ਦੀ ਲੇਖਾ ਪ੍ਰੀਖਿਆ ਕਰਨ ਅਤੇ ਆਪਣੇ ਆਪ ਨੂੰ ਸੰਤੁਸ਼ਟ ਕਰਨ ਦਾ ਅਧਿਕਾਰ ਦਿੰਦੀ ਹੈ ਕਿ ਨਿਯਮ ਅਤੇ ਪ੍ਰਕਿਰਿਆਵਾਂ ਮੁਲਾਂਕਣ 'ਤੇ ਪ੍ਰਭਾਵਸ਼ਾਲੀ ਜਾਂਚ ਨੂੰ ਸੁਰੱਖਿਅਤ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ, ਰੈਵੀਨਿਊ ਇਕੱਤਰ ਕਰਨਾ ਅਤੇ ਉਚਿਤ ਵੰਡ ਕਰਨਾ ਅਤੇ ਇਸ ਦੀ ਉਚਿਤ ਪਾਲਣਾ ਕੀਤੀ ਜਾ ਰਹੀ ਹੈ। ਵੱਖ-ਵੱਖ ਲੇਖਾ ਪ੍ਰੀਖਿਆਵਾਂ ਲਈ ਸਿਧਾਂਤ ਅਤੇ ਵਿਧੀਆਂ ਲੇਖਾ ਪ੍ਰੀਖਿਆ ਅਤੇ ਲੇਖਾ (ਸੋਧਾਂ), 2020 ਦੇ ਨਿਯਮਾਂ ਅਤੇ ਭਾਰਤੀ ਲੇਖਾ ਪ੍ਰੀਖਿਆ ਅਤੇ ਲੇਖਾ ਵਿਭਾਗ ਦੁਆਰਾ ਜਾਰੀ ਲੇਖਾ ਪ੍ਰੀਖਿਆ ਮਿਆਰਾਂ ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ।

## 1.4 ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ

ਪਾਲਣਾ ਲੇਖਾ ਪ੍ਰੀਖਿਆ ਵਿੱਚ, ਲੇਖਾ ਪ੍ਰੀਖਿਆ ਪ੍ਰਕਿਰਿਆ ਵਿਭਾਗਾਂ ਅਤੇ ਸਕੀਮਾਂ ਦੇ ਜੋਖਮ ਮੁਲਾਂਕਣ ਨਾਲ ਗਤੀਵਿਧੀਆਂ ਦੀ ਨਾਜ਼ੁਕਤਾ/ਗੁੰਝਲਦਾਰਤਾ, ਸੌਂਪੇ ਗਏ ਵਿੱਤੀ ਸ਼ਕਤੀਆਂ ਦੇ ਪੱਧਰ, ਅੰਦਰੂਨੀ ਨਿਯੰਤਰਣ, ਹਿੱਸੇਦਾਰਾਂ ਦੀਆਂ ਚਿੰਤਾਵਾਂ ਅਤੇ ਪਿਛਲੀਆਂ ਲੇਖਾ ਪ੍ਰੀਖਿਆ ਨੂੰ ਧਿਆਨ

---

9 ਸੈਕੰਡਰੀ ਸਿੱਖਿਆ: ₹ 11.07 ਕਰੋੜ, ਯੂਨੀਵਰਸਿਟੀ ਅਤੇ ਉੱਚ ਸਿੱਖਿਆ: ₹ 20.96 ਕਰੋੜ

10 (i) ਰਾਜ ਦੇ ਸੰਚਿਤ ਫੰਡ ਵਿੱਚੋਂ ਸਾਰੇ ਖਰਚਿਆਂ ਦੀ ਲੇਖਾ ਪ੍ਰੀਖਿਆ; (ii) ਕੰਟੀਜੈਂਸੀ ਫੰਡਾਂ ਅਤੇ ਲੋਕ ਲੇਖਿਆਂ ਨਾਲ ਸਬੰਧਤ ਸਾਰੇ ਲੈਣ-ਦੇਣ; ਅਤੇ (iii) ਸਾਰੇ ਵਪਾਰ ਉਤਪਾਦਨ, ਲਾਭ ਅਤੇ ਘਾਟੇ ਦੇ ਲੇਖੇ ਬੈਲੇਂਸਸ਼ੀਟ ਅਤੇ ਹੋਰ ਸਹਾਇਕ ਲੇਖਿਆਂ ਦੀ ਲੇਖਾ ਪ੍ਰੀਖਿਆ।

11 ਰੁਜ਼ਗਾਰ ਸਿਰਜਣ, ਗਰੀਬੀ ਹਟਾਉਣ, ਸਾਖਰਤਾ ਫੈਲਾਉਣਾ, ਸਾਰਿਆਂ ਲਈ ਸਿਹਤ ਅਤੇ ਬਿਮਾਰੀਆਂ ਤੋਂ ਰੋਕਥਾਮ, ਵਾਤਾਵਰਣ ਆਦਿ ਲਈ ਅਤੇ ਸਰਕਾਰ ਵੱਲੋਂ ਕਾਫੀ ਵਿੱਤੀ ਸਹਾਇਤਾ ਦਿੱਤੀਆਂ ਗਈਆਂ ਸਕੀਮਾਂ ਨੂੰ ਲਾਗੂ ਕਰਨ ਲਈ ਸਥਾਪਤ ਕੀਤੀਆਂ ਗਈਆਂ ਕਈ ਗੈਰ-ਵਪਾਰਕ ਖੁਦਮੁਖਤਿਆਰ/ਅਰਥ-ਖੁਦਮੁਖਤਿਆਰ ਸੰਸਥਾਵਾਂ ਦਾ ਧਾਰਾ 14 ਅਧੀਨ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ।

ਵਿੱਚ ਰੱਖਦੇ ਹੋਏ ਸ਼ੁਰੂ ਹੁੰਦੀ ਹੈ। ਇਸ ਜੋਖਮ ਮੁਲਾਂਕਣ ਦੇ ਅਧਾਰ 'ਤੇ, ਲੇਖਾ ਪ੍ਰੀਖਿਆ ਦਾ ਦਾਇਰਾ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਇੱਕ ਸਾਲਾਨਾ ਲੇਖਾ ਪ੍ਰੀਖਿਆ ਯੋਜਨਾ ਤਿਆਰ ਕੀਤੀ ਜਾਂਦੀ ਹੈ।

ਸਾਲ 2023-24 ਦੌਰਾਨ, ਕਰ ਰੈਵੀਨਿਊ ਨਾਲ ਸਬੰਧਤ 423 ਲੇਖਾ ਪ੍ਰੀਖਿਆ ਯੋਗ ਇਕਾਈਆਂ[12] ਸਨ, ਜਿਨ੍ਹਾਂ ਵਿੱਚੋਂ 159 ਇਕਾਇਆਂ[13] (37.59 *ਪ੍ਰਤੀਸ਼ਤ*) ਦੀ ਯੋਜਨਾ ਜੋਖਮ ਵਿਸ਼ਲੇਸ਼ਣ ਦੇ ਆਧਾਰ 'ਤੇ ਬਣਾਈ ਗਈ ਸੀ ਅਤੇ ਉਨ੍ਹਾਂ ਦੀ ਲੇਖਾ ਪ੍ਰੀਖਿਆ ਕੀਤੀ ਗਈ ਸੀ। ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਦੀ ਨਮੂਨਾ-ਜਾਂਚ ਵਿੱਚ 1,49,763 ਮਾਮਲਿਆਂ ਵਿੱਚ ₹ 149.30 ਕਰੋੜ ਦੇ ਰੈਵੀਨਿਊ ਨਾਲ ਜੁੜੇ ਘੱਟ ਮੁਲਾਂਕਣ, ਘੱਟ ਜਾਂ ਗੈਰ-ਕਰ ਅਤੇ ਡਿਊਟੀਆਂ ਨਾ ਲਗਾਉਣ ਦੇ ਮੁੱਦੇ ਸਾਹਮਣੇ ਆਏ। ਵਿਭਾਗਾਂ ਨੇ ਸਾਲ 2023-24 ਦੌਰਾਨ 2,404 ਮਾਮਲਿਆਂ ਵਿੱਚ ₹ 9.25 ਕਰੋੜ ਦੀ ਵਸੂਲੀ ਕੀਤੀ, ਜਿਨ੍ਹਾਂ ਨੂੰ 2023-24 ਤੋਂ ਪਹਿਲਾਂ ਕੀਤੀ ਗਈ ਲੇਖਾ ਪ੍ਰੀਖਿਆ ਵਿੱਚ ਦਰਸਾਇਆ ਗਿਆ ਸੀ।

## 1.5 ਲੇਖਾ ਪ੍ਰੀਖਿਆ ਪ੍ਰਤੀ ਸਰਕਾਰ ਦੇ ਹੁੰਗਾਰੇ ਦੀ ਘਾਟ

ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ ਸਰਕਾਰੀ ਵਿਭਾਗਾਂ ਦਾ ਸਮੇਂ-ਸਮੇਂ 'ਤੇ ਨਿਰੀਖਣ ਕਰਦਾ ਹੈ ਤਾਂ ਜੋ ਲੈਣ-ਦੇਣ ਦੀ ਨਮੂਨਾ-ਜਾਂਚ ਕੀਤੀ ਜਾ ਸਕੇ ਅਤੇ ਨਿਯਮਾਂ ਅਤੇ ਪ੍ਰਕਿਰਿਆਵਾਂ ਵਿੱਚ ਨਿਰਧਾਰਤ ਮਹੱਤਵਪੂਰਨ ਲੇਖਿਆਂ ਅਤੇ ਹੋਰ ਰਿਕਾਰਡਾਂ ਦੀ ਸਾਂਭ ਸੰਭਾਲ ਦੀ ਤਸਦੀਕ ਕੀਤੀ ਜਾ ਸਕੇ। ਇਨ੍ਹਾਂ ਨਿਰੀਖਣਾਂ ਤੋਂ ਬਾਅਦ ਨਿਰੀਖਣ ਰਿਪੋਰਟਾਂ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਨਿਰੀਖਣ ਦੌਰਾਨ ਪਾਈਆਂ ਗਈਆਂ ਬੇਨਿਯਮੀਆਂ ਸ਼ਾਮਲ ਹੁੰਦੀਆਂ ਹਨ ਅਤੇ ਮੌਕੇ 'ਤੇ ਨਿਪਟਾਰਾ ਨਹੀਂ ਕੀਤਾ ਜਾਂਦਾ, ਜੋ ਨਿਰੀਖਣ ਕੀਤੇ ਗਏ ਦਫਤਰਾਂ ਦੇ ਮੁੱਖੀਆਂ ਨੂੰ ਤੁਰੰਤ ਸੋਧਮਈ ਕਾਰਵਾਈ ਕਰਨ ਲਈ ਅਗਲੇ ਉੱਚ ਅਧਿਕਾਰੀਆਂ ਨੂੰ ਕਾਪੀਆਂ ਨਾਲ ਜਾਰੀ ਕੀਤੀਆਂ ਜਾਂਦੀਆਂ ਹਨ।

ਦਫਤਰਾਂ ਦੇ ਮੁਖੀਆ ਨੂੰ ਨਿਰੀਖਣ ਰਿਪੋਰਟਾਂ ਪ੍ਰਾਪਤ ਹੋਣ ਦੀ ਮਿਤੀ ਤੋਂ ਚਾਰ ਹਫਤਿਆਂ ਦੇ ਅੰਦਰ ਅੰਦਰ ਨਿਰੀਖਣ ਰਿਪੋਰਟਾਂ ਵਿੱਚ ਸ਼ਾਮਲ ਟਿੱਪਣੀਆਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ। ਗੰਭੀਰ ਵਿੱਤੀ ਬੇਨਿਯਮੀਆਂ ਦੀ ਰਿਪੋਰਟ ਵਿਭਾਗ ਅਤੇ ਸਰਕਾਰ ਦੇ ਮੁਖੀਆ ਨੂੰ ਕੀਤੀ ਜਾਂਦੀ ਹੈ।

ਕਰ ਰੈਵੀਨਿਊ ਵਿਭਾਗਾਂ ਵਿੱਚ, 2023-24 ਦੌਰਾਨ ਲੇਖਾ ਪ੍ਰੀਖਿਆ ਕੀਤੀਆਂ ਗਈਆਂ 159 ਇਕਾਈਆਂ[14] ਦੇ ਮੁਕਾਬਲੇ ਵਿਭਾਗਾਂ ਦੇ ਮੁਖੀਆ ਨੂੰ 158 ਨਿਰੀਖਣ ਰਿਪੋਰਟਾਂ[15] ਜਾਰੀ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ, ਲੇਖਾ ਪ੍ਰੀਖਿਆ ਨੂੰ ਚਾਰ ਹਫਤਿਆਂ ਦੇ ਨਿਰਧਾਰਤ ਸਮੇਂ ਵਿੱਚ 156 ਨਿਰੀਖਣ ਰਿਪੋਰਟਾਂ[16] ਦਾ ਜਵਾਬ ਨਹੀਂ ਮਿਲਿਆ। ਇਸ ਤੋਂ ਇਲਾਵਾ, ਮਾਰਚ 2024 ਤੱਕ ਦੇ

---

12 ਭੌਂ ਰੈਵੀਨਿਊ: 108 ਇਕਾਈਆਂ, ਅਸ਼ਟਾਮ ਡਿਊਟੀ: 176 ਇਕਾਈਆਂ, ਰਾਜ ਆਬਕਾਰੀ: 67 ਇਕਾਈਆਂ, ਵੈਲਿਊ ਐਡੇਡ ਕਰ/ ਜੀ ਐਸ ਟੀ: 56 ਇਕਾਈਆਂ ਅਤੇ ਮੋਟਰ ਵਾਹਨ ਕਰ: 16 ਇਕਾਈਆਂ

13 ਭੌਂ ਰੈਵੀਨਿਊ: ਅਸ਼ਟਾਮ ਡਿਊਟੀ : 85 ਇਕਾਈਆਂ, ਰਾਜ ਆਬਕਾਰੀ: 25 ਇਕਾਈਆਂ, ਵੈਲਿਊ ਐਡੇਡ ਕਰ/ਜੀ ਐਸ ਟੀ: 35 ਇਕਾਈਆਂ ਅਤੇ ਮੋਟਰ ਵਹੀਕਲ ਕਰ: 14 ਇਕਾਈਆਂ

14 ਇੱਕ ਯੂਨਿਟ ਭਾਵ ਵਧੀਕ ਮੁੱਖ ਸਕੱਤਰ-ਕਮ-ਵਿੱਤ ਕਮਿਸ਼ਨਰ, ਆਬਕਾਰੀ ਅਤੇ ਕਰ ਵਿਭਾਗ ਵਿੱਚ ਲੇਖਾ ਪ੍ਰੀਖਿਆ ਜਾਣਕਾਰੀ ਪ੍ਰਾਪਤ ਕਰਨ ਅਤੇ ਨੀਤੀਆਂ/ਫੈਸਲਿਆਂ ਦੀ ਸਮਝ ਤੱਕ ਸੀਮਤ ਸੀ। ਇਸ ਲਈ, ਇਸ ਯੂਨਿਟ ਲਈ ਕੋਈ ਜਾਂਚ ਰਿਪੋਰਟ ਜਾਰੀ ਨਹੀਂ ਕੀਤੀ ਗਈ ਸੀ।

15 ਭੌਂ ਰੈਵੀਨਿਊ: ਅਸ਼ਟਾਮ ਡਿਊਟੀ: 85 ਇਕਾਈਆਂ, ਰਾਜ ਆਬਕਾਰੀ: 24 ਇਕਾਈਆਂ, ਵੈਲਿਊ ਐਡੇਡ ਕਰ/ਜੀ ਐਸ ਟੀ: 35 ਇਕਾਈਆਂ ਅਤੇ ਮੋਟਰ ਵਹੀਕਲ ਕਰ: 14 ਇਕਾਈਆਂ

16 ਅਸ਼ਟਾਮ ਡਿਊਟੀ: 85 ਇਕਾਈਆਂ, ਰਾਜ ਆਬਕਾਰੀ: 22 ਇਕਾਈਆਂ, ਵੈਲਿਊ ਐਡੇਡ ਕਰ/ਜੀ ਐਸ ਟੀ: 35 ਇਕਾਈਆਂ, ਮੋਟਰ ਵਹੀਕਲ ਕਰ: 14 ਇਕਾਈਆਂ

ਸਾਲਾਂ ਲਈ ਜਾਰੀ ਨਿਰੀਖਣ ਰਿਪੋਰਟਾਂ ਨੇ ਦਰਸਾਇਆ ਕਿ ਜੂਨ 2024 ਦੇ ਅੰਤ ਤੱਕ 2,562 ਨਿਰੀਖਣ ਰਿਪੋਰਟਾਂ[17] ਨਾਲ ਸਬੰਧਤ ₹ 4,436.04 ਕਰੋੜ[18] ਦੀ 11,821 ਟਿੱਪਣੀਆਂ[19] ਬਕਾਇਆ ਰਹੀਆਂ।

ਬਕਾਇਆ ਨਿਰੀਖਣ ਰਿਪੋਰਟਾਂ/ਟਿੱਪਣੀਆਂ ਦੀ ਵਰੇ-ਵਾਰ ਸਥਿਤੀ ਮੁੱਦਰਾ ਮੁੱਲ ਸਮੇਤ **ਸਾਰਣੀ 1.4** ਵਿੱਚ ਦਿੱਤੀ ਗਈ ਹੈ:

**ਸਾਰਣੀ 1.4: ਬਕਾਇਆ ਨਿਰੀਖਣ ਰਿਪੋਰਟਾਂ/ਟਿੱਪਣੀਆਂ**

| ਵੇਰਵੇ | ਅਪ੍ਰੈਲ 2019 ਤੋਂ ਪਹਿਲਾਂ | 2019-20 | 2020-21 | 2021-22 | 2022-23 | 2023-24 | ਜੋੜ |
|---|---|---|---|---|---|---|---|
| ਨਿਰੀਖਣ ਰਿਪੋਰਟਾਂ | 1,893 | 164 | 110 | 104 | 133 | 158 | **2,562** |
| ਟਿੱਪਣੀਆਂ | 7,234 | 878 | 615 | 744 | 1,042 | 1,308 | **11,821** |
| ਮੁੱਦਰਾ ਮੁੱਲ (₹ ਕਰੋੜ ਵਿੱਚ) | 3,349.41 | 291.29 | 186.99 | 192.47 | 266.58 | 149.30 | **4,436.04** |

*ਸ੍ਰੋਤ: ਦਫਤਰ ਦਾ ਰਿਕਾਰਡ*

ਲੇਖਾ ਪ੍ਰੀਖਿਆ ਦਾ ਮੰਤਵ ਇਹ ਜਾਂਚ ਕਰਨਾ ਹੈ ਕਿ ਕੀ ਨਿਰਧਾਰਤ ਨਿਯਮਾਂ, ਕਾਨੂੰਨਾਂ, ਪ੍ਰਕਿਰਿਆਵਾਂ ਦੀ ਪਾਲਣਾ ਹੋ ਰਹੀ ਹੈ ਅਤੇ ਪਾਲਣਾ ਨਾ ਕੀਤੇ ਜਾਣ, ਵਿਵਸਥਾ ਦੀਆਂ ਕਮਜ਼ੋਰੀਆਂ ਅਤੇ ਅਸਫ਼ਲਤਾਵਾਂ ਦੇ ਮਾਮਲਿਆਂ ਨੂੰ ਉਜਾਗਰ ਕਰਨਾ ਹੈ। ਨਿਰੀਖਣ ਰਿਪੋਰਟਾਂ ਅਤੇ ਲੇਖਾ ਪ੍ਰੀਖਿਆ ਟਿੱਪਣੀਆਂ ਲਈ ਨਿਪਟਾਰੇ ਦਾ ਵੱਡੀ ਸੰਖਿਆ ਵਿੱਚ ਬਕਾਇਆ, ਲੇਖਾ ਪ੍ਰੀਖਿਆ ਟਿੱਪਣੀਆਂ ਵੱਲ ਨਾਕਾਫ਼ੀ ਹੁੰਗਾਰੇ ਨੂੰ ਦਰਸਾਉਂਦਾ ਹੈ। ਇਨ੍ਹਾਂ ਲੇਖਾ ਪ੍ਰੀਖਿਆ ਟਿੱਪਣੀਆਂ ਤੇ ਕਾਰਵਾਈ ਦੀ ਘਾਟ ਜਵਾਬਦੇਹੀ ਨੂੰ ਕਮਜ਼ੋਰ ਕਰਦੀ ਹੈ ਅਤੇ ਰੈਵੀਨਿਊ ਦੇ ਨੁਕਸਾਨ ਦਾ ਜੋਖਮ ਖੜਾ ਕਰਦੀ ਹੈ। ਲੇਖਾ ਪ੍ਰੀਖਿਆ ਟਿੱਪਣੀਆਂ ਦਾ ਵਧ ਰਿਹਾ ਬਕਾਇਆ, ਲੇਖਾ ਪ੍ਰੀਖਿਆ ਦੁਆਰਾ ਨਿਰੰਤਰ ਉਠਾਏ ਗਏ ਮਾਮਲਿਆਂ ਨੂੰ ਹੱਲ ਕਰਨ ਵੱਲ ਸਰਕਾਰ ਦੇ ਧਿਆਨ ਦੇਣ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਵਿਭਾਗੀ ਅਫਸਰ ਨਿਰੀਖਣ ਰਿਪੋਰਟਾਂ ਵਿੱਚ ਸ਼ਾਮਲ ਟਿੱਪਣੀਆਂ ਤੇ ਨਿਰਧਾਰਤ ਸਮਾਂ-ਸੀਮਾ ਵਿੱਚ ਕਾਰਵਾਈ ਕਰਨ ਵਿੱਚ ਅਸਫਲ ਰਹੇ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਲੇਖਾ ਪ੍ਰੀਖਿਆ ਟਿੱਪਣੀਆਂ ਵੱਲ ਸਰਕਾਰ ਨੂੰ ਤੁਰੰਤ ਅਤੇ ਉਚਿਤ ਕਾਰਵਾਈ ਕਰਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

### 1.5.1 ਵਿਭਾਗੀ ਲੇਖਾ ਪ੍ਰੀਖਿਆ ਕਮੇਟੀ ਦੀਆਂ ਮੀਟਿੰਗਾਂ

ਨਿਰੀਖਣ ਰਿਪੋਰਟਾਂ ਵਿੱਚ ਸ਼ਾਮਲ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਨਿਪਟਾਰਾ ਕਰਨ ਦੀ ਨਿਗਰਾਨੀ ਕਰਨ ਅਤੇ ਪ੍ਰਗਤੀ ਨੂੰ ਤੇਜ ਕਰਨ ਲਈ ਸਰਕਾਰ ਨੇ ਵਿਭਾਗੀ ਲੇਖਾ ਪ੍ਰੀਖਿਆ ਕਮੇਟੀਆਂ ਦੀ ਸਥਾਪਨਾ ਕੀਤੀ ਹੋਈ ਹੈ।

2023-24 ਦੌਰਾਨ ਮਾਲੀਆ, ਮੁੜਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ ਅਤੇ ਆਬਕਾਰੀ ਅਤੇ ਕਰ

---

17 **ਨਿਰੀਖਣ ਰਿਪੋਰਟਾਂ**: ਮਨੋਰੰਜਨ ਅਤੇ ਲਗਜ਼ਰੀ ਕਰ (95), ਭੌਂ ਰੈਵੀਨਿਊ (275), ਮੋਟਰ ਵਹੀਕਲ ਕਰ (237), ਰਾਜ ਆਬਕਾਰੀ (313), ਅਸ਼ਟਾਮ ਡਿਊਟੀ (1,256), ਵੈਟ/ਜੀ ਐਸ ਟੀ (386)।

18 **ਮੁੱਦ੍ਰਾ ਮੁੱਲ**: ਮਨੋਰੰਜਨ ਅਤੇ ਲਗਜ਼ਰੀ ਕਰ (₹ 16.54 ਕਰੋੜ), ਭੌਂ ਰੈਵੀਨਿਊ (₹ 1,957.57 ਕਰੋੜ), ਆਵਾਜਾਈ (₹ 419.97 ਕਰੋੜ), ਰਾਜ ਆਬਕਾਰੀ (₹ 497.84 ਕਰੋੜ), ਅਸ਼ਟਾਮ ਡਿਊਟੀ (₹ 657.38 ਕਰੋੜ) ਅਤੇ ਵੈਟ/ਜੀ ਐਸ ਟੀ (₹ 886.74 ਕਰੋੜ)।

19 **ਟਿੱਪਣੀਆਂ**: ਮਨੋਰੰਜਨ ਅਤੇ ਲਗਜ਼ਰੀ ਕਰ (215), ਭੌਂ ਰੈਵੀਨਿਊ (997), ਆਵਾਜਾਈ (2,240), ਰਾਜ ਆਬਕਾਰੀ (488), ਅਸ਼ਟਾਮ ਡਿਊਟੀ (5,604), ਵੈਟ/ਜੀ ਐਸ ਟੀ (2,277)।

ਵਿਭਾਗ ਨਾਲ ਹੋਈਆਂ ਲੇਖਾ ਪ੍ਰੀਖਿਆ ਕਮੇਟੀ ਦੀਆਂ ਸੱਤ ਮੀਟਿੰਗਾਂ ਹੋਈਆਂ ਸਨ। ਸਿੱਟੇ ਵਜੋਂ, ₹ 5.16 ਕਰੋੜ ਦੇ ਮੁੱਦਰਾ ਮੁੱਲ ਵਾਲੀਆਂ 215 ਟਿੱਪਣੀਆਂ ਦਾ ਨਿਪਟਾਰਾ[20] ਕੀਤਾ ਗਿਆ ਸੀ।

ਸਰਕਾਰ ਸਾਰੇ ਰੈਵੀਨਿਊ ਵਿਭਾਗਾਂ ਲਈ ਲੇਖਾ ਪ੍ਰੀਖਿਆ ਕਮੇਟੀ ਦੀਆਂ ਮੀਟਿੰਗਾਂ ਨਿਯਮਤ ਅੰਤਰਾਲਾਂ ਤੇ ਕਰਵਾਏ ਜਾਣ ਨੂੰ ਯਕੀਨੀ ਬਣਾ ਸਕਦੀ ਹੈ।

## 1.6 ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਅਤੇ ਵਿਸਥਾਰਤ ਪਾਲਣਾ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਵਿਭਾਗਾਂ ਦਾ ਹੁੰਗਾਰਾ

ਲੇਖਾ ਪ੍ਰੀਖਿਆ ਅਤੇ ਲੇਖੇ ਨਿਯਮਤਾਵਾਂ (ਸੋਧਾਂ), 2020 ਨਿਰਧਾਰਤ ਕਰਦੇ ਹਨ ਕਿ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜਿਆਂ ਦੇ ਉੱਤਰ ਨਿਰਧਾਰਤ ਮਿਆਦ ਅੰਦਰ ਭੇਜਣੇ ਚਾਹੀਦੇ ਹਨ।

ਪਿਛਲੇ ਕੁੱਝ ਸਾਲਾਂ ਵਿੱਚ, ਲੇਖਾ ਪ੍ਰੀਖਿਆ ਨੇ ਰੈਵੀਨਿਊ ਦੀ ਉਗਰਾਹੀ, ਕਰ ਨਿਰਧਾਰਣ ਅਤੇ ਇਸ ਦੇ ਨਾਲ ਅੰਦਰੂਨੀ ਕੰਟਰੋਲਾਂ ਦੀ ਗੁਣਵੱਤਾ ਬਾਰੇ ਕਈ ਮਹੱਤਵਪੂਰਨ ਕਮੀਆਂ, ਜੋ ਕਿ ਵਿਭਾਗਾਂ ਦੀ ਕੁਸ਼ਲਤਾ ਅਤੇ ਕੰਮਕਾਜ 'ਤੇ ਮਾੜਾ ਪ੍ਰਭਾਵ ਪਾ ਰਹੀਆ ਸਨ, ਦੀ ਸੂਚਨਾ ਦਿੱਤੀ ਹੈ। ਲੇਖਾ ਪ੍ਰੀਖਿਆ ਨੇ ਕਾਰਜਕਾਰੀ ਨੂੰ ਸੋਧਮਈ ਕਾਰਵਾਈ ਕਰਨ ਅਤੇ ਰੈਵੀਨਿਊ ਦੀ ਉਗਰਾਹੀ ਵਿੱਚ ਸੁਧਾਰ ਕਰਨ ਲਈ ਢੁਕਵੀਆਂ ਸਿਫਾਰਸ਼ਾਂ ਕੀਤੀਆਂ ਸਨ।

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੁਆਰਾ ਸਬੰਧਤ ਵਿਭਾਗਾਂ ਦੇ ਪ੍ਰਮੁੱਖ ਸਕੱਤਰ/ਸਕੱਤਰਾਂ ਨੂੰ ਲੇਖਾ ਪ੍ਰੀਖਿਆ ਲੱਭਤਾਂ ਵੱਲ ਉਨ੍ਹਾਂ ਦਾ ਧਿਆਨ ਦਿਵਾਉਂਦੇ ਹੋਏ ਅਤੇ ਛੇ ਹਫ਼ਤੇ ਦੀ ਨਿਰਧਾਰਤ ਮਿਆਦ ਵਿੱਚ ਆਪਣਾ ਉੱਤਰ ਭੇਜਣ ਦੀ ਬੇਨਤੀ ਕਰਦੇ ਹੋਏ, ਭੇਜਿਆ ਜਾਂਦਾ ਹੈ। ਵਿਭਾਗਾਂ/ਸਰਕਾਰ ਵਲੋਂ ਉੱਤਰਾਂ ਦੀ ਪ੍ਰਾਪਤੀ ਨਾ ਹੋਣ ਦੇ ਤੱਥ ਨੂੰ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਸ਼ਾਮਲ ਇਨ੍ਹਾਂ ਟਿੱਪਣੀਆਂ ਦੇ ਅਖੀਰ ਤੇ ਜ਼ਰੂਰ ਦਰਸਾਇਆ ਜਾਂਦਾ ਹੈ।

## 1.7 ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ

ਜਿਵੇਂ ਕਿ ਹੇਠਾਂ ਦਿੱਤਾ ਗਿਆ ਹੈ, ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ ਨਾਕਾਫੀ ਪਾਈ ਗਈ ਹੈ:

### 1.7.1 ਐਕਸ਼ਨ ਟੇਕਨ ਨੋਟਸ ਪੇਸ਼ ਨਾ ਕਰਨਾ

ਲੋਕ ਲੇਖਾ ਕਮੇਟੀ ( ਪੀ ਏ ਸੀ) ਦੇ ਨਿਯਮਾਂ ਅਤੇ ਪ੍ਰਕਿਰਿਆ ਦੇ ਅਨੁਸਾਰ, ਸਾਰੇ ਪ੍ਰਸ਼ਾਸਕੀ ਵਿਭਾਗਾਂ ਨੂੰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਦਰਸਾਈਆਂ ਗਈਆਂ ਸਾਰੀਆਂ ਪਾਲਣਾ ਲੇਖਾ ਪ੍ਰੀਖਿਆ ਟਿੱਪਣੀਆਂ ਅਤੇ ਕਾਰਗੁਜਾਰੀ ਲੇਖਾ ਪ੍ਰੀਖਿਆ 'ਤੇ ਖੁਦ ਕਾਰਵਾਈ ਸ਼ੁਰੂ ਕਰਨੀ ਹੁੰਦੀ ਹੈ, ਚਾਹੇ ਇਹਨਾਂ ਨੂੰ ਪੀ ਏ ਸੀ ਦੁਆਰਾ ਜਾਂਚ ਲਈ ਲਿਆ ਗਿਆ ਹੋਵੇ ਜਾਂ ਨਹੀਂ। ਉਨ੍ਹਾਂ ਨੂੰ ਲੇਖਾ ਪ੍ਰੀਖਿਆ ਦੁਆਰਾ ਸਹੀ ਢੰਗ ਨਾਲ ਪੜਤਾਲ ਕੀਤੇ ਗਏ ਵਿਸਥਾਰਤ ਨੋਟਸ ਵੀ ਪੇਸ਼ ਕਰਨੇ ਹੁੰਦੇ ਹਨ, ਜੋ ਰਾਜ ਵਿਧਾਨ ਸਭਾ ਵਿੱਚ ਲੇਖਾ ਪ੍ਰੀਖਿਆ

[20] 215 ਨਿਰੀਖਣਾਂ ਵਿੱਚੋਂ, ₹ 0.68 ਕਰੋੜ ਦੇ 50 ਨਿਰੀਖਣਾਂ ਦੇ ਨਿਪਟਾਰੇ ਨੂੰ ਅਕਤੂਬਰ ਅਤੇ ਦਸੰਬਰ 2024 ਵਿੱਚ ਅੰਤਿਮ ਰੂਪ ਦਿੱਤਾ ਗਿਆ ਸੀ।

ਰਿਪੋਰਟਾਂ ਪੇਸ਼ ਕਰਨ ਦੇ ਤਿੰਨ ਮਹੀਨਿਆਂ ਦੇ ਅੰਦਰ ਉਨ੍ਹਾਂ ਦੁਆਰਾ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਪ੍ਰਸਤਾਵਿਤ ਸੁਧਾਰਾਤਮਕ ਕਾਰਵਾਈ ਨੂੰ ਦਰਸਾਉਂਦੇ ਹਨ।

ਇਨ੍ਹਾਂ ਉਪਬੰਧਾਂ ਦੇ ਬਾਵਜੂਦ, ਰਿਪੋਰਟਾਂ ਦੀ ਲੇਖਾ ਪ੍ਰੀਖਿਆ ਟਿੱਪਣੀਆਂ ਬਾਰੇ ਵਿਆਖਿਆਤਮਕ ਨੋਟਸ ਭੇਜਣ ਵਿੱਚ ਅਸਧਾਰਣ ਦੇਰੀ ਕੀਤੀ ਜਾ ਰਹੀ ਸੀ। 31 ਮਾਰਚ 2017 ਤੋਂ 2022 ਤੱਕ ਸਮਾਪਤ ਹੋਏ ਸਾਲਾਂ ਲਈ ਪੰਜਾਬ ਸਰਕਾਰ ਦੇ ਰੈਵੀਨਿਊ ਖੇਤਰ ਉੱਤੇ ਭਾਰਤ ਦੇ ਲੇਖਾ ਪ੍ਰੀਖਿਆ ਅਤੇ ਮਹਾਂ ਲੇਖਾ ਪਰੀਖਕ ਦੀਆਂ ਰਿਪੋਰਟਾਂ ਵਿੱਚ ਸ਼ਾਮਲ ਕੁੱਲ 103 ਪੈਰ੍ਹੇ (ਕਾਰਗੁਜ਼ਾਰੀ ਲੇਖਾ ਪ੍ਰੀਖਿਆ ਸਮੇਤ) 22 ਮਾਰਚ 2018 ਅਤੇ 4 ਸਤੰਬਰ 2024 ਦੇ ਵਿਚਕਾਰ ਰਾਜ ਵਿਧਾਨ ਸਭਾ ਦੇ ਸਾਹਮਣੇ ਰੱਖੇ ਗਏ ਸਨ।

103 ਪੈਰ੍ਹਿਆਂ ਵਿੱਚੋਂ, 49 ਪੈਰ੍ਹਿਆਂ ਦੇ ਸਬੰਧ ਵਿੱਚ ਐਕਸਨ ਟੇਕਨ ਨੋਟਸ (ਏ ਟੀ ਐਨਜ਼) 3 ਅਤੇ 72 ਮਹੀਨਿਆਂ ਦੀ ਦੇਰੀ ਨਾਲ ਪ੍ਰਾਪਤ ਹੋਏ ਸਨ, ਜਦੋਂ ਕਿ 54 ਪੈਰ੍ਹਿਆਂ ਦੇ ਮੁਕਾਬਲੇ ਏ ਟੀ ਐਨਜ਼ ਜਨਵਰੀ 2025 ਦੇ ਅੰਤ ਤੱਕ ਪ੍ਰਾਪਤ ਨਹੀਂ ਹੋਏ ਸਨ। ਦੇਰੀ ਨਾਲ ਪ੍ਰਾਪਤ ਹੋਏ ਅਤੇ ਪ੍ਰਾਪਤ ਨਾ ਹੋਣ ਵਾਲੇ ਏ ਟੀ ਐਨਜ਼ ਦੇ ਵੇਰਵੇ ਕ੍ਰਮਵਾਰ **ਸਾਰਣੀ 1.5** ਅਤੇ **ਸਾਰਣੀ 1.6** ਵਿੱਚ ਦਰਸਾਏ ਗਏ ਹਨ।

**ਸਾਰਣੀ 1.5: 31 ਜਨਵਰੀ 2025 ਤੱਕ ਐਕਸ਼ਨ ਟੇਕਨ ਨੋਟਸ ਦੀ ਪ੍ਰਾਪਤੀ ਵਿੱਚ ਦੇਰੀ**

| ਲੜੀ ਨੰ. | ਲੇਖਾ ਪ੍ਰੀਖਿਆ ਰਿਪੋਰਟ ਦਾ ਸਾਲ | ਪੈਰ੍ਹਿਆਂ ਦੀ ਸੰਖਿਆ (ਕਾਰਗੁਜ਼ਾਰੀ ਲੇਖਾ ਪ੍ਰੀਖਿਆ ਸਮੇਤ) | ਪ੍ਰਾਪਤ ਏ ਟੀ ਐਨਜ਼ | ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਰੱਖੇ ਜਾਣ ਦੀ ਤਰੀਕ | ਏ ਟੀ ਐਨਜ਼ ਪ੍ਰਾਪਤੀ ਦਾ ਸਮਾਂ | ਏ ਟੀ ਐਨਜ਼ ਪ੍ਰਾਪਤੀ ਵਿੱਚ ਦੇਰੀ |
|---|---|---|---|---|---|---|
| 1. | 2016-17 | 23 | 20 | 22.03.2018 | 2018 ਤੋਂ 2024 | 03 ਤੋਂ 72 ਮਹੀਨੇ |
| 2. | 2017-18 | 18 | 13 | 27.02.2020 | 2021 ਤੋਂ 2024 | 09 ਤੋਂ 50 ਮਹੀਨੇ |
| 3. | 2018-19 | 19 | 7 | 29.06.2022 | 2023 ਤੋਂ 2024 | 03 ਤੋਂ 26 ਮਹੀਨੇ |
| 4. | 2019-20 | 13 | 5 | 29.06.2022 | 2023 | 03 ਤੋਂ 11 ਮਹੀਨੇ |
| 5. | 2020-21 | 13 | 4 | 07.03.2023 | 2024 | 13 ਮਹੀਨੇ |
| **ਜੋੜ** | | | **49** | | | |

*ਸ੍ਰੋਤ: ਦਫਤਰੀ ਰਿਕਾਰਡ*

**ਸਾਰਣੀ 1.6: 31 ਜਨਵਰੀ 2025 ਤੱਕ ਐਕਸ਼ਨ ਟੇਕਨ ਨੋਟਸ ਪ੍ਰਾਪਤ ਨਾ ਹੋਣਾ**

| ਲੜੀ ਨੰ. | ਲੇਖਾ ਪ੍ਰੀਖਿਆ ਰਿਪੋਰਟ ਦਾ ਸਾਲ | ਵਿਭਾਗ | ਪ੍ਰਾਪਤ ਨਹੀਂ ਹੋਏ ਏ ਟੀ ਐਨਜ਼ | | ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕੀਤੇ ਜਾਣ ਦੀ ਮਿਤੀ |
|---|---|---|---|---|---|
| | | | ਪੈਰ੍ਹਾ ਨੰ. | ਪੈਰ੍ਹਿਆਂ ਦੀ ਸੰਖਿਆ | |
| 1. | 2016-17 | ਆਬਕਾਰੀ ਅਤੇ ਕਰ ਵਿਭਾਗ | 2.9, 2.15, 6.4 | 03 | 22.03.2018 |
| 2. | 2017-18 | ਆਬਕਾਰੀ ਅਤੇ ਕਰ ਵਿਭਾਗ | 2.6, 2.7, 2.9, 2.10, 2.12 | 05 | 27.02.2020 |
| 3. | 2018-19 | ਆਬਕਾਰੀ ਅਤੇ ਕਰ ਵਿਭਾਗ | 2.3, 2.4, 2.5, 2.6, 2.7, 2.8, 2.9, 2.10, 3.3, 3.4, 3.5, 7.3 | 12 | 29.06.2022 |

| ਲੜੀ ਨੰ. | ਲੇਖਾ ਪ੍ਰੀਖਿਆ ਰਿਪੋਰਟ ਦਾ ਸਾਲ | ਵਿਭਾਗ | ਪ੍ਰਾਪਤ ਨਹੀਂ ਹੋਏ ਏ ਟੀ ਐਨਜ਼ | | ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕੀਤੇ ਜਾਣ ਦੀ ਮਿਤੀ |
|---|---|---|---|---|---|
| | | | ਪੈਰ੍ਹਾ ਨੰ. | ਪੈਰ੍ਹਿਆਂ ਦੀ ਸੰਖਿਆ | |
| 4. | 2019-20 | ਆਬਕਾਰੀ ਅਤੇ ਕਰ ਵਿਭਾਗ | 2.3, 2.4, 2.5, 2.6, 2.7, 2.8, 2.9, 3.3 | 08 | 29.06.2022 |
| 5. | 2020-21 | ਆਬਕਾਰੀ ਅਤੇ ਕਰ ਵਿਭਾਗ | 3.1, 4.1, 7.9, 7.10, 7.11, 7.12, 7.13, 7.14, 7.15 | 09 | 07.03.2023 |
| 6. | 2021-22 | ਆਬਕਾਰੀ ਅਤੇ ਕਰ ਵਿਭਾਗ | 2, 4.1, 4.2, 4.3, 4.4, 4.5, 4.6, 4.7, 4.8 | 09 | 04.09.2024 |
| | | ਵਿੱਤ | 3 | 01 | |
| | | ਮਾਲੀਆ, ਮੁੜ ਵੇਸਬਾ ਅਤੇ ਆਫਤ ਪ੍ਰਬੰਧਨ (ਅਸ਼ਟਾਮ ਡਿਊਟੀ) | 4.9, 4.10, 4.11, 4.12 | 04 | |
| | | ਆਵਾਜਾਈ | 4.13, 4.14, 4.15 | 03 | |
| ਜੋੜ | | | | 54 | |

*ਸ੍ਰੋਤ: ਦਫਤਰੀ ਰਿਕਾਰਡ*

31 ਜਨਵਰੀ 2025 ਤੱਕ, ਪੀ ਏ ਸੀ ਨੇ 2016-17 ਤੋਂ 2020-21 ਤੱਕ ਸੀ ਏ ਜੀ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਦੇ 36 ਚੁਣੇ ਗਏ ਪੈਰ੍ਹਿਆਂ ਉੱਤੇ ਚਰਚਾ ਕੀਤੀ । ਪੀ ਏ ਸੀ ਵੱਲੋਂ ਸਾਲ 2012-13 ਤੋਂ 2016-17 ਦੇ ਸਾਲਾਂ ਲਈ ਸੀ ਏ ਜੀ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਦੇ ਸਬੰਧ ਵਿੱਚ 34 ਸਿਫਾਰਸ਼ਾਂ[21] ਦਿੱਤੀਆਂ ਗਈਆਂ ਸਨ ਅਤੇ ਇਨ੍ਹਾਂ ਸਿਫਾਰਸ਼ਾਂ ਨੂੰ ਤਿੰਨ ਪੀ ਏ ਸੀ ਰਿਪੋਰਟਾਂ[22] ਵਿੱਚ ਸ਼ਾਮਲ ਕੀਤਾ ਗਿਆ ਸੀ। ਹਾਲਾਂਕਿ, 31 ਜਨਵਰੀ 2025 ਤੱਕ ਮਾਲੀਆ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗਾਂ ਤੋਂ ਇਨ੍ਹਾਂ 21 ਸਿਫਾਰਸ਼ਾਂ ਦੇ ਵਿਰੁੱਧ ਏ ਟੀ ਐਨਜ਼ ਪ੍ਰਾਪਤ ਨਹੀਂ ਹੋਏ ਸਨ।

21 ਮਾਲੀਆ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਵਿਭਾਗ (21) ਅਤੇ ਆਵਾਜਾਈ ਵਿਭਾਗ (13)

22 2019-20 ਦੀ ਪੀ ਏ ਸੀ ਰਿਪੋਰਟ 209, 2020-21 ਦੀ ਪੀ ਏ ਸੀ ਰਿਪੋਰਟ 212 ਅਤੇ 2022-23 ਦੀ ਪੀ ਏ ਸੀ ਰਿਪੋਰਟ 214

# ਅਧਿਆਇ-II

## ਪੰਜਾਬ ਵਿੱਚ ਰਿਜ਼ਨਲ ਟਰਾਂਸਪੋਰਟ

## ਦਫਤਰਾਂ ਦਾ ਕੰਮਕਾਜ

# ਅਧਿਆਇ-II

## ਪੰਜਾਬ ਵਿੱਚ ਰਿਜ਼ਨਲ ਟਰਾਂਸਪੋਰਟ ਦਫਤਰਾਂ ਦਾ ਕੰਮਕਾਜ

### 2.1 ਜਾਣ-ਪਛਾਣ

ਰਿਜ਼ਨਲ ਟਰਾਂਸਪੋਰਟ ਦਫਤਰ (ਆਰ ਟੀ ਓ) ਭਾਰਤ ਵਿੱਚ ਸੜਕ ਆਵਾਜਾਈ ਕਾਨੂੰਨਾਂ ਦੇ ਨਿਯਮ, ਪ੍ਰਬੰਧਨ ਅਤੇ ਲਾਗੂ ਕਰਨ ਲਈ ਜ਼ਿੰਮੇਵਾਰ ਇੱਕ ਪ੍ਰਮੁੱਖ ਸਰਕਾਰੀ ਸੰਸਥਾ ਵਜੋਂ ਕੰਮ ਕਰਦਾ ਹੈ। ਕਾਨੂੰਨ ਆਰ ਟੀ ਓ ਨੂੰ ਕਈ ਜ਼ਿੰਮੇਵਾਰੀਆਂ ਅਤੇ ਸ਼ਕਤੀਆਂ ਪ੍ਰਦਾਨ ਕਰਦਾ ਹੈ, ਜਿਸ ਵਿੱਚ ਡਰਾਈਵਰ ਲਾਇਸੈਂਸ ਜਾਰੀ ਕਰਨਾ, ਵਹੀਕਲਜ਼ ਰਜਿਸਟ੍ਰੇਸ਼ਨ, ਵਪਾਰਕ ਵਹੀਕਲਜ਼ ਲਈ ਪਰਮਿਟ ਦੇਣਾ, ਸੜਕ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨਾ ਅਤੇ ਮੋਟਰ ਵਹੀਕਲ ਕਰਾਂ ਦੀ ਵਸੂਲੀ ਸ਼ਾਮਲ ਹੈ। ਇਹ ਆਰ ਟੀ ਓ ਨੂੰ ਵਹੀਕਲ ਦੀ ਫ਼ਿਟਨੈੱਸ ਦੇ ਮਾਪਦੰਡਾਂ ਅਤੇ ਪ੍ਰਦੂਸ਼ਣ ਕੰਟਰੋਲ ਉਪਾਵਾਂ ਸਮੇਤ ਵਾਤਾਵਰਣ ਨਿਯਮਾਂ ਨੂੰ ਲਾਗੂ ਕਰਨ ਦਾ ਅਧਿਕਾਰ ਵੀ ਦਿੰਦਾ ਹੈ।

ਕਾਨੂੰਨੀ ਸਥਿਤੀ ਆਰ ਟੀ ਓ ਨੂੰ ਸੜਕਾਂ 'ਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਾਨੂੰਨ ਲਾਗੂ ਕਰਨ ਵਾਲੀ ਅਥਾਰਟੀ ਵਜੋਂ ਕੰਮ ਕਰਨ ਦਾ ਅਧਿਕਾਰ ਦਿੰਦੀ ਹੈ। ਇਸ ਵਿੱਚ ਟ੍ਰੈਫਿਕ ਨਿਯਮਾਂ ਨੂੰ ਲਾਗੂ ਕਰਨ, ਓਵਰਲੋਡਿੰਗ ਨੂੰ ਰੋਕਣਾ, ਵਹੀਕਲ ਦੀ ਫ਼ਿਟਨੈੱਸ ਨੂੰ ਯਕੀਨੀ ਬਣਾਉਣਾ ਅਤੇ ਗੈਰ-ਰਜਿਸਟਰਡ ਵਹੀਕਲਾਂ ਅਤੇ ਅਣਅਧਿਕਾਰਤ ਟਰਾਂਸਪੋਰਟ ਸੇਵਾਵਾਂ ਨੂੰ ਚਲਾਉਣ ਵਰਗੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦਾ ਮੁਕਾਬਲਾ ਕਰਨਾ ਸ਼ਾਮਲ ਹੈ। ਆਰ ਟੀ ਓ ਕੋਲ ਪੈਨਲਟੀਜ਼ ਲਗਾਉਣ, ਲਾਇਸੈਂਸ ਮੁਅੱਤਲ ਕਰਨ ਜਾਂ ਰੱਦ ਕਰਨ ਅਤੇ ਕਾਨੂੰਨ ਦੀ ਉਲੰਘਣਾ ਵਿਰੁੱਧ ਸੁਧਾਰਾਤਮਕ ਕਾਰਵਾਈ ਕਰਨ ਦੀ ਸ਼ਕਤੀ ਹੈ।

ਆਪਣੇ ਸੰਚਾਲਨ ਦੀ ਕੁਸ਼ਲਤਾ ਅਤੇ ਪਾਰਦਰਸ਼ਤਾ ਨੂੰ ਵਧਾਉਣ ਲਈ, ਆਰ ਟੀ ਓ ਵਾਹਨ ਅਤੇ ਸਾਰਥੀ ਵਰਗੇ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਕਰਦਾ ਹੈ, ਜੋ ਦੇਸ਼ ਭਰ ਵਿੱਚ ਟਰਾਂਸਪੋਰਟ ਸੇਵਾਵਾਂ ਨੂੰ ਡਿਜੀਟਲ ਕਰਨ ਦੀ ਭਾਰਤ ਸਰਕਾਰ ਦੀ ਪਹਿਲ ਦਾ ਹਿੱਸਾ ਹਨ। ਇਹ ਪਲੇਟਫਾਰਮ ਵੱਖ-ਵੱਖ ਆਰ ਟੀ ਓ ਦੇ ਕੰਮਕਾਜਾਂ ਨੂੰ ਸੁਚਾਰੂ ਬਣਾਉਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ, ਰਿਕਾਰਡਾਂ ਨੂੰ ਡਿਜੀਟਾਈਜ਼ ਕਰਕੇ ਅਤੇ ਉਲੰਘਣਾਵਾਂ ਨੂੰ ਟਰੈਕ ਕਰਕੇ ਕਾਨੂੰਨੀ ਜਰੂਰਤਾਂ ਨੂੰ ਆਸਾਨ ਢੰਗ ਨਾਲ ਲਾਗੂ ਕਰਨ ਦੇ ਯੋਗ ਬਣਾਉਦੇ ਹਨ। ਵਹੀਕਲ ਰਜਿਸਟ੍ਰੇਸ਼ਨ ਲਾਇਸੈਂਸ ਜਾਰੀ ਕਰਨ, ਕਰ ਇਕੱਤਰ ਕਰਨ ਅਤੇ ਸੜਕ ਸੁਰੱਖਿਆ ਕਾਨੂੰਨਾਂ ਨੂੰ ਲਾਗੂ ਕਰਨ ਵਰਗੇ ਕਾਰਜਾਂ ਨੂੰ ਸਵੈ-ਚਾਲਿਤ ਕਰਕੇ, ਇਹ ਪੋਰਟਲ ਮੁਨੱਖੀ ਗਲਤੀਆਂ ਨੂੰ ਘਟਾਉਣ, ਸੇਵਾ ਕੁਸ਼ਲਤਾ ਵਿੱਚ ਸੁਧਾਰ ਕਰਨ ਅਤੇ ਆਰ ਟੀ ਓ ਦੇ ਕੰਮਕਾਜ ਵਿੱਚ ਜਵਾਬਦੇਹੀ ਨੂੰ ਉਤਸ਼ਾਹਤ ਕਰਨ ਵਿੱਚ ਯੋਗਦਾਨ ਪਾਉਂਦੇ ਹਨ।

### 2.2 ਸੰਗਠਨਾਤਮਕ ਢਾਂਚਾ

ਪੰਜਾਬ ਦੇ ਟਰਾਂਸਪੋਰਟ ਵਿਭਾਗ ਦੀ ਅਗਵਾਈ ਟਰਾਂਸਪੋਰਟ ਵਿਭਾਗ ਦੇ ਪ੍ਰਮੁੱਖ ਸਕੱਤਰ ਕਰਦੇ ਹਨ, ਜੋ ਨੀਤੀਆਂ ਬਣਾਉਣ ਦੀ ਨਿਗਰਾਨੀ ਕਰਦੇ ਹਨ ਅਤੇ ਰਾਜ ਸਰਕਾਰ ਨਾਲ ਸੰਪਰਕ ਵਜੋਂ ਕੰਮ ਕਰਦੇ ਹਨ। ਰਾਜ ਟਰਾਂਸਪੋਰਟ ਕਮਿਸ਼ਨਰ ਵਿਭਾਗ ਦੇ ਕਾਰਜਾਂ ਦੀ ਅਗਵਾਈ ਕਰਦਾ ਹੈ, ਜੋ ਰਾਸ਼ਟਰੀ

ਅਤੇ ਰਾਜ ਟਰਾਂਸਪੋਰਟ ਕਾਨੂੰਨਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦਾ ਹੈ। ਮੁੱਖ ਦਫਤਰ ਵਿੱਚ ਦੋ ਵਧੀਕ ਰਾਜ ਟਰਾਂਸਪੋਰਟ ਕਮਿਸ਼ਨਰ, ਇੱਕ ਸੰਯੁਕਤ ਰਾਜ ਟਰਾਂਸਪੋਰਟ ਕਮਿਸ਼ਨਰ, ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ), ਡਿਪਟੀ ਰਾਜ ਟਰਾਂਸਪੋਰਟ ਕਮਿਸ਼ਨਰ, ਸਰਵਿਸ ਇੰਜੀਨੀਅਰ, ਆਟੋਮੋਬਾਈਲ ਇੰਜੀਨੀਅਰ ਅਤੇ ਸਹਾਇਕ ਟਰਾਂਸਪੋਰਟ ਕਮਿਸ਼ਨਰ (ਤਕਨੀਕੀ) ਉਨ੍ਹਾਂ ਦੀ ਸਹਾਇਤਾ ਕਰਦੇ ਹਨ। ਰਿਜ਼ਨਲ ਟਰਾਂਸਪੋਰਟ ਅਫਸਰ ਜਿਲ੍ਹਾ ਪੱਧਰ ਤੇ ਕੰਮ ਕਰਦੇ ਹਨ, ਵਹੀਕਲ ਰਜਿਸਟ੍ਰੇਸ਼ਨ, ਪਰਮਿਟ ਅਤੇ ਲਾਇਸੈਂਸ ਜਾਰੀ ਕਰਨ ਦੇ ਰੋਜ਼ਾਨਾ ਦੇ ਕੰਮਾਂ ਨੂੰ ਪੂਰਾ ਕਰਦੇ ਹਨ।

1 ਅਪ੍ਰੈਲ 2019 ਤੋਂ 5 ਜੁਲਾਈ 2023 ਦੀ ਮਿਆਦ ਦੌਰਾਨ ਪੰਜਾਬ ਰਾਜ ਨੂੰ 11 ਰੀਜ਼ਨਾਂ ਵਿੱਚ ਵੰਡਿਆਂ ਗਿਆ ਸੀ ਅਤੇ ਹਰੇਕ ਰੀਜ਼ਨ ਲਈ, ਇੱਕ ਰਿਜ਼ਨਲ ਟਰਾਂਸਪੋਰਟ ਅਥਾਰਟੀ ਨੇ ਆਰ ਟੀ ਓ ਦੇ ਕੰਮ ਕੀਤੇ ਸਨ। ਹਾਲਾਂਕਿ, 6 ਜੁਲਾਈ 2023[1] ਤੋਂ, ਟਰਾਂਸਪੋਰਟ ਵਿਭਾਗ ਨੂੰ ਚਾਰ ਰੀਜ਼ਨਾਂ[2] ਵਿੱਚ ਪੁਨਰਗਠਿਤ ਕੀਤਾ ਗਿਆ ਸੀ, ਹਰੇਕ ਦੀ ਅਗਵਾਈ ਇੱਕ ਸਕੱਤਰ, ਰਿਜ਼ਨਲ ਟਰਾਂਸਪੋਰਟ ਅਥਾਰਟੀ ਦੁਆਰਾ ਕੀਤੀ ਗਈ ਸੀ ਜੋ ਜਿਲ੍ਹਿਆਂ ਵਿੱਚ 23 ਰਿਜ਼ਨਲ ਟਰਾਂਸਪੋਰਟ ਦਫਤਰਾਂ ਨੂੰ ਨਿਯੰਤਰਿਤ ਕਰਦਾ ਸੀ। ਜਦੋਂ ਕਿ, ਰਿਜ਼ਨਲ ਟਰਾਂਸਪੋਰਟ ਅਥਾਰਟੀਆਂ ਪਰਮਿਟ ਜਾਰੀ ਕਰਕੇ ਟਰਾਂਸਪੋਰਟ ਨੂੰ ਨਿਯਮਿਤ ਕਰਦੀਆਂ ਹਨ, ਆਰ ਟੀ ਓਜ਼ ਪ੍ਰਮੁੱਖ ਪ੍ਰਸ਼ਾਸਕੀ ਕਾਰਜਾਂ ਲਈ ਜ਼ਿੰਮੇਵਾਰ ਹਨ, ਜਿਸ ਵਿੱਚ ਵਹੀਕਲ ਰਜਿਸਟ੍ਰੇਸ਼ਨ, ਡਰਾਇਵਿੰਗ ਲਾਇਸੈਂਸ ਜਾਰੀ ਕਰਨ ਅਤੇ ਨਵਿਆਉਣ ਕਰਨਾ, ਅਤੇ ਮੋਟਰ ਵਹੀਕਲ ਕਰ ਇਕੱਤਰ ਕਰਨਾ ਸ਼ਾਮਲ ਹੈ। ਉਹ ਕਮਰਸ਼ੀਅਲ ਵਹੀਕਲਜ਼ ਲਈ ਫ਼ਿਟਨੈੱਸ ਸਰਟੀਫਿਕੇਟ ਜਾਰੀ ਕਰਨ ਅਤੇ ਨਵਿਆਉਣ ਦੀ ਨਿਗਰਾਨੀ ਵੀ ਕਰਦੇ ਹਨ, ਸੁਰੱਖਿਆ ਅਤੇ ਵਾਤਾਵਰਣ ਦੇ ਮਿਆਰਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦੇ ਹਨ।

## 2.3 ਲੇਖਾ ਪ੍ਰੀਖਿਆ ਦੇ ਉਦਸ਼

ਅਸੀਂ ਰਿਜ਼ਨਲ ਟਰਾਂਪੋਰਟ ਦਫਤਰਾਂ ਦੇ ਕੰਮਕਾਜਾਂ ਉੱਤੇ ਲੇਖਾ ਪ੍ਰੀਖਿਆ ਕੀਤੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ:

- ਆਰ ਟੀ ਓਜ਼ ਨੇ ਲਾਇਸੈਂਸ ਜਾਰੀ ਕਰਨ, ਨਵਿਆਉਣ ਅਤੇ ਰੱਦ ਕਰਨ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕੀਤਾ;
- ਆਰ ਟੀ ਓਜ਼ ਦੁਆਰਾ ਰਜਿਸਟ੍ਰੇਸ਼ਨ, ਪਰਮਿਟ ਜਾਰੀ ਕਰਨ ਅਤੇ ਫ਼ਿਟਨੈੱਸ ਸਰਟੀਫਿਕੇਟ ਜਾਰੀ ਕਰਨ ਰਾਹੀਂ ਵਹੀਕਲਾਂ ਦੀ ਰਜਿਸਟ੍ਰੇਸ਼ਨ ਅਤੇ ਵਰਤੋਂ 'ਤੇ ਨਿਯਮ ਅਤੇ ਨਿਯੰਤਰਣ ਲਾਗੂ ਕੀਤਾ ਗਿਆ ਸੀ; ਅਤੇ
- ਆਰ ਟੀ ਓਜ਼ ਨੇ ਕੁਸ਼ਲਤਾ ਨਾਲ ਰੈਵੀਨਿਊ (ਮੋਟਰ ਵਹੀਕਲ ਕਰ, ਜੁਰਮਾਨਾ, ਪੈਨਲਟੀਜ਼, ਸੈੱਸ ਆਦਿ) ਦਾ ਮੁਲਾਂਕਣ ਕੀਤਾ, ਲਗਾਇਆ ਗਿਆ, ਇਕੱਤਰ ਕੀਤਾ ਅਤੇ ਰਿਮਿਟ ਕੀਤਾ ਅਤੇ ਬਕਾਇਆਂ 'ਤੇ ਪ੍ਰਭਾਵਸ਼ਾਲੀ ਕਾਰਵਾਈ ਕੀਤੀ।

---

1 ਅਧਿਸੂਚਨਾ ਨੰ. ਐਸ ਓ 53/ਸੀ ਏ.59/1988/ਐਸ.68/2023 ਮਿਤੀ 5 ਜੁਲਾਈ 2023

2 ਬਠਿੰਡਾ, ਫਿਰੋਜ਼ਪੁਰ, ਜਲੰਧਰ ਅਤੇ ਪਟਿਆਲਾ

## 2.4 ਲੇਖਾ ਪ੍ਰੀਖਿਆ ਦਾ ਮਾਪਦੰਡ

ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਕੰਮਕਾਜ ਉੱਤੇ ਲੇਖਾ ਪ੍ਰੀਖਿਆ ਦਾ ਮੁਲਾਂਕਣ ਹੇਠ ਲਿਖੇ ਲੇਖਾ ਪ੍ਰੀਖਿਆ ਮਾਪਦੰਡਾਂ ਦੇ ਅਨੁਸਾਰ ਕੀਤਾ ਗਿਆ ਸੀ।

- ਮੋਟਰ ਵਹੀਕਲ ਐਕਟ, 1988; ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989;
- ਪੰਜਾਬ ਮੋਟਰ ਵਹੀਕਲਜ਼ ਟੈਕਸੇਸ਼ਨ ਐਕਟ, 1924; ਪੰਜਾਬ ਮੋਟਰ ਵਹੀਕਲਜ਼ ਟੈਕਸੇਸ਼ਨ ਨਿਯਮਾਂ, 1925; ਪੰਜਾਬ ਮੋਟਰ ਵਹੀਕਲਜ਼ ਨਿਯਮਾਂ, 1989; ਪੰਜਾਬ ਫਾਇਨੈਂਸ਼ਿਅਲ ਨਿਯਮਾਂ; ਅਤੇ
- ਸਰਕਾਰ ਅਤੇ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਸਰਕੂਲਰਜ਼ ਅਤੇ ਅਧਿਸੂਚਨਾਵਾਂ।

## 2.5 ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਵਿਧੀ

ਵਿਸ਼ਾ ਵਿਸ਼ੇਸ਼ ਪਾਲਣਾ ਲੇਖਾ ਪ੍ਰੀਖਿਆ (ਐਸ ਐਸ ਸੀ ਏ) ਵਿੱਚ 1 ਅਪ੍ਰੈਲ 2019 ਤੋਂ 31 ਮਾਰਚ 2024 ਤੱਕ ਦੀ ਮਿਆਦ ਲਈ ਪ੍ਰਮੁੱਖ ਸਕੱਤਰ, ਰਾਜ ਟਰਾਂਸਪੋਰਟ ਕਮਿਸ਼ਨਰ, ਰਾਜ ਟਰਾਂਸਪੋਰਟ ਅਥਾਰਟੀ, ਜਲੰਧਰ ਅਤੇ ਪਟਿਆਲਾ ਵਿਖੇ ਸਥਿਤ ਦੋ ਰਿਜ਼ਨਲ ਟਰਾਂਸਪੋਰਟ ਅਥਾਰਟੀਆਂ ਅਤੇ ਜਲੰਧਰ, ਪਟਿਆਲਾ, ਪਠਾਨਕੋਟ ਅਤੇ ਰੋਪੜ ਵਿਖੇ ਸਥਿਤ ਚਾਰ ਰਿਜ਼ਨਲ ਟਰਾਂਸਪੋਰਟ ਦਫਤਰ ਸ਼ਾਮਲ ਸਨ।

ਵਾਹਨ ਅਤੇ ਸਾਰਥੀ ਵੈੱਬ ਪੋਰਟਲਾਂ ਦੇ ਲਾਗੂ ਹੋਣ ਨਾਲ ਟਰਾਂਸਪੋਰਟ ਵਿਭਾਗ ਦੀਆ ਜ਼ਿਆਦਾਤਰ ਗਤੀਵਿਧੀਆਂ ਡਿਜੀਟਲ ਹੋਣ ਦੇ ਨਾਲ, ਲੇਖਾ ਪ੍ਰੀਖਿਆ ਨੇ ਡਾਟਾ ਵਿਸ਼ਲੇਸ਼ਣ ਤਕਨੀਕਾਂ ਰਾਹੀਂ ਇਨ੍ਹਾਂ ਐਪਲੀਕੇਸ਼ਨਾਂ ਦੇ ਫਰੰਟ-ਐਂਡ ਡਾਟਾ ਦਾ ਵਿਸ਼ਲੇਸ਼ਣ ਕੀਤਾ, ਖਾਸ ਤੌਰ 'ਤੇ ਲਾਇਸੈਂਸਿੰਗ, ਵਹੀਕਲ ਰਜਿਸਟ੍ਰੇਸ਼ਨ, ਪਰਮਿਟ ਜਾਰੀ ਕਰਨ ਅਤੇ ਕਰ ਇਕੱਤਰ ਕਰਨ ਵਰਗੇ ਸੇਵਾ ਪ੍ਰਦਾਨ ਕਰਨ ਦੇ ਕਾਰਜਾਂ ਨਾਲ ਸਬੰਧਤ ਹੈ। ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਨੇ ਚੁਣੇ ਗਏ ਰਿਜ਼ਨਲ ਟਰਾਂਸਪੋਰਟ ਅਥਾਰਟੀਆਂ ਅਤੇ ਰਿਜ਼ਨਲ ਟਰਾਂਸਪੋਰਟ ਦਫਤਰਾਂ ਵਿਖੇ ਰੱਖੇ ਗਏ ਮੈਨੂਅਲ ਰਿਕਾਰਡਾਂ ਦੀ ਵੀ ਸਮੀਖਿਆ ਕੀਤੀ ਤਾਂ ਜੋ ਲੇਖਾ ਪ੍ਰੀਖਿਆ ਕੀਤੀ ਮਿਆਦ ਦੌਰਾਨ ਵਿਭਾਗ ਦੀ ਕਾਰਗੁਜ਼ਾਰੀ ਅਤੇ ਪਾਲਣਾ ਦਾ ਵਿਆਪਕ ਮੁਲਾਂਕਣ ਕੀਤਾ ਜਾ ਸਕੇ।

ਲੇਖਾ ਉਦੇਸ਼ਾਂ, ਲੇਖਾ ਪ੍ਰੀਖਿਆ ਮਾਪਦੰਡਾਂ, ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਵਿਧੀ ਦੀ ਵਿਆਖਿਆ ਕਰਨ ਲਈ 8 ਜੁਲਾਈ 2024 ਨੂੰ ਵਧੀਕ ਰਾਜ ਟਰਾਂਸਪੋਰਟ ਕਮਿਸ਼ਨਰ ਨਾਲ ਇੱਕ ਐਂਟਰੀ ਕਾਨਫਰੰਸ ਕੀਤੀ ਗਈ ਸੀ। ਲੇਖਾ ਪ੍ਰੀਖਿਆ ਦੌਰਾਨ, ਲੱਭਤਾਂ ਅਤੇ ਟਿੱਪਣੀਆਂ ਵਿਭਾਗ ਨੂੰ ਉਨ੍ਹਾਂ ਦੇ ਜਵਾਬ ਮੰਗਣ ਲਈ ਜਾਰੀ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ, 27 ਫਰਵਰੀ 2025 ਨੂੰ ਵਧੀਕ ਮੁੱਖ ਸਕੱਤਰ, ਟਰਾਂਸਪੋਰਟ ਵਿਭਾਗ, ਪੰਜਾਬ ਸਰਕਾਰ ਦੇ ਨਾਲ ਇੱਕ ਐਗਜ਼ਿਟ ਕਾਨਫਰੰਸ ਕੀਤੀ ਗਈ ਸੀ। ਸਰਕਾਰ ਅਤੇ ਵਿਭਾਗ ਦੇ ਜਵਾਬਾਂ ਨੂੰ ਇਸ ਰਿਪੋਰਟ ਵਿੱਚ ਸਬੰਧਤ ਪੈਰ੍ਹਿਆਂ ਦੇ ਅਧੀਨ ਸ਼ਾਮਲ ਕੀਤਾ ਗਿਆ ਹੈ।

## 2.6 ਮੋਟਰ ਵਹੀਕਲ ਕਰ ਰੈਵੀਨਿਊ ਦੇ ਰੁਝਾਨ

ਅਪ੍ਰੈਲ 2019 ਤੋਂ ਮਾਰਚ 2024 ਤੱਕ ਪਿਛਲੇ ਪੰਜ ਸਾਲਾਂ ਦੌਰਾਨ ਇਕੱਤਰ ਕੀਤੇ ਮੋਟਰ ਵਹੀਕਲ ਕਰ ਪ੍ਰਾਪਤੀਆਂ ਦੀ ਸਥਿਤੀ **ਸਾਰਣੀ** 2.1 ਵਿੱਚ ਦਰਸਾਈ ਗਈ ਹੈ।

**ਸਾਰਣੀ 2.1: ਮੋਟਰ ਵਹੀਕਲ ਕਰ ਪ੍ਰਾਪਤੀਆਂ ਦੀ ਸਥਿਤੀ**

*(₹ ਕਰੋੜ ਵਿੱਚ)*

| ਸਾਲ | ਬਜਟ ਅਨੁਮਾਨ | ਸੋਧੇ ਹੋਏ ਅਨੁਮਾਨ | ਅਸਲ ਪ੍ਰਾਪਤੀਆਂ | ਅਸਲ ਪ੍ਰਾਪਤੀਆਂ ਅਤੇ ਸੋਧੇ ਹੋਏ ਅਨੁਮਾਨਾਂ ਵਿੱਚ *ਪ੍ਰਤੀਸ਼ਤ* ਭਿੰਨਤਾ | ਰਾਜ ਦਾ ਆਪਣਾ ਕਰ ਰੈਵੀਨਿਊ | ਰਾਜ ਦੇ ਆਪਣੇ ਕਰ ਰੈਵੀਨਿਊ ਵਿੱਚ ਅਸਲ ਐਮ ਵੀ ਟੀ ਪ੍ਰਾਪਤੀਆਂ ਦਾ *ਪ੍ਰਤੀਸ਼ਤ* |
|---|---|---|---|---|---|---|
| **2019-20** | 2,460.00 | 2,115.00 | 1,994.32 | (-) 5.71 | 29,994.79 | 6.65 |
| **2020-21** | 2,370.00 | 1,567.94 | 1,472.13 | (-) 6.11 | 30,052.83 | 4.90 |
| **2021-22** | 2,200.00 | 2,155.11 | 2,358.96 | (+) 9.46 | 37,326.86 | 6.32 |
| **2022-23** | 2,575.00 | 2,650.00 | 2,673.56 | (+) 0.89 | 42,243.17 | 6.33 |
| **2023-24** | 3,450.00 | 3,300.00 | 2,937.59 | (-) 10.98 | 47,252.16 | 6.22 |

*(ਸ੍ਰੋਤ: ਸਾਲਾਨਾ ਵਿੱਤੀ ਵਿਵਰਣੀਆਂ ਅਤੇ ਪੰਜਾਬ ਸਰਕਾਰ ਦੇ ਵਿੱਤ ਲੇਖੇ)*

ਸਾਲ 2019-20 ਤੋਂ 2023-24 ਲਈ ਬਜਟ ਅਨੁਮਾਨ ਅਤੇ ਅਸਲ ਪ੍ਰਾਪਤੀਆਂ ਰਾਜ ਦੀ ਟਰਾਂਸਪੋਰਟ ਰੈਵੀਨਿਊ ਪ੍ਰਣਾਲੀ ਦੇ ਪ੍ਰਬੰਧਨ ਲਈ ਰਾਜ ਦੀਆਂ ਕੋਸ਼ਿਸ਼ਾਂ ਨੂੰ ਦਰਸਾਉਂਦੀਆਂ ਹਨ। ਉਦਾਹਰਣ ਵਜੋਂ, 2020-21 ਵਿੱਚ, ਅਸਲ ਮੋਟਰ ਵਹੀਕਲ ਕਰ ਪ੍ਰਾਪਤੀਆਂ ₹ 1,472.13 ਕਰੋੜ ਸਨ, ਜੋ ਕਿ ਵਹੀਕਲ ਰਜਿਸਟ੍ਰੇਸ਼ਨ ਅਤੇ ਨਵਿਆਉਣ 'ਤੇ ਕੋਵਿਡ-19 ਦੇ ਅੰਸ਼ਕ ਪ੍ਰਭਾਵ ਕਾਰਨ ₹ 1,567.94 ਕਰੋੜ ਦੇ ਸੋਧੇ ਹੋਏ ਅਨੁਮਾਨ ਤੋਂ ਘੱਟ ਸਨ। ਹਾਲਾਂਕਿ, ਬਾਅਦ ਦੇ ਸਾਲਾਂ ਵਿੱਚ ਪ੍ਰਾਪਤੀਆਂ ਵਿੱਚ ਮਹੱਤਵਪੂਰਨ ਵਾਧਾ ਹੋਇਆ, 2021-22 ਵਿੱਚ ₹ 2,358.96 ਕਰੋੜ ਅਤੇ 2022-23 ਵਿੱਚ ਇਨ੍ਹਾਂ ਸਾਲਾਂ ਦੇ ਸੋਧੇ ਹੋਏ ਅਨੁਮਾਨਾਂ ਨੂੰ ਪਾਰ ਕਰਦਿਆਂ ₹ 2,673.56 ਕਰੋੜ ਤੱਕ ਪਹੁੰਚ ਗਿਆ। 2023-24 ਵਿੱਚ ਪ੍ਰਾਪਤੀਆਂ ਹੋਰ ਵੱਧ ਕੇ ₹ 2,937.59 ਕਰੋੜ ਹੋ ਗਈਆਂ। ਇਨ੍ਹਾਂ ਸਾਲਾਂ ਦੌਰਾਨ ਰਾਜ ਦੇ ਆਪਣੇ ਕਰ ਰੈਵੀਨਿਊ ਵਿੱਚ ਮੋਟਰ ਵਹੀਕਲ ਪ੍ਰਾਪਤੀਆਂ ਦਾ *ਪ੍ਰਤੀਸ਼ਤ* ਹਿੱਸਾ ਛੇ *ਪ੍ਰਤੀਸ਼ਤ* ਤੋਂ ਉੱਪਰ ਰਿਹਾ, ਸਿਵਾਏ ਸਾਲ 2020-21 ਜਿੱਥੇ ਕੋਵਿਡ-19 ਮਹਾਂਮਾਰੀ ਕਾਰਨ ਇਹ ਘੱਟ ਦੇ 4.90 *ਪ੍ਰਤੀਸ਼ਤ* ਰਹਿ ਗਿਆ ਸੀ।

## 2.7 ਲੇਖਾ ਪ੍ਰੀਖਿਆ ਲੱਭਤਾਂ

### 2.7.1 ਵਹੀਕਲਾਂ ਦੇ ਰਜਿਸਟ੍ਰੇਸ਼ਨਜ਼, ਫ਼ਿਟਨੈੱਸ ਸਰਟੀਫਿਕੇਟ ਅਤੇ ਪਰਮਿਟ

ਵਹੀਕਲਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ ਹੈ, ਅਤੇ ਕੋਈ ਵੀ ਮੋਟਰ ਵਹੀਕਲ ਕਿਸੇ ਵੀ ਜਨਤਕ ਸਥਾਨ ਜਾਂ ਕਿਸੇ ਹੋਰ ਜਗ੍ਹਾ ਤੇ ਜਾਇਜ਼ ਰਜਿਸਟ੍ਰੇਸ਼ਨ ਤੋਂ ਬਿਨ੍ਹਾਂ ਨਹੀਂ ਚਲਾਇਆ ਜਾਵੇਗਾ, ਇੱਕ ਟਰਾਂਸਪੋਰਟ ਵਹੀਕਲ ਨੂੰ ਰਜਿਸਟ੍ਰੇਸ਼ਨ ਸਰਟੀਫਿਕੇਟ ਤੋਂ ਇਲਾਵਾ ਪਰਮਿਟ ਅਤੇ ਫ਼ਿਟਨੈੱਸ ਸਰਟੀਫਿਕੇਟ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ।

ਰਜਿਸਟ੍ਰੇਸ਼ਨਾਂ, ਪਰਮਿਟਾਂ ਅਤੇ ਫ਼ਿਟਨੈੱਸ ਸਰਟੀਫਿਕੇਟਾਂ ਨਾਲ ਸਬੰਧਤ ਲੇਖਾ ਪ੍ਰੀਖਿਆ ਟਿੱਪਣੀਆਂ ਬਾਰੇ ਅਗਲੇ ਉਪ-ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

### 2.7.1.1 ਅਸਥਾਈ ਰਜਿਸਟ੍ਰੇਸ਼ਨ ਦੀ ਮਿਆਦ ਖਤਮ ਹੋਣ ਤੋਂ ਬਾਅਦ ਸਥਾਈ ਵਹੀਕਲ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਵਿੱਚ ਅਸਫਲਤਾ

ਮੋਟਰ ਵਹੀਕਲ ਐਕਟ, 1988 ਦੀ ਧਾਰਾ 43 ਵਿੱਚ ਇਹ ਵਿਵਸਥਾ ਕਰਦੀ ਹੈ ਕਿ ਅਰਜ਼ੀ ਦੇਣ 'ਤੇ ਵਹੀਕਲ ਦੇ ਮਾਲਕ ਨੂੰ ਇੱਕ ਮਹੀਨੇ ਦੀ ਮਿਆਦ ਦੇ ਨਾਲ ਅਸਥਾਈ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕੀਤਾ ਜਾ ਸਕਦਾ ਹੈ। ਮਾਰਚ 2021 ਵਿੱਚ, ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ 1989 ਦੇ ਅਧੀਨ ਨਿਯਮ 53ਬੀ(2) ਸ਼ਾਮਲ ਕੀਤਾ ਗਿਆ ਸੀ ਜੋ 1 ਅਪ੍ਰੈਲ 2021 ਤੋਂ ਛੇ ਮਹੀਨਿਆਂ ਲਈ ਅਸਥਾਈ ਰਜਿਸਟ੍ਰੇਸ਼ਨ ਦੀ ਵੈਧਤਾ ਪ੍ਰਦਾਨ ਕਰਦਾ ਹੈ। ਚੈਸਿਜ਼ ਵਹੀਕਲਾਂ ਦੇ ਮਾਮਲੇ ਵਿੱਚ, ਅਸਥਾਈ ਰਜਿਸਟ੍ਰੇਸ਼ਨ ਨੂੰ ਇੱਕ ਜਾਂ ਵੱਧ ਵਾਰ 30 ਦਿਨਾਂ ਲਈ ਹੋਰ ਵਧਾਇਆ ਜਾ ਸਕਦਾ ਸੀ, ਜੇ ਵਹੀਕਲ ਮਾਲਕ ਦੇ ਕੰਟਰੋਲ ਤੋਂ ਬਾਹਰ ਕਿਸੇ ਵੀ ਸਥਿਤੀ ਕਾਰਨ ਬਾਡੀ ਨੂੰ ਫ਼ਿੱਟ ਕਰਨ ਲਈ ਵਰਕਸ਼ਾਪ ਵਿੱਚ ਛੇ ਮਹੀਨਿਆਂ ਤੋਂ ਵੱਧ ਸਮੇਂ ਲਈ ਰੱਖਿਆ ਜਾਂਦਾ ਹੈ। ਅਪ੍ਰੈਲ 2023 ਵਿੱਚ, ਇਸ ਨਿਯਮ ਦੇ ਹੇਠਾਂ ਇੱਕ ਉਪਬੰਧ ਸ਼ਾਮਲ ਕੀਤਾ ਗਿਆ ਸੀ ਜਿਸ ਵਿੱਚ ਅਸਥਾਈ ਰਜਿਸਟ੍ਰੇਸ਼ਨ ਸਿਰਫ ਪੰਨਤਾਲੀ ਦਿਨਾਂ ਲਈ ਜਾਇਜ ਬਣਾਇਆ ਗਿਆ ਸੀ ਜੋ ਪੂਰੀ ਤਰ੍ਹਾਂ ਬਣੇ ਵਹੀਕਲਾਂ ਲਈ ਤਬਦੀਲੀ ਦੇ ਅਧੀਨ ਜਾਂ ਦੂਜੇ ਰਾਜ ਵਿੱਚ ਰਜਿਸਟਰ ਹੋਣ ਦੇ ਅਧੀਨ ਸਨ।

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 47(2) ਦੇ ਅਧੀਨ ਕੀਤੇ ਗਏ ਉਪਬੰਧਾਂ ਅਨੁਸਾਰ, ਅਸਥਾਈ ਰਜਿਸਟ੍ਰੇਸ਼ਨ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਮੋਟਰ ਵਹੀਕਲ ਦੀ ਸਥਾਈ ਰਜਿਸਟ੍ਰੇਸ਼ਨ ਲਈ ਅਰਜ਼ੀ ਦਿੱਤੀ ਜਾਵੇਗੀ।

ਵਾਹਨ ਪੋਰਟਲ 'ਅਸਥਾਈ ਪ੍ਰਾਪਤ ਰਿਪੋਰਟ' ਸਿਰਲੇਖ ਵਾਲੀ ਐਮ ਆਈ ਐਸ ਰਿਪੋਰਟ ਰਾਹੀਂ ਰੀਅਲ-ਟਾਈਮ ਸੂਝ ਪ੍ਰਦਾਨ ਕਰਦਾ ਹੈ, ਜੋ ਅਸਥਾਈ ਰਜਿਸਟ੍ਰੇਸ਼ਨਾਂ ਦੇ ਅੰਕੜਿਆਂ ਨੂੰ ਕੈਪਚਰ ਕਰਦਾ ਹੈ। ਇਹ ਰਿਪੋਰਟ ਟਰਾਂਸਪੋਰਟ ਵਿਭਾਗ ਦੁਆਰਾ ਸਰਗਰਮ ਨਿਗਰਾਨੀ ਲਈ ਇੱਕ ਕੀਮਤੀ ਸਾਧਨ ਵਜੋਂ ਕੰਮ ਕਰਦੀ ਹੈ। ਲੇਖਾ ਪ੍ਰੀਖਿਆ ਦੁਆਰਾ ਡਾਊਨਲੋਡ ਕੀਤੀ ਗਈ ਇਸ ਰਿਪੋਰਟ ਅਨੁਸਾਰ, ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਅਤੇ ਰਾਜ ਟਰਾਂਸਪੋਰਟ ਅਥਾਰਟੀ ਵਿੱਚ ਸਥਾਈ ਰਜਿਸਟ੍ਰੇਸ਼ਨ ਨੰਬਰ ਪ੍ਰਾਪਤ ਕਰਨ ਲਈ 2019-20 ਅਤੇ 2023-24 ਦੇ ਵਿਚਕਾਰ 60,986 ਅਸਥਾਈ ਰਜਿਸਟ੍ਰੇਸ਼ਨ[3] ਜਾਰੀ ਕੀਤੇ ਗਏ ਸਨ। ਇਨ੍ਹਾਂ ਅੰਕੜਿਆਂ ਦੀ ਪੜਤਾਲ (ਜੁਲਾਈ ਤੋਂ ਦਸੰਬਰ 2024) ਤੋਂ ਪਤਾ ਲੱਗਿਆ ਹੈ ਕਿ 3,404 ਵਹੀਕਲ ਮਾਲਕਾਂ[4] (5.58 *ਪ੍ਰਤੀਸ਼ਤ*) ਨੇ ਲੇਖਾ ਪ੍ਰੀਖਿਆ ਦੀਆਂ ਤਰੀਕਾਂ ਤੱਕ ਅਸਥਾਈ ਰਜਿਸਟ੍ਰੇਸ਼ਨ ਦੀ ਵੈਧਤਾ ਮਿਆਦ[5] ਖਤਮ ਹੋਣ ਤੋਂ ਬਾਅਦ ਵੀ ਸਥਾਈ ਰਜਿਸਟ੍ਰੇਸ਼ਨ ਲਈ ਅਰਜ਼ੀ ਨਹੀਂ ਦਿੱਤੀ। ਇਨ੍ਹਾਂ ਮਾਮਲਿਆਂ ਵਿੱਚ ਅਸਥਾਈ ਰਜਿਸਟ੍ਰੇਸ਼ਨ ਦੀ ਵੈਧਤਾ ਖਤਮ ਹੋਣ ਤੋਂ ਬਾਅਦ ਵੱਧ ਤੋਂ ਵੱਧ

---


3 ਜਲੰਧਰ: 15,657, ਪਟਿਆਲਾ: 18,972, ਪਠਾਨਕੋਟ: 2,327, ਰੋਪੜ: 1,582 ਅਤੇ ਐਸ ਟੀ ਏ: 22,448

4 ਜਲੰਧਰ: 809, ਪਟਿਆਲਾ: 1,234, ਪਠਾਨਕੋਟ: 490, ਰੋਪੜ: 235 ਅਤੇ ਐਸ ਟੀ ਏ: 636

5 ਕਿਉਂਕਿ ਡਾਟਾ ਵਿੱਚ ਪੂਰੀ ਤਰ੍ਹਾਂ ਬਣੇ ਵਹੀਕਲਜ਼ ਲਈ ਲਾਗੂ ਪੰਨਤਾਲੀ ਦਿਨਾਂ ਦੀ ਵੈਧਤਾ ਦਾ ਪਤਾ ਲਗਾਉਣ ਲਈ ਜਾਣਕਾਰੀ ਨਹੀਂ ਸੀ, ਲੇਖਾ ਪ੍ਰੀਖਿਆ ਨੇ ਇੱਕ ਕੱਨਜ਼ਰਵੇਟਿਵ ਲੇਖਾ ਪ੍ਰੀਖਿਆ ਪਹੁੰਚ ਅਪਣਾਈ ਅਤੇ ਸਾਰੇ ਮਾਮਲਿਆਂ ਵਿੱਚ ਛੇ ਮਹੀਨਿਆਂ ਦੀ ਵੈਧਤਾ ਲਈ ਗਈ।

2,365 ਦਿਨਾਂ ਦੀ ਦੇਰੀ ਦੇ ਨਾਲ ਔਸਤਨ ਦੇਰੀ 927 ਦਿਨ ਸੀ। ਅਸਥਾਈ ਰਜਿਸਟ੍ਰੇਸ਼ਨਾਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਸਥਾਈ ਰਜਿਸਟ੍ਰੇਸ਼ਨਾਂ ਲਈ ਅਰਜ਼ੀ ਦੇਣ ਦੀ ਦੇਰੀ ਨੂੰ ਗ੍ਰਾਫਿਕਲ ਪੇਸ਼ਕਾਰੀ **ਚਾਰਟ** 2.1 ਵਿੱਚ ਦਿਖਾਇਆ ਗਿਆ ਹੈ।

**ਚਾਰਟ 2.1: ਅਸਥਾਈ ਰਜਿਸਟ੍ਰੇਸ਼ਨ ਖਤਮ ਹੋਣ ਤੋਂ ਬਾਅਦ ਸਥਾਈ ਰਜਿਸਟ੍ਰੇਸ਼ਨ ਲਈ ਅਰਜ਼ੀ ਦੇਣ ਵਿੱਚ ਦੇਰੀ**




ਵਾਹਨ ਉੱਤੇ ਐਮ ਆਈ ਐਸ ਰਿਪੋਰਟ ਰਾਹੀਂ ਉਪਲਬਧ ਰੀਅਲ-ਟਾਈਮ ਜਾਣਕਾਰੀ ਤੱਕ ਪਹੁੰਚ ਹੋਣ ਦੇ ਬਾਵਜੂਦ, ਵਿਭਾਗ ਸਰਗਰਮ ਕਾਰਵਾਈ ਕਰਨ ਲਈ ਇਸ ਦਾ ਲਾਭ ਉਠਾਉਣ ਵਿੱਚ ਅਸਫਲ ਰਿਹਾ। ਇਹ ਕੁਸ਼ਲ ਨਿਗਰਾਨੀ ਅਤੇ ਲਾਗੂਕਰਨ ਲਈ ਉੱਨਤ ਡਿਜ਼ੀਟਲ ਸਾਧਨਾਂ ਦੀ ਵਰਤੋਂ ਕਰਨ ਵਿੱਚ ਇੱਕ ਮਹੱਤਵਪੂਰਨ ਪਾੜੇ ਨੂੰ ਦਰਸਾਉਂਦਾ ਹੈ।

ਧਿਆਨ ਵਿੱਚ ਲਿਆਂਦੇ ਜਾਣੇ ਤੇ, ਵਿਭਾਗ ਨੇ ਦੱਸਿਆ (ਅਪ੍ਰੈਲ 2025) ਕਿ ਸਾਰੇ ਆਰ ਟੀ ਓਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਕਾਨੂੰਨੀ ਉਪਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਈ ਵਹੀਕਲਾਂ ਦੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ। ਵਿਭਾਗ ਨੇ ਅੱਗੇ ਦੱਸਿਆ ਕਿ ਵਹੀਕਲ ਦੀ ਸਮੇਂ ਸਿਰ ਰਜਿਸਟ੍ਰੇਸ਼ਨ ਲਈ ਵਾਹਨ ਪੋਰਟਲ ਦੁਆਰਾ ਸਬੰਧਤਾਂ ਨੂੰ ਐਸ ਐਮ ਐਸ ਵੀ ਭੇਜਿਆ ਜਾਂਦਾ ਹੈ।

### 2.7.1.2 ਮੋਟਰ ਵਹੀਕਲਾਂ ਦੀ ਰਜਿਸਟ੍ਰੇਸ਼ਨ ਵਿੱਚ ਵਿਸੰਗਤੀਆਂ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 122 ਨਿਰਮਿਤ ਮੋਟਰ ਵਹੀਕਲਾਂ ਨੂੰ ਵਿਲੱਖਣ ਚੈਸਿਜ਼ ਨੰਬਰ ਅਤੇ ਇੰਜਣ ਨੰਬਰ ਨਿਰਧਾਰਤ ਕਰਨ ਲਈ ਵਿਵਸਥਾ ਕਰਦਾ ਹੈ। ਇਹ ਵਿਲੱਖਣ ਨੰਬਰ ਵਹੀਕਲਾਂ ਦੀ ਪਛਾਣ ਲਈ ਬਹੁਤ ਮਹੱਤਵਪੂਰਨ ਹਨ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਵਾਹਨ ਤੋਂ ਡਾਊਨਲੋਡ ਕੀਤੀ ਗਈ 'ਰਜਿਸਟਰਡ ਵਹੀਕਲਜ਼ ਰਿਪੋਰਟ' ਦੇ ਡਾਟੇ ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ (ਅਗਸਤ 2024) ਕਿ ਆਰ ਟੀ ਓ ਪਟਿਆਲਾ

ਅਧੀਨ 10 ਰਜਿਸਟਰਡ ਵਹੀਕਲਾਂ ਦੇ ਮੁਕਾਬਲੇ ਪੰਜ ਵਿਲੱਖਣ ਇੰਜਣ ਨੰਬਰਾਂ ਦੀ ਵਰਤੋਂ ਕੀਤੀ ਗਈ ਸੀ। ਇਨ੍ਹਾਂ ਵਿੱਚੋਂ, ਇੱਕ ਮਾਮਲੇ ਵਿੱਚ ਦੋ ਵਹੀਕਲਾਂ ਲਈ ਇੰਜਣ ਦੇ ਨਾਲ-ਨਾਲ ਚੈਸਿਜ਼ ਨੰਬਰ ਦੀ ਵਰਤੋਂ ਕੀਤੀ ਗਈ ਸੀ। ਮਾਮਲਾ ਹੇਠਾਂ ਦਰਸਾਇਆ ਗਿਆ ਹੈ।

ਜੁਲਾਈ 2019 ਵਿੱਚ ਆਰ ਟੀ ਓ ਪਟਿਆਲਾ ਕੋਲ ਰਜਿਸਟ੍ਰੇਸ਼ਨ ਨੰਬਰ PB11****72 ਇੰਜਣ ਨੰਬਰ H*1*E*J*M*7*4* ਅਤੇ ਚੈਸਿਜ਼ ਨੰਬਰ M*L*A*0*2*H*0*9*5 ਨਾਲ ਇੱਕ ਦੋ ਪਹੀਆ ਰਜਿਸਟਰ ਕੀਤਾ ਗਿਆ ਸੀ। ਫਰਵਰੀ 2020 ਦੇ ਮਹੀਨੇ ਵਿੱਚ, ਆਰ ਟੀ ਓ ਪਟਿਆਲਾ ਨੇ ਰਜਿਸਟ੍ਰੇਸ਼ਨ ਨੰਬਰ PB11****49 ਨਾਲ ਇੱਕ ਹੋਰ ਦੋ ਪਹੀਆ ਰਜਿਸਟਰ ਕੀਤਾ ਜਿਸ ਦਾ ਇੰਜਣ ਅਤੇ ਚੈਸਿਜ਼ ਨੰਬਰ ਉਹੋ ਹੀ ਸੀ।

ਇਹ ਵਿਸੰਗਤੀਆਂ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਗੰਭੀਰ ਖਾਮੀਆਂ ਨੂੰ ਉਜਾਗਰ ਕਰਦੀਆਂ ਹਨ ਅਤੇ ਨਾਲ ਹੀ ਪ੍ਰਣਾਲੀ ਦੀ ਸ਼ੁੱਧਤਾ ਅਤੇ ਭਰੋਸੇਯੋਗਤਾ ਬਾਰੇ ਚਿੰਤਾਵਾਂ ਪੈਦਾ ਕਰਦੀਆਂ ਹਨ ਕਿਉਂਕਿ ਵਾਹਨ ਪ੍ਰਣਾਲੀ ਵਿੱਚ ਲੋੜੀਂਦੀਆਂ ਪ੍ਰਮਾਣਿਕਤਾ ਜਾਂਚਾਂ ਗਾਇਬ ਜਾਪਦੀਆਂ ਹਨ ਜੋ ਵਹੀਕਲਾਂ ਦੀ ਰਜਿਸਟ੍ਰੇਸ਼ਨ ਦੌਰਾਨ ਇੰਜਣ ਅਤੇ ਚੈਸਿਜ਼ ਨੰਬਰ ਦੇ ਡੁਪਲੀਕੇਟ ਡਾਟਾ ਨੂੰ ਕੈਪਚਰ ਕਰਨ ਤੋਂ ਬਚਣ ਲਈ ਜ਼ਰੂਰੀ ਹਨ।

ਧਿਆਨ ਵਿੱਚ ਲਿਆਂਦੇ ਜਾਣੇ ਤੇ, ਵਿਭਾਗ ਨੇ ਕਿਹਾ (ਅਪ੍ਰੈਲ 2025) ਕਿ ਵਰਤਮਾਨ ਵਿੱਚ ਵਾਹਨ ਵਿੱਚ ਡਾਟਾ ਦੀ ਨਕਲ ਸੰਭਵ ਨਹੀਂ ਹੈ ਪਰ ਦਰਸਾਏ ਗਏ ਮਾਮਲੇ 2019 ਵਿੱਚ ਡੀਲਰ ਦੇ ਵਲੋਂ ਡਾਟਾ ਦਰਜ ਕੀਤਾ ਗਿਆ ਸੀ। ਜ਼ਿੰਮੇਵਾਰੀ ਤੈਅ ਕਰਨ ਲਈ ਮਾਮਲੇ, ਦੀ ਜਾਂਚ ਕੀਤੀ ਜਾਵੇਗੀ।

#### 2.7.1.3 ਫ਼ਿਟਨੈੱਸ ਸਰਟੀਫਿਕੇਟਾਂ ਦਾ ਨਾ-ਨਵਿਆਉਣਾਂ

ਮੋਟਰ ਵਹੀਕਲਜ਼ ਐਕਟ, 1988 ਦੀ ਧਾਰਾ 56(1) ਕਹਿੰਦੀ ਹੈ ਕਿ ਇੱਕ ਟਰਾਂਸਪੋਰਟ ਵਹੀਕਲ ਨੂੰ ਉਦੋਂ ਤੱਕ ਜਾਇਜ਼ ਤੌਰ 'ਤੇ ਰਜਿਸਟਰਡ ਨਹੀਂ ਮੰਨਿਆ ਜਾਵੇਗਾ ਜਕੋਂ ਤੱਕ ਉਸ ਕੋਲ ਫ਼ਿਟਨੈੱਸ ਸਰਟੀਫਿਕੇਟ ਨਹੀਂ ਹੁੰਦਾ। ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 62(1) ਦੇ ਅਨੁਸਾਰ, ਅੱਠ ਸਾਲ ਤੱਕ ਪੁਰਾਣੇ ਵਹੀਕਲਾਂ ਦੇ ਮਾਮਲੇ ਵਿੱਚ ਟਰਾਂਸਪੋਰਟ ਵਹੀਕਲਾਂ ਨੰ ਹਰ ਦੋ ਸਾਲਾਂ ਵਿੱਚ ਇੱਕ ਵਾਰ ਅਤੇ ਅੱਠ ਸਾਲ ਤੋਂ ਵੱਧ ਪੁਰਾਣੇ ਵਹੀਕਲਾਂ ਲਈ ਫ਼ਿਟਨੈੱਸ ਸਰਟੀਫਿਕੇਟ ਦੇ ਨਵਿਆਉਣ ਲਈ ਸਾਲਾਨਾ ਫ਼ਿਟਨੈੱਸ ਟੈਸਟ ਕਰਵਾਉਣਾ ਲਾਜ਼ਮੀ ਹੈ। ਈ-ਰਿਕਸ਼ਾ ਅਤੇ ਈ-ਕਾਰਟ ਦੇ ਮਾਮਲੇ ਵਿੱਚ, ਫ਼ਿਟਨੈੱਸ ਸਰਟੀਫਿਕੇਟ ਨਵਿਆਉਣ ਦੀ ਮਿਆਦ ਤਿੰਨ ਸਾਲ ਹੈ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਅਤੇ ਰਾਜ ਟਰਾਂਸਪੋਰਟ ਅਥਾਰਟੀ ਦੇ ਸਬੰਧ ਵਿੱਚ ਵਾਹਨ ਤੋਂ ਡਾਊਨਲੋਡ ਕੀਤੀ ਗਈ 'ਫ਼ਿਟਨੈੱਸ ਐਕਸਪਾਇਰਡ ਰਿਪੋਰਟਾਂ' ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ ਫ਼ਿਟਨੈੱਸ ਦੇ ਮਿਆਦ ਪੂਰਾ ਹੋ ਚੁੱਕੇ ਸਰਟੀਫਿਕੇਟ ਵਾਲੇ 6,665 ਵਹੀਕਲਾਂ[6] ਨੇ ਪੋਲਿਊਸ਼ਨ ਕੰਟਰੋਲ ਅਧੀਨ ਸਰਟੀਫਿਕੇਟ' (ਪੀ ਯੂ ਸੀ ਸੀ) ਪ੍ਰਾਪਤ ਕੀਤਾ ਹੈ। ਇਨ੍ਹਾਂ ਵਿੱਚੋਂ, ਲੇਖਾ ਪ੍ਰੀਖਿਆ ਨੇ 90 ਵਹੀਕਲਾਂ[7]

[6] ਜਲੰਧਰ: 3,330, ਪਟਿਆਲਾ: 1,877 ਅਤੇ ਐਸ ਟੀ ਏ: 1,458

[7] ਜਲੰਧਰ, ਪਟਿਆਲਾ ਅਤੇ ਐਸ ਟੀ ਏ ਹਰ ਇੱਕ ਵਿੱਚ 30

ਦੀ ਨਮੂਨਾ-ਜਾਂਚ ਕੀਤੀ ਅਤੇ ਦੇਖਿਆ ਗਿਆ ਕਿ 40 ਮਾਮਲਿਆਂ[8] ਵਿੰਚ ਪੀ ਯੂ ਸੀ ਵਹੀਕਲ ਮਾਲਕਾਂ ਦੁਆਰਾ ਫ਼ਿਟਨੈੱਸ ਸਰਟੀਫਿਕੇਟ ਦੀ ਮਿਆਦ ਖਤਮ ਹੋਣ ਦੀ ਮਿਤੀ ਤੋਂ ਬਾਅਦ ਪ੍ਰਾਪਤ ਕੀਤੇ ਗਏ ਸਨ, ਜਿਸ ਨਾਲ ਇਹ ਪ੍ਰਭਾਵ ਪਿਆ ਕਿ ਇਹ ਵਹੀਕਲ ਫ਼ਿਟਨੈੱਸ ਸਰਟੀਫਿਕੇਟ ਨੂੰ ਨਵਿਆਉਣ ਤੋਂ ਬਿਨ੍ਹਾਂ ਸੜਕਾਂ 'ਤੇ ਚੱਲਦੇ ਹੋਣਗੇ। ਫ਼ਿਟਨੈੱਸ ਸਰਟੀਫਿਕੇਟ ਪ੍ਰਾਪਤ ਕੀਤੇ ਬਿਨ੍ਹਾਂ ਵਹੀਕਲਾਂ ਦੀ ਆਵਾਜਾਈ ਜਨਤਕ ਸੁਰੱਖਿਆ ਅਤੇ ਵਾਤਾਵਰਣ ਲਈ ਮਹੱਤਵਪੂਰਣ ਜੋਖਮ ਪੈਦਾ ਕਰਦੀ ਹੈ ਅਤੇ ਟਰਾਂਸਪੋਰਟ ਅਥਾਰਟੀਆਂ ਦੁਆਰਾ ਨਿਗਰਾਨੀ ਵਿੱਚ ਖਾਮੀਆਂ ਨੂੰ ਉਜਾਗਰ ਕਰਦੀ ਹੈ।

ਇਸ ਤੋਂ ਇਲਾਵਾ, ਲਾਗੂਕਰਨ ਦੀ ਵਿਧੀ ਦੀ ਪ੍ਰਭਾਵਸ਼ੀਲਤਾ ਦਾ ਪਤਾ ਲਗਾਉਣ ਲਈ, ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਦੌਰਾਨ ਵੱਖ-ਵੱਖ ਉਲੰਘਣਾਵਾਂ ਲਈ ਇੱਕ ਆਰ ਟੀ ਓ ਅਤੇ ਦੋ ਆਰ ਟੀ ਏਜ਼ ਦੁਆਰਾ ਜਾਰੀ ਕੀਤੇ ਗਏ 4,431 ਚਲਾਨਾਂ[9] ਦੇ ਰਿਕਾਰਡਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ ਕਿਸੇ ਵੀ ਇਤਰਾਜ਼ ਕੀਤੇ ਵਹੀਕਲ ਨੂੰ ਇਸ ਪਹਿਲੂ 'ਤੇ ਚਲਾਨ ਜਾਰੀ ਨਹੀਂ ਕੀਤੇ ਗਏ ਸਨ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਕਿਹਾ (ਅਪ੍ਰੈਲ 2025) ਕਿ ਆਰ ਟੀ ਓਜ਼ ਅਤੇ ਸਟੇਟ ਟਰਾਂਸਪੋਰਟ ਅਥਾਰਟੀ ਨੂੰ ਇਸ ਮਾਮਲੇ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ।

### 2.7.1.4 ਮੋਟਰ ਵਹੀਕਲ ਕਰ ਦੇ ਭੁਗਤਾਨ ਤੋਂ ਬਿਨ੍ਹਾਂ ਫ਼ਿਟਨੈੱਸ ਸਰਟੀਫਿਕੇਟ ਜਾਰੀ ਕਰਨਾ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 73 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਫ਼ਿਟਨੈੱਸ ਸਰਟੀਫਿਕੇਟ ਜਾਰੀ ਕਰਨ ਜਾਂ ਨਵਿਆਉਣ ਲਈ ਅਰਜ਼ੀ ਉਦੋਂ ਤੱਕ ਸਵੀਕਾਰ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਇਸ ਦੇ ਨਾਲ ਰਿਜ਼ਨਲ ਟਰਾਂਸਪੋਰਟ ਅਫਸਰ ਜਾਂ ਜਿਸਦੇ ਖੇਤਰਫਲ ਵਿੱਚ ਅਧਿਕਾਰ ਖੇਤਰ ਹੈ ਤੋਂ ਕਰ ਕਲੀਅਰੈਂਸ ਸਰਟੀਫਿਕੇਟ ਨਹੀਂ ਹੁੰਦਾ ਕਿ ਵਹੀਕਲ ਦਾ ਮੋਟਰ ਵਹੀਕਲ ਕਰ ਜਾਂ ਕੋਈ ਕੰਪਾਊਂਡਿੰਗ ਫੀਸ ਬਕਾਇਆ ਨਹੀਂ ਹੈ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਅਤੇ ਰਾਜ ਟਰਾਂਸਪੋਰਟ ਅਥਾਰਟੀ ਦੇ ਸਬੰਧ ਵਿੱਚ ਵਾਹਨ ਤੋਂ ਡਾਊਨਲੋਡ ਕੀਤੀ ਗਈ 'ਫ਼ਿਟਨੈੱਸ ਇਸ਼ੂਡ ਰਿਪੋਰਟ' ਅਤੇ 'ਕਰ ਡਿਫਾਲਟਰ ਰਿਪੋਰਟ' ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ 105 ਵਹੀਕਲਾਂ ਨਾਲ ਜੁੜੇ 209 ਮਾਮਲੇ[10] ਕਰ ਡਿਫਾਲਟਰਾਂ ਦੀ ਸੂਚੀ ਵਿੱਚ ਸਨ ਜਿੱਥੇ ਫ਼ਿਟਨੈੱਸ ਸਰਟੀਫਿਕੇਟ ਜਾਰੀ ਕੀਤੇ ਗਏ ਸਨ। ਇਨ੍ਹਾਂ ਵਿੱਚੋਂ, ਲੇਖਾ ਪ੍ਰੀਖਿਆ ਨੇ 39 ਵਹੀਕਲਾਂ ਦੀ ਹਿਸਟਰੀ ਦੀ ਜਾਂਚ ਕੀਤੀ ਗਈ ਅਤੇ ਦੇਖਿਆ ਗਿਆ ਕਿ ਆਰ ਟੀ ਓ ਪਟਿਆਲਾ ਅਧੀਨ ਤਿੰਨ ਵਹੀਕਲਾਂ ਵਿੱਚ ਫ਼ਿਟਨੈੱਸ ਸਰਟੀਫਿਕੇਟ ਅਪਲਾਈ ਕੀਤੇ ਗਏ ਸਨ ਅਤੇ ਕਰ ਬਕਾਏ ਦਾ ਭੁਗਤਾਨ ਕੀਤੇ ਬਿਨ੍ਹਾਂ ਜਾਰੀ ਕੀਤੇ ਗਏ ਸਨ।

ਧਿਆਨ ਵਿੱਚ ਲਿਆਂਦੇ ਜਾਣ ਤੇ, ਵਿਭਾਗ ਨੇ ਕਿਹਾ (ਅਪ੍ਰੈਲ 2025) ਕਿ ਵਰਤਮਾਨ ਵਿੱਚ ਵਾਹਨ

---

[8] ਜਲੰਧਰ: 14, ਪਟਿਆਲਾ: 13 ਅਤੇ ਐਸ ਟੀ ਏ: 13

[9] ਆਰ ਟੀ ਏ ਜਲੰਧਰ: 1,866, ਆਰ ਟੀ ਏ ਪਟਿਆਲਾ: 2,531 ਅਤੇ ਆਰ ਟੀ ਓ ਜਲੰਧਰ: 34

[10] ਜਲੰਧਰ: 4, ਪਟਿਆਲਾ: 7 ਅਤੇ ਐਸ ਟੀ ਏ: 198

ਪ੍ਰਣਾਲੀ ਵਿੱਚ ਵੈਲੀਡੇਸ਼ਨ ਚੈੱਕ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਫ਼ਿਟਨੈੱਸ ਸਰਟੀਫਿਕੇਟ ਜਾਰੀ ਕਰਨ ਤੋਂ ਪਹਿਲਾਂ ਕਰ ਕਲੀਅਰੈਂਸ ਜਾਰੀ ਕੀਤੀ ਜਾਵੇ ਅਤੇ ਕਰ ਕਲੀਅਰੈਂਸ ਤੋਂ ਬਿਨ੍ਹਾਂ ਨਵਿਆਉਣਾ ਸੰਭਵ ਨਹੀਂ ਹੈ। ਹਾਲਾਂਕਿ, ਜਾਂਚ ਸ਼ੁਰੂ ਕੀਤੀ ਗਈ ਹੈ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

### 2.7.1.5 ਵਹੀਕਲ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਵਿੱਚ ਲੰਬਿਤਤਾਂ ਅਤੇ ਦੇਰੀ

ਮੋਟਰ ਵਹੀਕਲ ਐਕਟ, 1988 ਦੀ ਧਾਰਾ 40 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਮੋਟਰ ਵਹੀਕਲ ਦਾ ਹਰੇਕ ਮਾਲਕ ਵਹੀਕਲ ਨੂੰ ਉਸ ਰਾਜ ਵਿੱਚ ਕਿਸੇ ਵੀ ਰਜਿਸਟਰਿੰਗ ਅਥਾਰਟੀ ਦੁਆਰਾ ਰਜਿਸਟਰ ਕਰੇਗਾ ਜਿਸ ਦੇ ਅਧਿਕਾਰ ਖੇਤਰ ਵਿੱਚ ਉਸਦਾ ਨਿਵਾਸ ਜਾਂ ਕਾਰੋਬਾਰ ਦਾ ਸਥਾਨ ਹੈ ਜਿੱਥੇ ਵਹੀਕਲ ਆਮ ਤੌਰ 'ਤੇ ਰੱਖਿਆ ਜਾਂਦਾ ਹੈ। ਇਸ ਦੇ ਨਾਲ ਹੀ, ਐਕਟ ਦੀ ਧਾਰਾ 41(3) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਰਜਿਸਟਰਿੰਗ ਅਥਾਰਟੀ ਨਿਰਧਾਰਤ ਫਾਰਮ ਵਿੱਚ ਮਾਲਕ ਦੇ ਨਾਂਅ 'ਤੇ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ ਜਾਰੀ ਕਰੇਗੀ। ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਦੀ ਸਮਾਂ ਸੀਮਾ 21 ਕੰਮਕਾਜੀ ਦਿਨ ਹਨ ਜਿਵੇਂ ਕਿ ਪੰਜਾਬ ਸਰਕਾਰ ਦੇ ਪ੍ਰਸ਼ਾਸਕੀ ਸੁਧਾਰ ਵਿਭਾਗ ਦੁਆਰਾ ਫਰਵਰੀ 2019 ਵਿੱਚ ਅਧਿਸੂਚਿਤ[11] ਕੀਤਾ ਗਿਆ ਸੀ।

**[ੳ]** ***ਵਹੀਕਲ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਵਿੱਚ ਦੇਰੀ*** : ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਅਤੇ ਰਾਜ ਟਰਾਂਸਪੋਰਟ ਅਥਾਰਟੀ ਦੇ ਸਬੰਧ ਵਿੱਚ ਵਾਹਨ ਤੋਂ ਡਾਊਨਲੋਡ ਕੀਤੀ ਗਈ 'ਅਪਰੂਵ ਟਰਾਂਜੈਕਸ਼ਨ ਰਿਪੋਰਟ' ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ 24,622 ਨਵੇਂ ਵਹੀਕਲਜ਼ ਵਿਰੁੱਧ ਰਜਿਸਟ੍ਰੇਸ਼ਨ ਨੂੰ ਫੀਸ/ਕਰ ਦੇ ਭੁਗਤਾਨ ਦੀ ਮਿਤੀ ਤੋਂ 21 ਕੰਮਕਾਜੀ ਦਿਨ੍ਹਾਂ[12] ਦੀ ਨਿਰਧਾਰਤ ਸਮਾਂ ਸੀਮਾ ਤੋਂ ਬਾਅਦ ਦੇਰੀ ਨਾਲ ਮਨਜ਼ੂਰੀ ਦਿੱਤੀ ਗਈ ਸੀ।

ਲੇਖਾ ਪ੍ਰੀਖਿਆ ਨੇ 150 ਵਹੀਕਲਾਂ ਦੇ ਲੈਣ-ਦੇਣ ਦੀ ਹਿਸਟਰੀ ਦੀ ਨਮੂਨਾ-ਜਾਂਚ ਕੀਤੀ ਗਈ ਅਤੇ ਦੇਖਿਆ ਕਿ 147 ਵਹੀਕਲਾਂ[13] ਵਿਰੁੱਧ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਵਿੱਚ ਵੱਧ ਤੋਂ ਵੱਧ 543 ਦਿਨਾਂ ਦੀ ਦੇਰੀ ਦੇ ਨਾਲ ਔਸਤਨ ਦੇਰੀ 72 ਦਿਨਾਂ ਦੀ ਹੋਈ। ਦੇਰੀ ਨੂੰ **ਸਾਰਣੀ** 2.2 ਗ੍ਰਾਫਿਕਲ ਪੇਸ਼ਕਾਰੀ **ਚਾਰਟ** 2.2 ਵਿੱਚ ਹੇਠਾਂ ਦਰਸਾਇਆ ਗਿਆ ਹੈ।

**ਸਾਰਣੀ 2.2: ਰਿਜ਼ਨਲ ਟਰਾਂਸਪੋਰਟ ਦਫਤਰ ਵਾਰ ਵਹੀਕਲ ਨੂੰ ਜਾਰੀ ਕਰਨ ਵਿੱਚ ਦੇਰੀ**


| ਦੇਰੀ | ਜਲੰਧਰ | ਪਟਿਆਲਾ | ਪਠਾਨਕੋਟ | ਰੋਪੜ | ਰਾਜ ਟਰਾਸਪੋਰਟ ਅਥਾਰਟੀ | ਜੋੜ |
|---|---|---|---|---|---|---|
| 1 ਤੋਂ 30 ਦਿਨਾਂ | 10 | 0 | 18 | 13 | 21 | **62** |
| 31 ਤੋਂ 60 ਦਿਨਾਂ | 7 | 11 | 5 | 4 | 5 | **32** |
| 61 ਤੋਂ 90 ਦਿਨਾਂ | 5 | 5 | 1 | 5 | 2 | **18** |
| 91 ਤੋਂ 180 ਦਿਨਾਂ | 5 | 7 | 2 | 5 | 1 | **20** |
| 181 ਤੋਂ 365 ਦਿਨਾਂ | 2 | 4 | 3 | 3 | 0 | **12** |
| 365 ਦਿਨਾਂ ਤੋਂ ਜਿਆਦਾ | 1 | 2 | 0 | 0 | 0 | **3** |

11 ਅਧਿਸੂਚਨਾ ਨੰ. 5/7/2018-2ਜੀ ਆਰ/152 ਮਿਤੀ 5 ਫਰਵਰੀ 2019

12 ਛੁੱਟੀਆਂ/ਵੀਕਐਂਡ ਦੇ ਕਾਰਨ 30 ਦਿਨਾਂ ਦੀ ਆਗਿਆ ਦੇ ਕੇ ਦੇਰੀ ਤੇ ਕੰਮ ਕੀਤਾ ਗਿਆ ਹੈ।

13 ਜਲੰਧਰ: 30, ਪਠਾਨਕੋਟ: 29, ਪਟਿਆਲਾ: 29, ਰੋਪੜ: 30, ਅਤੇ ਐਸ ਟੀ ਏ: 29

**ਚਾਰਟ 2.2: ਵਹੀਕਲ ਰਜਿਸਟ੍ਰੇਸ਼ਨ ਜਾਰੀ ਕਰਨ ਵਿੱਚ ਦੇਰੀ**




**[ਅ]** ***ਵਹੀਕਲ ਰਜਿਸਟ੍ਰੇਸ਼ਨ ਰਸਟੀਫਿਕੇਟ ਜਾਰੀ ਕਰਨ ਵਿੱਚ ਲੰਬਿਤਤਾ*** : ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਅਤੇ ਰਾਜ ਟਰਾਂਸਪੋਰਟ ਅਥਾਰਟੀ ਦੇ ਸਬੰਧ ਵਿੱਚ ਵਾਹਨ ਤੋਂ ਡਾਉਨਲੋਡ ਕੀਤੀ ਗਈ 'ਰਜਿਸਟਰਡ ਵਹੀਕਲਜ਼ ਰਿਪੋਰਟ' ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ 3,089 ਮਾਮਲਿਆਂ ਵਿੱਚ ਰਜਿਸਟ੍ਰੇਸ਼ਨ ਦੀ ਸਥਿਤੀ 'ਰਜਿਸਟ੍ਰੇਸ਼ਨ ਨੰਬਰ ਤਿਆਰ ਕੀਤਾ ਗਿਆ, ਵਿੱਚ ਪ੍ਰਵਾਨਗੀ ਪ੍ਰਗਤੀ ਵਿੱਚ' ਵਜੋਂ ਦਰਸਾਈ ਗਈ ਸੀ ਜਿਸ ਦਾ ਭਾਵ ਹੈ ਕਿ ਇਨ੍ਹਾਂ ਰਜਿਸਟ੍ਰੇਸ਼ਨ ਸਰਟੀਫਿਕੇਟਾਂ ਦੀ ਪ੍ਰਵਾਨਗੀ ਲੰਬਿਤ ਸੀ।


ਇਨ੍ਹਾਂ ਵਿਚੋਂ, ਲੇਖਾ ਪ੍ਰੀਖਿਆ ਨੇ 150 ਵਹੀਕਲਾਂ[14] ਦੀ ਵਹੀਕਲ ਹਿਸਟਰੀ ਦੀ ਜਾਂਚ ਕੀਤੀ ਗਈ ਅਤੇ ਪਾਇਆ ਗਿਆ ਕਿ 96 ਵਹੀਕਲਾਂ[15] ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਔਸਤਨ 739 ਦਿਨਾਂ ਦੀ ਮਨਜ਼ੂਰੀ ਲਈ ਲੰਬਿਤ ਸਨ। ਵੱਧ ਤੋਂ ਵੱਧ 4,966 ਦਿਨਾਂ ਦੇ ਨਾਲ ਬਾਕੀ 54 ਵਹੀਕਲਾਂ[16] ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਵਹੀਕਲ ਹਿਸਟਰੀ ਦੀ ਲੇਖਾ ਪ੍ਰੀਖਿਆ ਜਾਂਚ ਪੂਰੀ ਹੋਣ ਤੱਕ ਮਨਜ਼ੂਰ ਹੋ ਗਏ ਸਨ। ਲੇਖਾ ਪ੍ਰੀਖਿਆ ਦੀ ਮਿਤੀ ਤੱਕ ਲੰਬਿਤ ਸਮਾਂ-ਸੀਮਾਂ ਨੂੰ **ਚਾਰਟ** 2.3 ਵਿੱਚ ਦਰਸਾਇਆ ਗਿਆ ਹੈ।

[14] ਚਾਰ ਆਰ ਟੀ ਓਜ਼ ਅਤੇ ਐਸ ਟੀ ਏ ਹਰ ਇੱਕ ਵਿੱਚ 30

[15] ਜਲੰਧਰ: 22, ਪਟਿਆਲਾ: 19, ਪਠਾਨਕੋਟ: 23, ਰੋਪੜ: 19 ਅਤੇ ਐਸ ਟੀ ਏ: 13

[16] ਜਲੰਧਰ: 8, ਪਟਿਆਲਾ: 11, ਪਠਾਨਕੋਟ: 7, ਰੋਪੜ: 11 ਅਤੇ ਐਸ ਟੀ ਏ: 17

**ਚਾਰਟ 2.3: ਵਹੀਕਲ ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਜਾਰੀ ਕਰਨ ਵਿੱਚ ਲੰਬਿਤਤਾ**




ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਨਾਗਰਿਕਾਂ ਦੀ ਸਹੂਲਤ ਲਈ ਨਿਯਮਤ ਨਿਗਰਾਨੀ ਤੋਂ ਇਲਾਵਾ ਡੀਮਡ ਮਨਜ਼ੂਰੀ ਦੇ ਤਰੀਕਿਆਂ 'ਤੇ ਕੰਮ ਕੀਤਾ ਜਾ ਰਿਹਾ ਹੈ।

### 2.7.1.6 ਮਨਜ਼ੂਰਸ਼ੁਦਾ ਮਿਆਦ ਤੋਂ ਵੱਧ ਪਰਮਿਟ ਪ੍ਰਦਾਨ ਕਰਨਾ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 88(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਮਲਟੀ-ਐਕਸਲ ਵਹੀਕਲ ਤੋਂ ਇਲਾਵਾ, ਜੋ ਕਿਸੇ ਵੀ ਸਮੇਂ ਬਾਰਾਂ ਸਾਲ ਤੋਂ ਵੱਧ ਪੁਰਾਣਾ ਹੈ, ਮਾਲ ਢੋਆ-ਢੁਆਈ ਗੱਡੀ ਦੇ ਸਬੰਧ ਵਿੱਚ ਕੋਈ ਰਾਸ਼ਟਰੀ ਪਰਮਿਟ ਨਹੀਂ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਨਿਯਮ 88(2) ਦੇ ਅਨੁਸਾਰ, ਮਲਟੀ-ਐਕਸਲ ਮਾਲ ਢੋਆ-ਢੁਆਈ ਗੱਡੀ ਦੇ ਮਾਮਲੇ ਵਿੱਚ ਕਿਸੇ ਵੀ ਸਮੇਂ ਪੰਦਰਾਂ ਸਾਲ ਤੋਂ ਵੱਧ ਪੁਰਾਣੇ ਵਹੀਕਲਾਂ ਲਈ ਰਾਸ਼ਟਰੀ ਪਰਮਿਟ ਨਹੀਂ ਦਿੱਤਾ ਜਾ ਸਕਦਾ।

ਨਿਯਮ 88(3) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਇੱਕ ਰਾਸ਼ਟਰੀ ਪਰਮਿਟ ਨੂੰ ਉਸ ਮਿਤੀ ਤੋਂ ਅਵੈਧ ਮੰਨਿਆ ਜਾਵੇਗਾ ਜਿਸ ਦਿਨ ਪਰਮਿਟ ਦੁਆਰਾ ਕਵਰ ਕੀਤੀ ਗਈ ਮਾਲ ਢੋਆ-ਢੁਆਈ ਗੱਡੀ ਮਲਟੀ-ਐਕਸਲ ਮਾਲ ਢੋਆ-ਢੁਆਈ ਗੱਡੀ ਦੇ ਮਾਮਲੇ ਵਿੱਚ ਪੰਦਰਾਂ ਸਾਲ ਪੂਰੇ ਕਰ ਲੈਂਦੀ ਹੈ ਅਤੇ ਬਾਰਾਂ ਸਾਲ ਜਿੱਥੇ ਵਹੀਕਲ ਮਲਟੀ-ਐਕਸਲ ਮਾਲ ਢੋਆ-ਢੁਆਈ ਗੱਡੀ ਤੋਂ ਇਲਾਵਾ ਹੁੰਦਾ ਹੈ, ਜਦੋਂ ਤੱਕ ਕਿ ਅਜਿਹੀ ਮਾਲ ਢੋਆ-ਢਆਈ ਗੱਡੀ ਨੂੰ ਬਦਲਿਆ ਨਹੀਂ ਜਾਂਦਾ।

[ੳ] ***ਮਲਟੀ-ਐਕਸਲ ਮਾਲ ਢੋਆ-ਢੁਆਈ ਗੱਡੀਆਂ:*** ਲੇਖਾ ਪ੍ਰਿਖਿਆ ਨੇ ਚੋਣਵੇਂ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਵਾਹਨ ਤੋਂ ਤਿਆਰ ਕੀਤੀ ਗਈ 'ਮੇਨ ਪਰਮਿਟ ਵੈਲਿਡ ਰਿਪੋਰਟ' ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ 1,549 ਮਲਟੀ-ਐਕਸਲ ਮਾਲ ਢੋਆ-ਢੁਆਈ[17] ਵਾਲੇ


---

[17] ਜਲੰਧਰ: 235 ਅਤੇ ਪਟਿਆਲਾ: 1,314

ਵਹੀਕਲਾਂ ਦੇ ਸਬੰਧ ਵਿੱਚ ਰਾਸ਼ਟਰੀ ਪਰਮਿਟਾਂ ਦੀ ਵੈਧਤਾ ਮਿਆਦ ਵਹੀਕਲ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਪੰਦਰਾਂ ਸਾਲਾਂ ਦੀ ਮਿਆਦ ਤੋਂ ਵੱਧ ਗਈ ਹੈ।

ਲੇਖਾ ਪ੍ਰੀਖਿਆ ਨੇ 60 ਵਹੀਕਲਾਂ[18] ਦੀ ਨਮੂਨਾਂ-ਜਾਂਚ  ਕੀਤੀ ਅਤੇ ਦੇਖਿਆ (ਦਸੰਬਰ 2024 ਤੋਂ ਜਨਵਰੀ 2025) ਕਿ ਇਹਨਾਂ ਵਹੀਕਲਾਂ ਲਈ ਰਾਸ਼ਟਰੀ ਪਰਮਿਟ ਦੀ ਵੈਧਤਾ ਮਿਆਦ ਵਹੀਕਲ ਰਜਿਸਟ੍ਰੇਸ਼ਨ ਦੇ ਪੰਦਰ੍ਹਾਂ ਦਿਨਾਂ ਤੋਂ ਬਾਅਦ ਵੱਧ ਤੋਂ ਵੱਧ 1,498 ਦਿਨਾਂ ਦੇ ਨਾਲ ਔਸਤਨ 667 ਦਿਨਾਂ ਤੋਂ ਵੱਧ ਗਈ ਸੀ। ਵਹੀਕਲ ਰਜਿਸਟ੍ਰੇਸ਼ਨ ਦੇ 15 ਸਾਲਾਂ ਤੋਂ ਵੱਧ ਪਰਮਿਟਾਂ ਦੀ ਮਿਆਦ ਨੂੰ **ਚਾਰਟ** 2.4 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.4: ਵਹੀਕਲ ਰਜਿਸਟ੍ਰੇਸ਼ਨ ਦੇ 15 ਸਾਲਾਂ ਤੋਂ ਵੱਧ ਦੇ ਪਰਮਿਟ**




ਇਹ ਵੀ ਦੇਖਿਆ ਗਿਆ ਕਿ ਜੇਕਰ ਸਤੰਬਰ 2024 ਅਤੇ ਦਸੰਬਰ 2024 ਵਿੱਚ ਸਿਰਫ ਦੋ ਵਹੀਕਲਾਂ ਨੂੰ ਹੀ ਸਰੰਡਰ ਕੀਤਾ ਗਿਆ ਸੀ। ਇਸ ਤਰ੍ਹਾਂ, ਮਲਟੀ ਐਕਸਲ ਮਾਲ ਢੋਆ-ਢੁਆਈ ਦੀ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਪੰਦਰਾਂ ਸਾਲਾਂ ਤੋਂ ਵੱਧ ਵੈਧਤਾ ਵਾਲੇ ਰਾਸ਼ਟਰੀ ਪਰਮਿਟ ਨੂੰ ਨਵਾਂ ਬਣਾਉਣਾ ਜਾਂ ਨਵਿਆਉਣਾ ਨਿਯਮਾਂ ਦੀ ਉਲੰਘਣਾ ਸੀ। ਲੇਖਾ ਪ੍ਰੀਖਿਆ ਦਾ ਵਿਚਾਰ ਹੈ ਕਿ ਮੋਟਰ ਵਹੀਕਲ ਨਿਯਮਾਂ ਦੇ ਪ੍ਰਬੰਧਾਂ ਨੂੰ ਕੁਸ਼ਲਤਾ ਨਾਲ ਲਾਗੂ ਕਰਨ ਲਈ ਉਚਿਤ ਪ੍ਰਮਾਣਿਕਤਾ ਜਾਂਚਾਂ ਅਤੇ ਨਿਯੰਤਰਣਾਂ ਨੂੰ ਸ਼ਾਮਲ ਕਰਕੇ ਵਾਹਨ ਪ੍ਰਣਾਲੀ ਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ ਅਤੇ ਪਰਮਿਟ ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 88(3) ਦੇ ਅਨੁਸਾਰ ਪ੍ਰਣਾਲੀ ਵਿੱਚ ਆਪਣੇ ਆਪ ਰੱਦ ਹੋ ਜਾਣਗੇ।


18 ਜਲੰਧਰ ਅਤੇ ਪਟਿਆਲਾ ਹਰ ਇੱਕ ਵਿੱਚ 30

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਵੱਧ ਤੋਂ ਵੱਧ ਪੂਰਾ ਹੋਣ 'ਤੇ ਪਰਮਿਟ ਨੂੰ ਰੱਦ ਕਰਨ ਦਾ ਮਾਮਲਾ ਭਾਰਤ ਦੇ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ/ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਕੋਲ ਉਠਾਇਆ ਗਿਆ ਹੈ।

**[ਅ]** ***ਮਲਟੀ-ਐਕਸਲ ਤੋਂ ਇਲਾਵਾ ਹੋਰ ਮਾਲ ਢੋਆ-ਢੁਆਈ ਗੱਡੀਆਂ :*** ਲੇਖਾ ਪ੍ਰੀਖਿਆ ਨੇ ਚੋਣਵੇਂ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਵਾਹਨ ਤੋਂ ਤਿਆਰ ਕੀਤੀ ਗਈ 'ਮੇਨ ਪਰਮਿਟ ਵੈਲਿਡ ਰਿਪੋਰਟ' ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ 970 ਮਾਲ ਢੋਆ-ਢੁਆਈ ਵਾਲੇ ਵਹੀਕਲਾਂ[19] (ਮਲਟੀ-ਐਕਸਲ ਤੋਂ ਇਲਾਵਾ) ਦੇ ਸਬੰਧ ਵਿੱਚ ਰਾਸ਼ਟਰੀ ਪਰਮਿਟਾਂ ਦੀ ਵੈਧਤਾ ਮਿਆਦ ਵਹੀਕਲ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਬਾਰਾਂ ਸਾਲਾਂ ਦੀ ਮਿਆਦ ਵੱਧ ਹੋ ਗਈ ਹੈ। ਇਹ ਵੀ ਦੇਖਿਆ ਗਿਆ ਕਿ ਵਹੀਕਲ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਬਾਰਾਂ ਸਾਲਾਂ ਦੀ ਮਿਆਦ 37 ਮਾਲ ਢੋਆ-ਢੁਆਈ ਵਹੀਕਲਾਂ[20] ਦੇ ਮਾਮਲੇ ਵਿੱਚ ਰਾਸ਼ਟਰੀ ਪਰਮਿਟ ਦੀ ਵੈਧਤਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਹੋ ਚੁੱਕੀ ਸੀ, ਜੋ ਦਰਸਾਉਂਦੀ ਹੈ ਕਿ ਇਨ੍ਹਾਂ ਮਾਮਲਿਆਂ ਵਿੱਚ ਰਾਸ਼ਟਰੀ ਪਰਮਿਟ ਉਨ੍ਹਾਂ ਵਹੀਕਲਾਂ ਨੂੰ ਜਾਰੀ ਕੀਤੇ ਗਏ ਸਨ ਜੋ ਪਹਿਲਾਂ ਹੀ ਬਾਰਾਂ ਸਾਲ ਦੀ ਮਨਜ਼ੂਰਸ਼ੁਦਾ ਸਮੇਂ ਤੋਂ ਵੱਧ ਸਨ।

ਲੇਖਾ ਪ੍ਰੀਖਿਆ ਨੇ 60 ਮਾਲ ਢੋਆ-ਢੁਆਈ ਗੱਡੀਆਂ[21] ਦੀ ਨਮੂਨਾ-ਜਾਂਚ ਕੀਤੀ ਅਤੇ ਦੇਖਿਆ (ਨਵੰਬਰ ਅਤੇ ਦਸੰਬਰ 2024) ਕਿ ਮਾਲ ਢੋਆ-ਢੁਆਈ ਗੱਡੀਆਂ ਦੇ ਰਾਸ਼ਟਰੀ ਪਰਮਿਟ ਦੀ ਵੈਧਤਾ ਮਿਆਦ ਬਾਰਾਂ ਸਾਲਾਂ ਤੋਂ ਬਾਅਦ ਵੱਧ ਤੋਂ ਵੱਧ 1,823 ਦਿਨਾਂ ਦੇ ਨਾਲ ਔਸਤਨ 1,127 ਦਿਨਾਂ ਤੋਂ ਵੱਧ ਗਈ ਸੀ। ਵਹੀਕਲ ਰਜਿਸਟ੍ਰੇਸ਼ਨ ਦੇ 12 ਸਾਲਾਂ ਤੋਂ ਵੱਧ ਪਰਮਿਟਾਂ ਦੀ ਮਿਆਦ ਚਾਰਟ 2.5 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.5: 12 ਸਾਲਾਂ ਤੋਂ ਵੱਧ ਦੇ ਵਹੀਕਲ ਰਜਿਸਟ੍ਰੇਸ਼ਨ ਪਰਮਿਟ**




ਉਪਰੋਕਤ ਵਹੀਕਲਾਂ ਦੀ ਵਹੀਕਲ ਹਿਸਟਰੀ ਤੋਂ ਇਹ ਵੀ ਦੇਖਿਆ ਗਿਆ ਕਿ ਸਤੰਬਰ 2024 ਅਤੇ ਨਵੰਬਰ 2024 ਵਿੱਚ ਸਿਰਫ ਦੋ ਸਾਲ ਢੋਆ-ਢੁਆਈ ਗੱਡੀਆਂ ਦੇ ਪਰਮਿਟ ਸਮਰਪਣ ਕੀਤੇ ਗਏ

19 ਜਲੰਧਰ: 349 ਅਤੇ ਪਟਿਆਲਾ: 621

20 ਜਲੰਧਰ: 32 ਅਤੇ ਪਟਿਆਲਾ: 5

21 ਜਲੰਧਰ ਅਤੇ ਪਟਿਆਲਾ ਹਰ ਇੱਕ ਵਿੱਚ 30

ਸਨ। ਇਸ ਤਰ੍ਹਾਂ, ਮਾਲ ਢੋਆ-ਢੁਆਈ ਵਾਲੇ ਵਹੀਕਲਾਂ (ਮਲਟੀ-ਐਕਸਲ ਤੋਂ ਇਲਾਵਾ) ਦੀ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਬਾਰਾਂ ਸਾਲ ਤੋਂ ਵੱਧ ਦੀ ਵੈਧਤਾ ਵਾਲੇ ਰਾਸ਼ਟਰੀ ਪਰਮਿਟ ਦੀ ਮਨਜ਼ੂਰੀ ਜਾਂ ਨਵਿਆਉਣਾ ਨਿਯਮਾਂ ਦੀ ਉਲੰਘਣਾ ਸੀ। ਲੇਖਾ ਪ੍ਰੀਖਿਆ ਦਾ ਵਿਚਾਰ ਹੈ ਕਿ ਵਾਹਨ ਪ੍ਰਣਾਲੀ ਵਿੱਚ ਮੋਟਰ ਵਹੀਕਲ ਨਿਯਮਾਂ ਦੇ ਪ੍ਰਬੰਧਾਂ ਨੂੰ ਕੁਸ਼ਲਤਾ ਨਾਲ ਲਾਗੂ ਕਰਨ ਲਈ ਉਚਿਤ ਪ੍ਰਮਾਣਿਕਤਾ ਜਾਂਚ ਅਤੇ ਨਿਯੰਤਰਣ ਹੋਣੇ ਚਾਹੀਦੇ ਹਨ। ਮਾਲ ਢੋਆ-ਢੁਆਈ ਵਾਲੇ ਵਹੀਕਲਾਂ (ਮਲਟੀ-ਐਕਸਲ ਤੋਂ ਇਲਾਵਾ) 12 ਸਾਲ ਤੋਂ ਵੱਧ ਸਮਾਂ ਹੋਣ ਦੇ ਮਾਮਲੇ ਵਿੱਚ, ਪਰਮਿਟ ਜਾਰੀ ਕਰਨ ਜਾਂ ਨਵਿਆਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਇਸ ਤੋਂ ਇਲਾਵਾ, ਜੇ ਮਾਲ ਢੋਆ-ਢੁਆਈ ਗੱਡੀਆਂ ਵਾਲੇ ਮਾਲਕ ਵਹੀਕਲ ਦੀ 12 ਸਾਲ ਦੇ ਸਮੇਂ ਤੋਂ ਬਾਅਦ ਵਹੀਕਲ ਨੂੰ ਬਦਲਣ ਵਿੱਚ ਅਸਫਲ ਰਹਿੰਦੇ ਹਨ, ਤਾਂ ਪਰਮਿਟ ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 88(3) ਦੇ ਅਨੁਸਾਰ ਪ੍ਰਣਾਲੀ ਵਿੱਚ ਆਪਣੇ ਆਪ ਰੱਦ ਹੋ ਜਾਣਗੇ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਵੱਧ ਤੋਂ ਵੱਧ ਅਧਿਕਾਰਯੋਗ ਮਿਆਦ ਪੂਰੀ ਹੋਣ 'ਤੇ ਪਰਮਿਟ ਨੂੰ ਆਯੋਗ ਮੰਨਣ ਦਾ ਮਾਮਲਾ ਭਾਰਤ ਦੇ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ/ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਕੋਲ ਉਠਾਇਆ ਗਿਆ ਹੈ।

**[ਏ]** ***ਟੂਰਿਸਟ ਪਰਮਿਟ:*** ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 82(2)(ਏ) ਅਤੇ ਮੋਟਰ ਵਹੀਕਲਜ਼ (ਟੂਰਿਸਟ ਟਰਾਂਸਪੋਰਟ ਆਪਰੇਟਰਾਂ ਲਈ ਆਲ ਇੰਡੀਆ ਪਰਮਿਟ) ਨਿਯਮਾਂ, 1993 ਦੇ ਨਿਯਮ 11 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਟੂਰਿਸਟ ਪਰਮਿਟ ਨੂੰ ਉਸ ਤਾਰੀਖ ਤੋਂ ਅਵੈਧ ਮੰਨਿਆ ਜਾਵੇਗਾ ਜਿਸ ਦਿਨ ਪਰਮਿਟ ਦੁਆਰਾ ਕਵਰ ਕੀਤੇ ਗਏ ਮੋਟਰ ਵਹੀਕਲ, ਮੋਟਰ ਕੈਬ ਦੇ ਮਾਮਲੇ ਵਿੱਚ ਨੌਂ ਸਾਲ ਪੂਰੇ ਕਰਦੇ ਹਨ ਅਤੇ ਅੱਠ ਸਾਲ ਜਿੱਥੇ ਮੋਟਰ ਵਹੀਕਲ, ਮੋਟਰ ਕੈਬ ਤੋਂ ਇਲਾਵਾ ਹੈ, ਜਦੋਂ ਤੱਕ ਮੋਟਰ ਵਹੀਕਲ ਨੂੰ ਬਦਲਿਆ ਨਹੀਂ ਜਾਂਦਾ। ਨੌਂ ਜਾਂ ਅੱਠ ਸਾਲਾਂ ਦੀ ਮਿਆਦ ਦੀ ਗਣਨਾ ਸਬੰਧਤ ਟੂਰਿਸਟ ਵਹੀਕਲ ਦੀ ਸ਼ੁਰੂਆਤੀ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਕੀਤੀ ਜਾਵੇਗੀ।

ਆਲ ਇੰਡੀਆ ਟੂਰਿਸਟ ਵਹੀਕਲਜ਼ (ਅਥਾਰਟੀ ਜਾਂ ਪਰਮਿਟ) ਨਿਯਮਾਂ, 2021 ਦੇ ਨਿਯਮ 4(5), ਜਿਸ ਨੇ 1 ਅਪ੍ਰੈਲ 2021 ਤੋਂ ਲਾਗੂ ਮੋਟਰ ਵਹੀਕਲ (ਟੂਰਿਸਟ ਟਰਾਂਸਪੋਰਟ ਆਪਰੇਟਰਾਂ ਲਈ ਆਲ ਇੰਡੀਆ ਪਰਮਿਟ) ਨਿਯਮਾਂ, 1993 ਦੀ ਥਾਂ ਲੈ ਲਈ ਹੈ, ਇਹ ਵਿਵਸਥਾ ਕਰਦਾ ਹੈ ਕਿ ਵਹੀਕਲ ਦੀ ਪਹਿਲੀ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਬਾਰਾਂ ਸਾਲ ਪੂਰੇ ਹੋਣ ਤੋਂ ਬਾਅਦ ਟੂਰਿਸਟ ਵਹੀਕਲ ਨੂੰ ਪਰਮਿਟ ਨਹੀਂ ਦਿੱਤਾ ਜਾਵੇਗਾ। ਇਸ ਤੋਂ ਬਾਅਦ, ਆਲ ਇੰਡੀਆ ਟੂਰਿਸਟ ਵਹੀਕਲਜ਼ (ਅਥਾਰਟੀ ਜਾਂ ਪਰਮਿਟ) ਨਿਯਮਾਂ, 2021 ਨੂੰ ਅਪ੍ਰੈਲ 2023 ਵਿੱਚ ਆਲ ਇੰਡੀਆ ਟੂਰਿਸਟ ਵਹੀਕਲਜ਼ (ਪਰਮਿਟ) ਨਿਯਮਾਂ, 2023 ਦੁਆਰਾ ਬਦਲ ਦਿੱਤਾ ਗਿਆ ਸੀ, ਜੋ 1 ਮਈ 2023 ਤੋਂ ਪ੍ਰਭਾਵੀ ਸੀ, ਜਿਸ ਨੇ ਬਾਰਾਂ ਸਾਲਾਂ ਦੀ ਵਿਵਸਥਾ ਨੂੰ ਵੀ ਬਰਕਰਾਰ ਰੱਖਿਆ ਸੀ।

ਲੇਖਾ ਪ੍ਰੀਖਿਆ ਨੇ ਰਾਜ ਟਰਾਂਸਪੋਰਟ ਅਥਾਰਟੀ ਦੇ ਸਬੰਧ ਵਿੱਚ ਵਾਹਨ ਤੋਂ ਤਿਆਰ ਕੀਤੀ ਗਈ 'ਮੇਨ ਪਰਮਿਟ ਵੈਲਿਡ ਰਿਪੋਰਟ' ਦਾ ਵਿਸ਼ਲੇਸ਼ਣ ਕੀਤਾ (ਜਨਵਰੀ 2025) ਕਿ **ਸਾਰਣੀ** 2.3 ਵਿੱਚ ਵੇਰਵੇ ਅਨੁਸਾਰ 89 ਪਰਮਿਟ ਮਨਜ਼ੂਰ ਮਿਆਦ ਤੋਂ ਵੱਧ ਜਾਰੀ ਕੀਤੇ ਗਏ ਸਨ।

**ਸਾਰਣੀ 2.3: ਰਜਿਸਟ੍ਰੇਸ਼ਨ ਦੀ ਮਨਜ਼ੂਰ ਮਿਆਦ ਤੋਂ ਵੱਧ ਜਾਰੀ ਕੀਤੇ ਗਏ ਟੂਰਿਸਟ ਪਰਮਿਟ**

| ਮਨਜ਼ੂਰੀ ਦੀ ਮਿਆਦ | ਮਨਜ਼ੂਰੀ ਦੀ ਮਿਆਦ ਤੋਂ ਵੱਧ ਪਰਮਿਟਾਂ ਦੀ ਸੰਖਿਆ | ਮਨਜ਼ੂਰ ਮਿਆਦ ਤੋਂ ਵੱਧ | | |
|---|---|---|---|---|
| | | ਸਮਾਂ ਸੀਮਾ | ਮਨਜ਼ੂਰ | *ਪ੍ਰਤੀਸ਼ਤ* |
| ਰਜਿਸਟ੍ਰੇਸ਼ਨ ਤੋਂ 12 ਸਾਲ | 43 | 3 ਮਹੀਨੇ ਤੱਕ | 22 | 51.16 |
| | | 3 ਮਹੀਨੇ ਤੋਂ ਵੱਧ ਅਤੇ 6 ਮਹੀਨੇ ਤੱਕ | 12 | 27.91 |
| | | 6 ਮਹੀਨੇ ਤੋਂ ਵੱਧ ਅਤੇ 1 ਸਾਲ ਤੱਕ | 6 | 13.95 |
| | | 1 ਸਾਲ ਤੋਂ ਵੱਧ | 3 | 6.98 |
| ਰਜਿਸਟ੍ਰੇਸ਼ਨ ਤੋਂ 9 ਸਾਲ | 37 | 3 ਮਹੀਨੇ ਤੱਕ | 34 | 91.89 |
| | | 3 ਮਹੀਨੇ ਤੋਂ ਵੱਧ ਅਤੇ 1 ਸਾਲ ਤੱਕ | 2 | 5.41 |
| | | 1 ਸਾਲ ਤੋਂ ਵੱਧ | 1 | 2.70 |
| ਰਜਿਸਟ੍ਰੇਸ਼ਨ ਤੋਂ 8 ਸਾਲ | 9 | 3 ਮਹੀਨੇ ਤੱਕ | 1 | 11.11 |
| | | 3 ਮਹੀਨੇ ਤੋਂ ਵੱਧ ਅਤੇ 1 ਸਾਲ ਤੱਕ | 1 | 11.11 |
| | | 1 ਸਾਲ ਤੋਂ ਵੱਧ | 7 | 77.78 |
| **ਜੋੜ** | **89** | | | |


ਮਨਜ਼ੂਰਸ਼ੁਦਾ ਮਿਆਦ ਤੋਂ ਵੱਧ ਟੂਰਿਸਟ ਵਹੀਕਲਾਂ ਨੂੰ ਪਰਮਿਟ ਦੇਣਾ ਨਿਯਮਾਂ ਦੀ ਉਲੰਘਣਾ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਵੱਧ ਤੋਂ ਵੱਧ ਅਧਿਕਾਰਯੋਗ ਮਿਆਦ ਪੂਰੀ ਹੋਣ 'ਤੇ ਪਰਮਿਟ ਨੂੰ ਆਯੋਗ ਮੰਨਣ ਦਾ ਮਾਮਲਾ ਭਾਰਤ ਦੇ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ/ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਕੋਲ ਉਠਾਇਆ ਗਿਆ ਹੈ।

**[ਸ]** ***ਮੋਟਰ ਕੈਬ, ਮੈਕਸੀ ਕੈਬ ਅਤੇ ਤਿੰਨ-ਪਹੀਆ-ਆਟੋ, ਰਿਕਸ਼ਾ ਪਰਮਿਟ:*** ਪੰਜਾਬ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 68ਸੀ ਅਨੁਸਾਰ ਮੋਟਰ ਕੈਬ (ਟੈਕਸੀਆਂ), ਮੈਕਸੀ ਕੈਬ ਅਤੇ ਤਿੰਨ-ਪਹੀਆਂ-ਆਟੋ ਰਿਕਸਾ ਦੀ ਸ਼੍ਰੇਣੀ ਅਧੀਨ ਟਰਾਂਸਪੋਰਟ ਵਹੀਕਲਾਂ ਦੇ ਸੰਚਾਲਨ ਦੀ ਵੱਧ ਤੋਂ ਵੱਧ ਮਿਆਦ ਪੰਦਰਾਂ ਸਾਲ ਹੈ।

ਲੇਖਾ ਪ੍ਰੀਖਿਆ ਨੇ ਨਮੂਨਾ-ਜਾਂਚ ਵਾਲੇ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਵਾਹਨ ਤੋਂ ਤਿਆਰ ਕੀਤੀ ਗਈ 'ਮੇਨ ਪਰਮਿਟ ਵੈਲਿਡ ਰਿਪੋਰਟ' ਦਾ ਵਿਸ਼ਲੇਸ਼ਣ ਕੀਤਾ (ਜੁਲਾਈ ਤੋਂ ਨਵੰਬਰ 2024) ਕਿ 188 ਮਾਮਲਿਆਂ ਵਿੱਚ ਪਰਮਿਟਾਂ ਦੀ ਵੈਧਤਾ ਇਨ੍ਹਾਂ ਵਹੀਕਲਾਂ ਦੀ ਰਜਿਸਟ੍ਰੇਸ਼ਨ ਦੀ ਮਿਤੀ ਤੋਂ 15 ਸਾਲਾਂ ਤੋਂ ਬਾਅਦ ਸੀ। ਇਨ੍ਹਾਂ ਮਾਮਲਿਆਂ ਵਿੱਚ 15 ਸਾਲਾਂ ਤੋਂ ਵੱਧ ਸਮਾਂ ਵੱਧ ਤੋਂ ਵੱਧ 5,721 ਦਿਨਾਂ ਦੇ ਨਾਲ ਔਸਤਨ 572 ਦਿਨਾਂ ਤੋਂ ਵੱਧ ਸੀ। ਰਜਿਸਟ੍ਰੇਸ਼ਨ ਦੀ ਮਿਤੀ ਤੋਂ 15 ਸਾਲਾਂ ਤੋਂ ਵੱਧ ਦੇ ਪਰਮਿਟਾਂ ਲਈ ਇੱਕ ਗ੍ਰਾਫਿਕਲ ਪੇਸ਼ਕਾਰੀ **ਚਾਰਟ** 2.6 ਵਿੱਚ ਦਰਸਾਈ ਗਈ ਹੈ।

**ਚਾਰਟ 2.6: ਰਜਿਸਟ੍ਰੇਸ਼ਨ ਦੀ ਮਿਤੀ ਤੋਂ 15 ਸਾਲਾਂ ਤੋਂ ਵੱਧ ਦੇ ਪਰਮਿਟ**




ਉਪਰੋਕਤ ਵਿਚੋਂ, 12 ਮਾਮਲੇ ਅਜਿਹੇ ਸਨ ਜਿੱਥੇ ਰਜਿਸਟ੍ਰੇਸ਼ਨ ਦੀ ਮਿਆਦ ਖਤਮ ਹੋਣ ਤੋਂ ਬਾਅਦ ਪਰਮਿਟ ਜਾਰੀ ਕੀਤਾ ਗਿਆ ਸੀ। ਇਸ ਤਰ੍ਹਾਂ, ਮਨਜ਼ੂਰਸ਼ੁਦਾ ਮਿਆਦ ਤੋਂ ਵੱਧ ਪਰਮਿਟਾਂ ਦੀ ਮਨਜ਼ੂਰੀ ਜਾਂ ਨਵਿਆਉਣਾ ਮੋਟਰ ਵਹੀਕਲ ਨਿਯਮਾਂ ਦੀ ਉਲੰਘਣਾ ਸੀ ਅਤੇ ਨਾਲ ਹੀ, ਵਾਹਨ ਪ੍ਰਣਾਲੀ ਪਰਮਿਟ ਦੇਣ ਜਾਂ ਨਵਿਆਉਣ ਦੇ ਸਮੇਂ ਦੀ ਪੁਸ਼ਟੀ ਕਰਨ ਵਿੱਚ ਵੀ ਅਸਫਲ ਰਹੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਵਾਹਨ 4.0 ਵਿੱਚ ਲੋੜੀਂਦੀ ਪ੍ਰਮਾਣਿਕਤਾ ਲਾਗੂ ਕੀਤੀ ਗਈ ਸੀ। ਇਸ ਤੋਂ ਇਲਾਵਾ, ਸਬੰਧਤ ਆਰ ਟੀ ਓਜ਼ ਨੂੰ ਨਿਯਮਾਂ ਅਨੁਸਾਰ ਪਰਮਿਟ ਰੱਦ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

### 2.7.1.7 ਵੈਧ ਫ਼ਿਟਨੈੱਸ ਸਰਟੀਫਿਕੇਟਾਂ ਤੋਂ ਬਿਨ੍ਹਾਂ ਪਰਮਿਟਾਂ ਦੀ ਦੇਣਾ ਜਾਂ ਨਵਿਆਉਣਾ

ਮੋਟਰ ਵਹੀਕਲ ਐਕਟ, 1988 ਦੀ ਧਾਰਾ 84(ਏ) ਅਧੀਨ ਨਿਰਧਾਰਤ ਸ਼ਰਤਾਂ ਦੇ ਅਨੁਸਾਰ, ਇੱਕ ਵਹੀਕਲ ਕੋਲ ਉਸ ਪਰਮਿਟ ਨਾਲ ਸਬੰਧਤ ਫ਼ਿਟਨੈੱਸ ਦਾ ਵੈਧ ਸਰਟੀਫਿਕੇਟ ਹੋਣਾ ਚਾਹੀਦਾ ਹੈ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਨਮੂਨੇ ਵਾਲੇ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਵਾਹਨ ਤੋਂ ਤਿਆਰ ਕੀਤੀ ਗਈ 'ਪਰਮਿਟ ਈਸ਼ੂਡ ਰਿਪੋਰਟ' ਅਤੇ 'ਫ਼ਿਟਨੈੱਸ ਐਕਸਪਾਇਰਡ ਰਿਪੋਰਟ' ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ (ਅਗਸਤ 2024) ਕਿ ਆਰ ਟੀ ਓ ਪਟਿਆਲਾ ਅਧੀਨ ਅੱਠ ਮੋਟਰ ਵਹੀਕਲਾਂ ਨੂੰ ਪਰਮਿਟ ਜਾਰੀ ਕੀਤੇ ਗਏ ਸਨ, ਜਿਨ੍ਹਾਂ ਦੇ ਫ਼ਿਟਨੈੱਸ ਸਰਟੀਫਿਕੇਟ ਪਰਮਿਟ ਜਾਰੀ ਹੋਣ ਦੀ ਮਿਤੀ ਤੋਂ ਪਹਿਲਾਂ ਹੀ ਖਤਮ ਹੋ ਚੁੱਕੇ ਸਨ। ਇਸ ਤਰ੍ਹਾਂ, ਜਿਨ੍ਹਾਂ ਵਹੀਕਲਾਂ ਦੇ ਫ਼ਿਟਨੈੱਸ ਸਰਟੀਫਿਕੇਟ ਦੀ ਮਿਆਦ ਖਤਮ ਹੋ ਗਈ ਸੀ, ਉਨ੍ਹਾਂ ਦੇ ਸਬੰਧ ਵਿੱਚ ਪਰਮਿਟਾਂ ਦੀ ਮਨਜ਼ੂਰੀ ਜਾਂ ਨਵਿਆਉਣਾ ਐਕਟ ਦੇ ਉਪਬੰਧਾਂ ਦੇ ਅਨੁਕੂਲ ਨਹੀਂ ਸੀ। ਉਸੇ ਸਮੇਂ, ਵਾਹਨ ਪ੍ਰਣਾਲੀ ਪਰਮਿਟ ਦੇਣ ਜਾਂ ਨਵਿਆਉਣ ਦੇ ਸਮੇਂ ਇਸ ਪਹਿਲੂ ਨੂੰ ਪ੍ਰਮਾਣਿਤ ਕਰਨ ਵਿੱਚ ਕਮਜ਼ੋਰ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਇਹ ਮਾਮਲਾ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਕੋਲ ਉਠਾਇਆ ਜਾਵੇਗਾ ਤਾਂ ਜੋ ਵਾਹਨ ਵਿੱਚ ਲੋੜੀਂਦੇ ਉਪਬੰਧ ਕੀਤੇ ਜਾ ਸਕਣ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੈਧ ਫ਼ਿਟਨੈੱਸ ਸਰਟੀਫਿਕੇਟ ਤੋਂ ਬਿਨ੍ਹਾਂ ਪਰਮਿਟ ਜਾਰੀ ਕਰਨ ਜਾਂ ਨਵਿਆਉਣ ਦੀ ਮਨਜ਼ੂਰੀ ਨਾ ਦਿੱਤੀ ਜਾਵੇ। ਇਸ ਤੋਂ ਇਲਾਵਾ, ਜਾਂਚ ਸ਼ੁਰੂ ਕੀਤੀ ਗਈ ਹੈ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

### 2.7.1.8 ਨਵੇਂ ਰਜਿਸਟਰਡ ਟਰਾਂਸਪੋਰਟ ਵਹੀਕਲਾਂ ਲਈ ਪਰਮਿਟ ਦੀ ਅਰਜ਼ੀ ਨਾ ਦੇਣਾ

ਮੋਟਰ ਵਹੀਕਲ ਐਕਟ, 1988 ਦੀ ਧਾਰਾ 66(1) ਇਹ ਵਿਵਸਥਾ ਕਰਦੀ ਹੈ ਕਿ ਐਕਟ ਦੀ ਧਾਰਾ 66(3) ਅਧੀਨ ਦੱਸੇ ਗਏ ਵਹੀਕਲਾਂ[22] ਦੀ ਸ਼੍ਰੇਣੀ ਨੂੰ ਛੱਡ ਕੇ ਮੋਟਰ ਵਹੀਕਲ ਦਾ ਕੋਈ ਵੀ ਮਾਲਕ ਕਿਸੇ ਵੀ ਜਨਤਕ ਸਥਾਨ ਤੇ ਵਹੀਕਲ ਨੂੰ ਟਰਾਂਸਪੋਰਟ ਵਹੀਕਲ ਵਜੋਂ ਵਰਤਣ ਜਾਂ ਵਰਤਣ ਦੀ ਆਗਿਆ ਨਹੀਂ ਦੇਵੇਗਾ, ਇਸ ਤੋਂ ਇਲਾਵਾ, ਬਿਨ੍ਹਾਂ ਪਰਮਿਟ ਦੇ ਵਹੀਕਲ ਚਲਾਉਣਾ ਐਕਟ ਦੀ ਧਾਰਾ 192ਏ ਦੇ ਅਧੀਨ ਸਜ਼ਾਯੋਗ ਅਪਰਾਧ ਹੈ। ਪਹਿਲਾ ਅਪਰਾਧ ਜੁਰਮਾਨਾ ਅਤੇ ਕੈਦ ਦੀ ਸਜ਼ਾ ਦੇ ਯੋਗ ਹੈ ਜੋ ਛੇ ਮਹੀਨਿਆਂ ਤੱਕ ਵੱਧ ਸਕਦੀ ਹੈ, ਅਗਲੇ ਅਪਰਾਧ ਲਈ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਜੋ ਇੱਕ ਸਾਲ ਤੱਕ ਵੱਧ ਸਕਦੀ ਹੈ ਪਰ ਛੇ ਮਹੀਨਿਆਂ ਤੋਂ ਘੱਟ ਨਹੀਂ ਹੋਵੇਗੀ ਜਾਂ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

ਪੰਜਾਬ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 67 ਅਤੇ ਨਿਯਮ 68 ਵਿੱਚ ਟਰਾਂਸਪੋਰਟ ਵਹੀਕਲਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਜਾਰੀ ਕਰਨ ਲਈ ਨਿਰਧਾਰਤ ਦਰਾਂ[23] 'ਤੇ ਅਰਜ਼ੀ ਫੀਸ ਅਤੇ ਪਰਮਿਟ ਫੀਸ ਦਾ ਭੁਗਤਾਨ ਕਰਨ ਦੀ ਵਿਵਸਥਾ ਹੈ।

ਲੇਖਾ ਪ੍ਰੀਖਿਆ ਨੇ ਚੋਣਵੇਂ ਰਿਜ਼ਨਲ ਟਰਾਂਸਪੋਰਟ ਦਫਤਰਾਂ ਅਤੇ ਰਾਜ ਟਰਾਂਸਪੋਰਟ ਅਥਾਰਟੀ ਦੇ ਸਬੰਧ ਵਿੱਚ 2019-20 ਤੋਂ 2023-24 ਦੀ ਮਿਆਦ ਲਈ ਵਾਹਨ ਤੋਂ ਡਾਊਨਲੋਡ ਕੀਤੇ 'ਰਜਿਸਟਰਡ ਵਹੀਕਲਜ਼ ਵਿਦਆਉਟ ਪਰਮਿਟ' ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ 1,028 ਟਰਾਂਸਪੋਰਟ ਵਹੀਕਲਾਂ[24] ਦੇ ਮਾਲਕਾਂ ਨੇ ਰਜਿਸਟ੍ਰੇਸ਼ਨ ਤੋਂ ਬਾਅਦ ਵੀ ਪਰਮਿਟ ਲਈ ਅਰਜ਼ੀ ਨਹੀਂ ਦਿੱਤੀ ਸੀ।

ਲੇਖਾ ਪ੍ਰੀਖਿਆ ਨੇ 90 ਨਮੂਨੇ ਵਾਲੇ ਵਹੀਕਲਾਂ[25] ਦੇ ਵਹੀਕਲ ਹਿਸਟਰੀ ਦੀ ਨਮੂਨਾ-ਜਾਂਚ ਕੀਤੀ ਅਤੇ ਦੇਖਿਆ ਕਿ 81 ਵਹੀਕਲਾਂ[26] ਦੇ ਮਾਲਕਾਂ ਨੇ ਔਸਤਨ 934 ਦਿਨਾਂ ਦੇ ਅੰਤਰਾਲ ਤੋਂ ਬਾਅਦ

---

22 ਕੇਂਦਰ ਸਰਕਾਰ, ਰਾਜ ਸਰਕਾਰ ਦੀ ਮਲਕੀਅਤ ਵਾਲੇ ਅਤੇ ਸਰਕਾਰੀ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਵਹੀਕਲਜ਼ ਜੋ ਕਿਸੇ ਵੀ ਵਪਾਰਕ ਉੱਦਮ ਨਾਲ ਜੁੜੇ ਨਹੀਂ ਹਨ, ਸਥਾਨਕ ਅਥਾਰਟੀ ਦੀ ਮਲਕੀਅਤ ਵਾਲਾ ਟਰਾਂਸਪੋਰਟ ਵਹੀਕਲਜ਼, ਸਿਰਫ ਪੁਲਿਸ, ਫਾਇਰ ਬ੍ਰਿਗੇਡ, ਐਂਬੂਲੈਂਸ, ਲਾਸਾਂ ਅਤੇ ਸੋਗ ਕਰਨ ਵਾਲਿਆਂ ਲਈ ਵਰਤਿਆ ਜਾਣ ਵਾਲਾ ਟਰਾਂਸਪੋਰਟ ਵਹੀਕਲਜ਼, ਕੋਈ ਵੀ ਢੋਆ-ਢੁਆਈ ਵਹੀਕਲ ਜਿਸਦਾ ਭਾਰ 3,000 ਕਿਲੋਗ੍ਰਾਮ ਤੋਂ ਵੱਧ ਨਾ ਹੋਵੇ ਆਦਿ। ਇਸ ਤੋਂ ਇਲਾਵਾ, ਮਾਲ ਢੋਆ-ਢੁਆਈ ਅਤੇ ਯਾਤਰੀਆਂ ਦੇ ਉਦੇਸ਼ ਲਈ ਵਰਤੇ ਜਾਣ ਵਾਲੇ ਈ-ਕਾਰਟਾਂ ਅਤੇ ਈ-ਰਿਕਸ਼ਾ ਨੂੰ ਵੀ ਪਰਮਿਟ ਦੀ ਜਰੂਰਤ ਤੋਂ ਛੋਟ ਦਿੱਤੀ ਗਈ ਹੈ।

23 **ਸਟੇਜ ਕੈਰਿਜ ਵੱਡੀ ਬੱਸ**: ਅਰਜ਼ੀ ਫੀਸ ₹ 10,000 ਅਤੇ ਪਰਮਿਟ ਫੀਸ ₹ 5,000; **ਮਾਲ ਢੋਆ-ਢੋਆਈ ਗੱਡੀ**: ਅਰਜ਼ੀ ਫੀਸ ₹ 200 ਅਤੇ ਪਰਮਿਟ ਫੀਸ ₹ 2,700; **ਮਿੰਨੀ ਬੱਸ**: ਅਰਜ਼ੀ ਫੀਸ ₹ 1,500 ਅਤੇ ਪਰਮਿਟ ਫੀਸ ₹ 3,750; **ਮੈਕਸੀ ਕੈਬ**: ਅਰਜ਼ੀ ਫੀਸ ₹ 400 ਅਤੇ ਪਰਮਿਟ ਫੀਸ ₹ 4,000; **ਮੋਟਰ ਕੈਬ**: ਅਰਜ਼ੀ ਫੀਸ ₹ 200 ਅਤੇ ਪਰਮਿਟ ਫੀਸ ₹ 4,000; **ਤਿੰਨ-ਪਹੀਆ ਆਟੋ ਰਿਕਸ਼ਾ**: ਅਰਜ਼ੀ ਫੀਸ ₹ 100 ਅਤੇ ਪਰਮਿਟ ਫੀਸ ₹ 1,500

24 ਜਲੰਧਰ: 266, ਪਟਿਆਲਾ: 376 ਅਤੇ ਐਸ ਟੀ ਏ: 386

25 ਜਲੰਧਰ, ਪਟਿਆਲਾ ਅਤੇ ਐਸ ਟੀ ਏ ਹਰ ਇੱਕ ਵਿੱਚ 30

26 ਜਲੰਧਰ: 25, ਪਟਿਆਲਾ: 28 ਅਤੇ ਐਸ ਟੀ ਏ: 28

ਵੀ ਪਰਮਿਟ ਲਈ ਅਰਜ਼ੀ ਨਹੀਂ ਦਿੱਤੀ ਸੀ, ਜਿਸ ਵਿੱਚ ਵੱਧ ਤੋਂ ਵੱਧ 1,940 ਦਿਨ ਉਨ੍ਹਾਂ ਦੀ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਸਨ। ਇਨ੍ਹਾਂ ਮਾਮਲਿਆਂ ਵਿੱਚ ਪਰਮਿਟ ਫੀਸ ਅਤੇ ਅਰਜ਼ੀ ਫੀਸ ਦਾ ਭੁਗਤਾਨ ਨਾ ਕਰਨ ਕਾਰਨ ₹ 3.76 ਲੱਖ[27] ਰੈਵੀਨਿਊ ਪ੍ਰਭਾਵ ਵੀ ਸ਼ਾਮਲ ਸੀ।

ਨਮੂਨੇ ਵਾਲੇ 90 ਵਹੀਕਲਾਂ ਦੇ ਹੋਰ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਰਜਿਸਟ੍ਰੇਸ਼ਨ ਦੇ ਸਮੇਂ 37 ਵਹੀਕਲਾਂ ਦੇ ਮਾਲਕਾਂ ਦੁਆਰਾ ਮੋਟਰ ਵਹੀਕਲ ਕਰ ਦਾ ਭੁਗਤਾਨ ਕੀਤਾ ਗਿਆ ਸੀ ਅਤੇ 44 ਵਹੀਕਲਾਂ ਦੇ ਮਾਲਕਾਂ ਨੇ ਰਜਿਸਟ੍ਰੇਸ਼ਨ ਤੋ ਬਾਅਦ ਲਗਾਤਾਰ ਕਰ ਅਦਾ ਕੀਤੇ ਸਨ। ਇਨ੍ਹਾਂ ਵਹੀਕਲਾਂ ਦੇ ਮਾਲਕਾਂ ਦੁਆਰਾ ਮੋਟਰ ਵਹੀਕਲ ਕਰ ਜਮ੍ਹਾਂ ਕਰਵਾਉਣ ਤੋਂ ਸੰਕੇਤ ਮਿਲਦਾ ਹੈ ਕਿ ਵਹੀਕਲਾਂ ਨੂੰ ਲਾਜ਼ਮੀ ਪਰਮਿਟਾਂ ਤੋਂ ਬਿਨਾਂ ਵਰਤਿਆ ਗਿਆ ਸੀ। ਟਰਾਂਸਪੋਰਟ ਵਹੀਕਲਾਂ ਦੇ ਮਾਲਕਾਂ ਦੁਆਰਾ ਲਾਜ਼ਮੀ ਪਰਮਿਟਾਂ ਲਈ ਅਰਜ਼ੀ ਨਾ ਦੇਣਾ ਵਿਭਾਗ ਦੁਆਰਾ ਅਯੋਗ ਨਿਗਰਾਨੀ ਅਤੇ ਲਾਗੂਕਰਨ ਦਾ ਸੰਕੇਤ ਸੀ।

ਇਸ ਤੋਂ ਇਲਾਵਾ, ਲਾਗੂਕਰਨ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ ਦਾ ਪਤਾ ਲਗਾਉਣ ਲਈ ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਦੌਰਾਨ ਵੱਖ-ਵੱਖ ਉਲੰਘਣਾਵਾਂ ਲਈ ਇੱਕ ਆਰ ਟੀ ਓ ਅਤੇ ਦੋ ਆਰ ਟੀ ਏਜ਼ ਦੁਆਰਾ ਜਾਰੀ ਕੀਤੇ ਗਏ 4,431 ਚਲਾਂਨਾ[28] ਦੇ ਰਿਕਾਰਡਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ 81 ਨਮੂਨਿਆਂ ਵਾਲੇ ਵਹੀਕਲਾਂ ਵਿੱਚੋਂ ਕੇਵਲ ਇੱਕ ਵਹੀਕਲ[29] ਨੂੰ ਬਿਨ੍ਹਾਂ ਪਰਮਿਟ ਦੇ ਯਾਤਰੀਆਂ ਨੂੰ ਲਿਜਾਣ ਲਈ ਚਲਾਨ ਜਾਰੀ ਕੀਤਾ ਗਿਆ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਉਹ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਤੋਂ ਪਹਿਲਾਂ ਪਰਮਿਟ ਸਰਟੀਫਿਕੇਟ ਦੇਣ ਲਈ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਦੀ ਮਦਦ ਨਾਲ ਇੱਕ ਮਾਡਿਊਲ ਬਣਾਉਣ 'ਤੇ ਕੰਮ ਕਰ ਰਹੇ ਹਨ।

### 2.7.1.9 ਟਰਾਂਸਪੋਰਟ ਵਹੀਕਲਾਂ ਦੇ ਪਰਮਿਟਾਂ ਨੂੰ ਨਾ ਨਵਿਆਉਣਾ

ਮੋਟਰ ਵਹੀਕਲਜ਼ ਐਕਟ, 1988 ਦੀ ਧਾਰਾ 81 ਇਹ ਵਿਵਸਥਾ ਕਰਦੀ ਹੈ ਕਿ ਪਰਮਿਟ ਜਾਰੀ ਕਰਨ ਜਾਂ ਨਵਿਆਉਣ ਦੀ ਮਿਤੀ ਤੋਂ ਪੰਜ ਸਾਲਾਂ ਲਈ ਵੈਧ ਰਹੇਗਾ ਅਤੇ ਪੰਜਾਬ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 80(3) ਅਨੁਸਾਰ ਪਰਮਿਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਚੌਦਾਂ ਦਿਨਾਂ ਦੇ ਅੰਦਰ ਪਰਮਿਟ ਸਮਰਪਣ ਕਰਨਾ ਲਾਜ਼ਮੀ ਹੈ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੋਣਵੇਂ ਰਿਜ਼ਨਲ ਟਰਾਂਸਪੋਰਟ ਦਫਤਰਾਂ ਅਤੇ ਰਾਜ ਟਰਾਂਸਪੋਰਟ ਅਥਾਰਟੀ ਦੇ ਸਬੰਧ ਵਿੱਚ ਵਾਹਨ ਤੋਂ ਤਿਆਰ ਕੀਤੀ ਗਈ 'ਪਰਮਿਟ ਐਸਪਾਇਰਡ ਰਿਪੋਰਟ', 'ਕਰ ਪੇਡ ਰਿਪੋਰਟ' ਅਤੇ 'ਪੀ ਯੂ ਸੀ ਸੀ ਰਿਪੋਰਟ' ਦੇ ਡਾਟੇ ਦੀ ਜਾਂਚ ਕੀਤੀ ਅਤੇ ਦੇਖਿਆ ਕਿ ਮਿਆਦ ਪੂਰਾ ਹੋ ਚੁੱਕੇ ਪਰਮਿਟ ਵਾਲੇ 7,370 ਵਹੀਕਲਾਂ[30] ਵਿੱਚੋਂ 2,075 ਵਹੀਕਲਾਂ[31] ਨੇ ਜਾਂ ਤਾਂ ਮੋਟਰ ਵਹੀਕਲ ਕਰ ਦਾ ਭੁਗਤਾਨ ਜਾਂ ਪ੍ਰਦੂਸ਼ਣ ਕੰਟਰੋਲ ਅਧੀਨ

27 ਜਲੰਧਰ: ₹ 1.12 ਲੱਖ, ਪਟਿਆਲਾ: ₹ 1.46 ਲੱਖ ਅਤੇ ਐਸ ਟੀ ਏ: ₹ 1.18 ਲੱਖ

28 ਆਰ ਟੀ ਏ ਜਲੰਧਰ: 1,866, ਆਰ ਟੀ ਏ ਪਟਿਆਲਾ: 2,531 ਅਤੇ ਆਰ ਟੀ ਓ ਜਲੰਧਰ: 34

29 ਆਰ ਟੀ ਏ ਪਟਿਆਲਾ ਵੱਲੋ ਕੀਤਾ ਗਿਆ ਚਲਾਨ ਨੰ. 222843 ਮਿਤੀ 28 ਜੂਨ 2021

30 ਜਲੰਧਰ: 2,328, ਪਟਿਆਲਾ: 2,387 ਅਤੇ ਐਸ ਟੀ ਏ: 2,655

31 ਜਲੰਧਰ: 622, ਪਟਿਆਲਾ: 514 ਅਤੇ ਐਸ ਟੀ ਏ: 939

ਸਰਟੀਫਿਕੇਟ ਪਰਮਿਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਪ੍ਰਾਪਤ ਕੀਤਾ ਸੀ ਜੋ ਸੜਕ 'ਤੇ ਵਹੀਕਲਾਂ ਦੀ ਵਰਤੋਂ ਦੀ ਸੰਭਾਵਨਾ ਨੂੰ ਦਰਸਾਉਂਦਾ ਹੈ।

ਲੇਖਾ ਪ੍ਰੀਖਿਆ ਨੇ 90 ਵਹੀਕਲਾਂ[32] ਦੇ ਨਮੂਨਿਆਂ ਦੀ ਨਮੂਨਾ-ਜਾਂਚ ਕੀਤੀ ਅਤੇ ਵਹੀਕਲਾਂ ਦੀ ਹਿਸਟਰੀ ਤੋਂ ਦੇਖਿਆ (ਅਗਸਤ 2024 ਤੋਂ ਜਨਵਰੀ 2025) ਕਿ 63 ਵਹੀਕਲਾਂ[33] ਦੇ ਮਾਲਕਾਂ ਨੇ ਜਾਂ ਤਾਂ ਮੋਟਰ ਵਹੀਕਲ ਕਰ ਦਾ ਭੁਗਤਾਨ ਕੀਤਾ ਸੀ ਜਾਂ ਪ੍ਰਦੂਸ਼ਣ ਕੰਟਰੋਲ ਅਧੀਨ ਸਰਟੀਫਿਕੇਟ ਪਰਮਿਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਪ੍ਰਾਪਤ ਕੀਤਾ ਸੀ। ਬਿਨ੍ਹਾਂ ਪਰਮਿਟ ਦੇ ਵਹੀਕਲਾਂ ਚਲਾਉਣਾ ਨਾ ਸਿਰਫ ਮੋਟਰ ਵਹੀਕਲ ਨਿਯਮਾਂ ਦੀ ਉਲੰਘਣਾ ਸੀ, ਬਲਕਿ ਇਨ੍ਹਾਂ ਮਾਮਲਿਆਂ ਵਿੱਚ ਪਰਮਿਟ ਨਵਿਆਉਣ ਦੀ ਫੀਸ ਦਾ ਭੁਗਤਾਨ ਨਾ ਕਰਨ ਕਾਰਨ ₹ 4.64 ਲੱਖ[34] ਦਾ ਰੈਵੀਨਿਊ ਪ੍ਰਭਾਵ ਵੀ ਸ਼ਾਮਲ ਸੀ।

ਲਾਗੂਕਰਨ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ ਦਾ ਪਤਾ ਲਗਾਉਣ ਲਈ, ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਦੌਰਾਨ ਵੱਖ-ਵੱਖ ਉਲੰਘਣਾਵਾਂ ਲਈ ਇੱਕ ਆਰ ਟੀ ਓ ਅਤੇ ਦੋ ਆਰ ਟੀ ਏਜ਼ ਦੁਆਰਾ ਜਾਰੀ ਕੀਤੇ ਗਏ 4,431 ਚਲਾਨਾਂ[35] ਦੇ ਰਿਕਾਰਡਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ 90 ਨਮੂਨਿਆਂ ਵਾਲੇ ਵਹੀਕਲਾ ਵਿੱਚੋਂ ਕਿਸੇ ਨੂੰ ਵੀ ਇਸ ਅਪਰਾਧ ਕਾਰਨ ਚਲਾਨ ਜਾਰੀ ਨਹੀਂ ਕੀਤਾ ਗਿਆ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਕਿਹਾ (ਅਪ੍ਰੈਲ 2025) ਕਿ ਪਰਮਿਟ ਦੇ ਨਵਿਆਉਣ ਦੀ ਜ਼ਿੰਮੇਵਾਰੀ ਪਰਮਿਟ ਧਾਰਕ ਦੀ ਹੈ। ਦੇਰੀ ਹੋਣ ਦੀ ਸੂਰਤ ਵਿੱਚ, ਵਿਭਾਗ ਜੁਰਮਾਨਾ ਵਸੂਲਦਾ ਹੈ। ਹਾਲਾਂਕਿ, ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਨੂੰ ਅਜਿਹੇ ਪਰਮਿਟ ਧਾਰਕਾਂ ਨੂੰ ਰਿਮਾਈਂਡਰ ਐਸ ਐਮ ਐਸ ਭੇਜਣ ਦੀ ਬੇਨਤੀ ਕੀਤੀ ਗਈ ਹੈ।

#### 2.7.1.10 ਵਾਹਨ ਪ੍ਰਣਾਲੀ ਤੋਂ ਬਾਹਰ ਪਰਮਿਟਾਂ ਦੀ ਮੈਨੂਅਲ ਪ੍ਰਕਿਰਿਆਂ

ਈ-ਟਰਾਂਸਪੋਰਟ ਮਿਸ਼ਨ ਮੋਡ ਪ੍ਰੋਜੈਕਟ ਦੇ ਅਧੀਨ ਵਾਹਨ ਇੱਕ ਪ੍ਰਮੁੱਖ ਐਪਲੀਕੇਸ਼ਨ ਹੈ, ਜੋ ਵਹੀਕਲ ਰਜਿਸਟ੍ਰੇਸ਼ਨ, ਪਰਮਿਟ, ਟੈਕਸੇਸ਼ਨ, ਫ਼ਿਟਨੈੱਸ ਅਤੇ ਸਬੰਧਤ ਪ੍ਰਕਿਰਿਆਵਾਂ ਨਾਲ ਸਬੰਧਤ ਹੈ। ਇਸ ਤੋਂ ਇਲਾਵਾ, ਵਾਹਨ ਇੱਕ ਕੇਂਦਰੀਕ੍ਰਿਤ, ਵੈੱਬ ਸਮਰੱਥ ਐਪਲੀਕੇਸ਼ਨ, ਜੋ ਸਾਰੇ ਆਰ ਟੀ ਓਜ਼, ਡੀਲਰਾਂ, ਨਾਗਰਿਕਾਂ, ਟਰਾਂਸਪੋਰਟਰਾਂ ਅਤੇ ਵੱਖ-ਵੱਖ ਹੋਰ ਹਿੱਸੇਦਾਰਾਂ ਨੂੰ ਆਸਾਨ ਵੈੱਬ-ਅਧਾਰਤ ਪਹੁੰਚ ਦੀ ਸਹੂਲਤ ਦਿੰਦੀ ਹੈ, ਜਦੋਂ ਕਿ ਐਪਲੀਕੇਸ਼ਨ ਦੀ ਸੰਰਚਨਾ ਪੜਾਅ ਰਾਜ ਵਿਸ਼ੇਸ਼ ਕਸਟਮਾਈਜ਼ੇਸ਼ਨ ਨੂੰ ਹੱਲ ਕਰਨ ਦੀ ਆਗਿਆ ਦਿੰਦੀ ਹੈ।

2019-20 ਤੋਂ 2023-24 ਦੀ ਮਿਆਦ ਲਈ ਪਟਿਆਲਾ ਅਤੇ ਜਲੰਧਰ ਦੀਆਂ ਰਿਜ਼ਨਲ ਟਰਾਂਸਪੋਰਟ ਅਥਾਰਟੀਆਂ ਦੇ ਰਿਕਾਰਡਾਂ ਦੀ ਪੜਤਾਲ ਦੌਰਾਨ ਇਹ ਦੇਖਿਆ ਗਿਆ (ਜਨਵਰੀ 2025) ਕਿ ਵਾਹਨ ਪ੍ਰਣਾਲੀ ਤੋਂ ਬਾਹਰ ਆਪਰੇਟਰਾਂ ਨੂੰ ਸਟੇਜ ਕੈਰਿਜ ਪਰਮਿਟ ਮੈਨੂਅਲੀ ਦਿੱਤੇ ਗਏ ਸਨ, ਜਿਸ ਨਾਲ ਵਾਹਨ ਦੇ ਲਾਭਾਂ ਦਾ ਲਾਭ ਨਹੀਂ ਉਠਾਇਆ ਗਿਆ ਅਤੇ ਸਟੇਜ ਕੈਰਿਜ ਆਪਰੇਟਰਾਂ ਨੂੰ

32 ਜਲੰਧਰ, ਪਟਿਆਲਾ ਅਤੇ ਐਸ ਟੀ ਏ ਹਰ ਇੱਕ ਵਿੱਚ 30

33 ਜਲੰਧਰ: 17, ਪਟਿਆਲਾ: 24 ਅਤੇ ਐਸ ਟੀ ਏ: 22

34 ਜਲੰਧਰ: ₹ 1.60 ਲੱਖ, ਪਟਿਆਲਾ: ₹ 1.67 ਲੱਖ ਅਤੇ ਐਸ ਟੀ ਏ: ₹ 1.37 ਲੱਖ

35 ਆਰ ਟੀ ਏ ਜਲੰਧਰ: 1,866, ਆਰ ਟੀ ਏ ਪਟਿਆਲਾ: 2,531 ਅਤੇ ਆਰ ਟੀ ਓ ਜਲੰਧਰ: 34

ਪਰਮਿਟ ਲਈ ਇਲੈਕਟ੍ਰਾਨਿਕ ਸੇਵਾਵਾਂ ਉਪਲਬਧ ਨਹੀਂ ਸਨ। ਵਾਹਨ ਪੋਰਟਲ ਦਾ ਲਾਭ ਉਠਾਉਣ ਦੀ ਬਜਾਏ ਪਰਮਿਟਾਂ ਦੀ ਮੈਨੂਅਲ ਪ੍ਰਕਿਰਿਆ ਕਾਰਜਾਂ ਨੂੰ ਸੁਚਾਰੂ ਬਣਾਉਣ ਅਤੇ ਜਨਤਕ ਸੇਵਾ ਪ੍ਰਦਾਨ ਕਰਨ ਵਿੱਚ ਸੁਧਾਰ ਕਰਨ ਵਿੱਚ ਡਿਜੀਟੇਲਾਈਜ਼ੇਸ਼ਨ ਦੇ ਸੰਭਾਵਿਤ ਲਾਭਾਂ ਨੂੰ ਕਮਜ਼ੋਰ ਕਰਦੀ ਹੈ।

ਧਿਆਨ ਵਿੱਚ ਲਿਆਂਦੇ ਜਾਣ ਤੇ, ਵਿਭਾਗ ਨੇ ਭਰੋਸਾ ਦਿੱਤਾ (ਅਪ੍ਰੈਲ 2025) ਕਿ ਉਹ ਜੋ ਸੰਚਾਲਨ ਦੀ ਗੁੰਝਲਤਾ ਅਤੇ ਵੱਖ-ਵੱਖ ਕਿਰਿਆਵਾਂ ਦੀ ਸ਼ਮੂਲੀਅਤ ਨੂੰ ਧਿਆਨ ਵਿੱਚ ਰੱਖਦੇ ਹੋਏ ਰੂਪ-ਰੇਖਾ ਦੀ ਜਾਂਚ ਕਰਨ ਲਈ ਰਾਜ ਟਰਾਂਸਪੋਰਟ ਅੰਡਰਟੇਕਿੰਗ ਅਤੇ ਹੋਰ ਰਾਜਾਂ ਨਾਲ ਲੋੜੀਂਦਾ ਤਾਲਮੇਲ ਕਰੇਗਾ।

### 2.7.2 ਲਾਇਸੈਂਸਜ਼

ਡਰਾਈਵਰ ਲਾਇਸੈਂਸ ਸਰਕਾਰ ਦੁਆਰਾ ਜਾਰੀ ਕੀਤਾ ਗਿਆ ਇੱਕ ਅਧਿਕਾਰਤ ਦਸਤਾਵੇਜ਼ ਹੈ ਜੋ ਇੱਕ ਵਿਅਕਤੀ ਨੂੰ ਜਨਤਕ ਸੜਕਾਂ ਤੇ ਮੋਟਰ ਵਹੀਕਲ ਚਲਾਉਣ ਦਾ ਕਾਨੂੰਨੀ ਅਧਿਕਾਰ ਦਿੰਦਾ ਹੈ। ਇਹ ਪਛਾਣ ਦੇ ਸਬੂਤ ਅਤੇ ਗੱਡੀ ਚਲਾਉਣ ਦੀ ਆਗਿਆ ਦੋਵਾਂ ਵਜੋਂ ਕੰਮ ਕਰਦਾ ਹੈ। ਲਾਇਸੈਂਸ ਜਾਰੀ ਕਰਨ ਵਿੱਚ ਵਿਸੰਗਤੀਆਂ ਬਾਰੇ ਲੇਖਾ ਪ੍ਰੀਖਿਆ ਦੀਆਂ ਲੱਭਤਾਂ ਦੀ ਚਰਚਾ ਹੇਠਾਂ ਦਿੱਤੇ ਉਪ-ਪੈਰ੍ਹਿਆਂ ਵਿੱਚ ਕੀਤੀ ਗਈ ਹੈ।

#### 2.7.2.1 ਲਰਨਰ ਲਾਇਸੈਂਸ ਜਾਰੀ ਕਰਨ ਵਿੱਚ ਵਿਸੰਗਤੀਆਂ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 4 ਵਿੱਚ ਇਹ ਵਿਵਸਥਾ ਹੈ ਕਿ ਲਾਇਸੈਂਸ ਜਾਰੀ ਕਰਨ ਲਈ ਹਰੇਕ ਬਿਨੈਕਾਰ ਨੂੰ ਆਪਣੇ ਪਤੇ ਅਤੇ ਉਮਰ ਦੇ ਦਸਤਾਵੇਜ਼ਾਂ ਦੇ ਸਬੂਤ ਵਜੋਂ ਅਸਲ ਜਾਂ ਸਬੰਧਿਤ ਨਕਲ ਵਿੱਚ ਸਵੈ-ਪ੍ਰਮਾਣਿਤ ਕਰਕੇ ਪੇਸ਼ ਕਰਨਾ ਹੋਵੇਗਾ।

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 5(1) ਵਿੱਚ ਇਹ ਵਿਵਸਥਾ ਹੈ ਕਿ ਲਰਨਰ ਲਾਇਸੈਂਸ ਜਾਂ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਜਾਂ ਡਰਾਈਵਿੰਗ ਲਾਇਸੈਂਸ ਵਿੱਚ ਮੋਟਰ ਵਹੀਕਲ ਦਾ ਵੇਰਵਾ ਜੋੜਨ ਜਾਂ ਟਰਾਂਸਪੋਰਟ ਵਹੀਕਲ ਤੋਂ ਇਲਾਵਾ ਹੋਰ ਵਹੀਕਲ ਚਲਾਉਣ ਲਈ ਡਰਾਈਵਿੰਗ ਲਾਇਸੈਂਸ ਦੇ ਨਵਿਆਉਣ ਲਈ ਹਰੇਕ ਅਰਜ਼ੀ ਵਿੱਚ ਸਰੀਰਕ ਫ਼ਿਟਨੈੱਸ ਲਈ ਸਵੈ-ਪ੍ਰਮਾਣਿਕਤਾ ਸ਼ਾਮਲ ਹੋਵੇਗੀ। ਟਰਾਂਸਪੋਰਟ ਵਹੀਕਲਾਂ ਦੇ ਮਾਮਲੇ ਵਿੱਚ, ਅਜਿਹੀ ਹਰੇਕ ਅਰਜ਼ੀ ਦੇ ਨਾਲ ਇੱਕ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦੁਆਰਾ ਪੋਰਟਲ ਤੇ ਇਲੈਕਟ੍ਰਾਨਿਕ ਤੌਰ ਤੇ ਜਾਰੀ ਕੀਤਾ ਗਿਆ ਮੈਡੀਕਲ ਸਰਟੀਫਿਕੇਟ ਹੋਵੇਗਾ। ਮੈਡੀਕਲ ਸਰਟੀਫਿਕੇਟ ਵਿੱਚ ਰੰਗ ਅੰਨ੍ਹੇਪਣ ਦੀ ਜਾਂਚ ਕਰਨ ਲਈ ਬਿਨੈਕਾਰ ਦੀ ਰੰਗ ਵਿਜ਼ਨ ਸ਼ਾਮਲ ਹੁੰਦੀ ਹੈ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਸਾਰਥੀ ਪੋਰਟਲ ਤੋਂ ਡਾਊਨਲੋਡ ਕੀਤੀਆਂ 'ਐਮ ਆਈ ਐਸ ਰਿਪੋਰਟਜ਼ ਆਨ ਐਪਲੀਕੇਸ਼ਨਜ਼' ਤੋਂ ਲਰਨਰਜ਼ ਲਾਇਸੈਂਸ ਦੇ 120 ਮਾਮਲਿਆਂ[36] ਦੇ ਨਮੂਨੇ ਦਾ

[36] ਹਰ ਇੱਕ ਚੁਣੇ ਹੋਏ ਆਰ ਟੀ ਓਜ਼ ਵਿੱਚ 30 ਲਰਨਰ ਲਾਇਸੈਂਸ

ਵਿਸ਼ਲੇਸ਼ਣ ਕੀਤਾ ਅਤੇ ਨਮੂਨਾ-ਜਾਂਚ ਕੀਤੇ ਮਾਮਲਿਆਂ ਵਿੱਚ ਹੇਠ ਲਿਖੀਆਂ ਵਿਸੰਗਤੀਆਂ ਦੇਖੀਆਂ (ਅਗਸਤ ਤੋਂ ਦਸੰਬਰ 2024) :

- ਚਾਰ ਆਰ ਟੀ ਓਜ਼[37] ਦੇ ਅਧੀਨ 17 ਮਾਮਲਿਆਂ (14.17 *ਪ੍ਰਤੀਸ਼ਤ*) ਵਿੱਚ, ਪਤੇ ਅਤੇ ਉਮਰ ਦੇ ਸਬੂਤ ਰਿਕਾਰਡ ਤੇ ਉਪਲਬਧ ਨਹੀਂ ਸਨ।
- ਦੋ ਆਰ ਟੀ ਓਜ਼[38] ਅਧੀਨ 30 ਬਿਨੈਕਾਰਾਂ (25.00 *ਪ੍ਰਤੀਸ਼ਤ*) ਨੇ ਸਰੀਰਕ ਫ਼ਿਟਨੈੱਸ ਲਈ ਸਵੈ-ਪ੍ਰਮਾਣਿਕਤਾ ਫਾਰਮ ਵਿੱਚ ਵੇਰਵੇ ਨਹੀਂ ਭਰੇ ਅਤੇ ਪਟਿਆਲਾ[39] ਦੇ ਇੱਕ ਮਾਮਲੇ (0.83 *ਪ੍ਰਤੀਸ਼ਤ*) ਵਿੱਚ ਸਵੈ-ਪ੍ਰਮਾਣਿਕਤਾ ਫਾਰਮ ਰਿਕਾਰਡ ਤੇ ਉਪਲਬਧ ਨਹੀਂ ਸੀ।
- ਦੋ ਆਰ ਟੀ ਓਜ਼[40] ਅਧੀਨ ਚਾਰ ਮਾਮਲਿਆਂ (3.33 *ਪ੍ਰਤੀਸ਼ਤ*) ਵਿੱਚ, ਟਰਾਂਸਪੋਰਟ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਲਈ ਲੋੜੀਂਦਾ ਇਲੈਕਟ੍ਰਾਨਿਕ ਮੈਡੀਕਲ ਸਰਟੀਫਿਕੇਟ ਉਪਲਬਧ ਨਹੀਂ ਸੀ। ਹਾਲਾਂਕਿ, ਇਨ੍ਹਾਂ ਅਰਜ਼ੀਆਂ ਦੇ ਨਾਲ ਮੈਨੂਅਲੀ ਜਾਰੀ ਕੀਤੇ ਗਏ ਮੈਡੀਕਲ ਸਰਟੀਫਿਕੇਟ ਵੀ ਸਨ ਪਰ ਲੋੜੀਂਦੇ ਵਿਜਨ ਟੈਸਟ ਸਰਟੀਫਿਕੇਟ ਨੂੰ ਸਰਟੀਫਿਕੇਟਾਂ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ।
- ਆਰ ਟੀ ਓ ਪਠਾਨਕੋਟ[41] ਅਧੀਨ ਇੱਕ ਮਾਮਲੇ (0.83 *ਪ੍ਰਤੀਸ਼ਤ*) ਵਿੱਚ ਮੈਡੀਕਲ ਸਰਟੀਫਿਕੇਟ ਰਿਕਾਰਡ ਤੇ ਉਪਲਬਧ ਨਹੀਂ ਸੀ।
- ਆਰ ਟੀ ਓ ਜਲੰਧਰ[42] ਅਧੀਨ ਟਰਾਂਸਪੋਰਟ ਵਹੀਕਲਾਂ ਦੇ ਚਾਰ ਮਾਮਲਿਆਂ (3.33 *ਪ੍ਰਤੀਸ਼ਤ*) ਵਿੱਚ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਵੱਲੋਂ ਮੈਡੀਕਲ ਸਰਟੀਫਿਕੇਟ ਤੇ ਦਸਤਖਤ ਨਹੀਂ ਕੀਤੇ ਗਏ ਸਨ।

ਧਿਆਨ ਵਿੱਚ ਲਿਆਂਦੇ ਜਾਣ ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਪਤੇ ਅਤੇ ਉਮਰ ਦੇ ਸਬੂਤ ਸਬੰਧੀ ਮੁੱਦਾ ਭਵਿੱਖ ਲਈ ਹੱਲ ਕਰ ਦਿੰਦਾ ਹੈ ਕਿਉਂਕਿ ਲਰਨਿੰਗ ਲਾਇਸੈਂਸ ਅਰਜ਼ੀਆਂ ਦੀ ਆਧਾਰ ਅਧਾਰਤ ਸੀਡਿੰਗ ਲਾਗੂ ਕੀਤੀ ਗਈ ਹੈ। ਇਸ ਤੋਂ ਇਲਾਵਾ, ਲਰਨਿੰਗ ਲਾਇਸੈਂਸਜ਼ ਲਈ ਮੈਡੀਕਲ ਸਰਟੀਫਿਕੇਟਾਂ ਦੇ ਇਲੈਕਟ੍ਰਾਨਿਕ ਉਤਪਾਦਨ ਦਾ ਮਾਮਲਾ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਕੋਲ ਉਠਾਇਆ ਗਿਆ ਹੈ। ਇਸ ਤੋਂ ਇਲਾਵਾ ਸਬੰਧਤ ਆਰ ਟੀ ਓਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ ਜਿੱਥੇ ਕਮੀਆਂ ਮੌਜੂਦ ਹਨ।

### 2.7.2.2 ਨਵੇਂ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਵਿੱਚ ਵਿਸੰਗਤੀਆਂ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 14(1) ਵਿੱਚ ਹੋਰ ਗੱਲਾਂ ਦੇ ਨਾਲ-ਨਾਲ ਇਹ ਵਿਵਸਥਾ ਕੀਤੀ ਗਈ ਹੈ ਕਿ ਡਰਾਈਵਿੰਗ ਲਾਇਸੈਂਸ ਲਈ ਅਰਜ਼ੀ ਨਿਰਧਾਰਤ ਫਾਰਮ ਵਿੱਚ ਕੀਤੀ ਜਾਵੇਗੀ ਅਤੇ ਇਸ ਦੇ ਨਾਲ ਇੱਕ ਵਾਸਤਵਿਕ ਲਰਨਰ ਲਾਇਸੈਂਸ ਵੀ ਹੋਵੇਗਾ ਤਾਂ ਜੋ ਉਸ

---

37 ਜਲੰਧਰ: 6, ਪਠਾਨਕੋਟ: 7, ਪਟਿਆਲਾ: 3, ਅਤੇ ਰੋਪੜ:1

38 ਪਟਿਆਲਾ: 15 ਅਤੇ ਰੋਪੜ:15

39 ਅਰਜ਼ੀ ਨੰ. 856185220 ਮਿਤੀ 27 ਫਰਵਰੀ 2020

40 ਆਰ ਟੀ ਓ ਪਟਿਆਲਾ: 3 (ਅਰਜ਼ੀ ਨੰ. 1290744123, 3811845322 ਅਤੇ 4563578123) ਅਤੇ ਆਰ ਟੀ ਓ ਰੋਪੜ:1 (ਅਰਜ਼ੀ ਨੰ. 477013924)

41 ਅਰਜ਼ੀ ਨੰ. 4043447323 ਮਿਤੀ 20 ਅਕਤੂਬਰ 2023

42 ਆਰ ਟੀ ਓ ਜਲੰਧਰ-ਅਰਜ਼ੀ ਨੰ. 1808585119, 1932558220, 2631178319 ਅਤੇ 2849493220

ਕਿਸਮ ਦਾ ਵਹੀਕਲ ਚਲਾਇਆ ਜਾ ਸਕੇ ਜਿਸ ਨਾਲ ਅਰਜ਼ੀ ਸਬੰਧਿਤ ਹੈ। ਡਰਾਈਵਿੰਗ ਲਾਇਸੈਂਸ ਜਾਰੀ ਕਰਨ ਦੀ ਸਮਾਂ-ਸੀਮਾ ਫਰਵਰੀ 2019 ਵਿੱਚ ਪੰਜਾਬ ਸਰਕਾਰ ਦੇ ਪ੍ਰਸ਼ਾਸਕੀ ਸੁਧਾਰ ਵਿਭਾਗ ਦੁਆਰਾ ਅਧਿਸੂਚਿਤ ਕੀਤੇ ਅਨੁਸਾਰ ਸੱਤ ਕੰਮਕਾਜੀ ਦਿਨ ਸਨ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਸਾਰਥੀ ਪੋਰਟਲ ਤੋਂ ਡਾਊਨਲੋਡ ਕੀਤੀਆਂ 'ਐਮ ਆਈ ਐਸ ਰਿਪੋਰਟਜ਼ ਆਨ ਐਪਲੀਕੇਸ਼ਨਜ਼' ਤੋਂ ਡਰਾਈਵਿੰਗ ਲਾਇਸੈਂਸਜ਼ ਦੇ 120 ਮਾਮਲਿਆਂ[43] ਦੇ ਨਮੂਨੇ ਦਾ ਵਿਸ਼ਲੇਸ਼ਣ ਕੀਤਾ ਅਤੇ ਨਮੂਨਾ-ਜਾਂਚ ਕੀਤੇ ਮਾਮਲਿਆਂ ਵਿੱਚ ਹੇਠ ਲਿਖੀਆਂ ਵਿਸੰਗਤੀਆਂ ਦੇਖੀਆਂ (ਅਗਸਤ 2024 ਤੋਂ ਜਨਵਰੀ 2025):

- ਤਿੰਨ ਆਰ ਟੀ ਓਜ਼[44] ਦੇ ਅਧੀਨ 89 ਮਾਮਲਿਆਂ (74.16 *ਪ੍ਰਤੀਸ਼ਤ*) ਵਿੱਚ, ਸਰੀਰਕ ਫ਼ਿਟਨੈੱਸ ਸਬੰਧੀ ਸਵੈ-ਘੋਸ਼ਣਾ ਪੇਸ਼ ਨਹੀਂ ਕੀਤੀ ਗਈ।
- ਦੋ ਆਰ ਟੀ ਓਜ਼[45] ਦੇ ਅਧੀਨ ਸੱਤ ਮਾਮਲਿਆਂ (5.83 *ਪ੍ਰਤੀਸ਼ਤ*) ਵਿੱਚ, ਲਰਨਿੰਗ ਲਾਇਸੈਂਸ ਨਿਯਮਤ ਡਰਾਈਵਿੰਗ ਲਾਇਸੈਂਸ ਦੇਣ ਲਈ ਅਰਜ਼ੀਆਂ ਜਮ੍ਹਾਂ ਕਰਨ ਦੀ ਮਿਤੀ ਤੋਂ ਪਹਿਲਾਂ ਹੀ ਖਤਮ ਹੋ ਗਏ ਸਨ।
- ਚਾਰ ਆਰ ਟੀ ਓਜ਼[46] ਦੇ ਅਧੀਨ 60 ਮਾਮਲਿਆਂ (50.00 *ਪ੍ਰਤੀਸ਼ਤ*) ਵਿੱਚ, ਸੱਤ ਕੰਮਕਾਜੀ ਦਿਨਾਂ ਦੇ ਨਿਰਧਾਰਤ ਸਮੇਂ ਤੋਂ ਬਾਅਦ ਲਾਇਸੈਂਸ ਜਾਰੀ ਕਰਨ ਵਿੱਚ ਦੇਰੀ ਹੋਈ ਸੀ। ਇਹਨ੍ਹਾਂ ਮਾਮਲਿਆਂ ਵਿੱਚ ਵੱਧ ਤੋਂ ਵੱਧ 980 ਦਿਨਾਂ ਦੀ ਦੇਰੀ ਦੇ ਨਾਲ ਔਸਤਨ ਦੇਰੀ 53 ਦਿਨਾਂ ਦੀ ਸੀ ਜਿਵੇਂ ਕਿ **ਸਾਰਣੀ** 2.4 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.4: ਲਾਇਸੈਂਸ ਜਾਰੀ ਕਰਨ ਵਿੱਚ ਦੇਰੀ**

| ਦੇਰੀ ਦੀ ਰੇਂਜ਼ | ਲਾਇਸੈਂਸ ਦੀ ਸੰਖਿਆ |
|---|---|
| ਇੱਕ ਮਹੀਨੇ ਤੱਕ | 42 |
| 1-3 ਮਹੀਨੇ | 15 |
| 3 ਤੋਂ ਵੱਧ ਮਹੀਨੇ | 3 |

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਸਬੰਧਤ ਆਰ ਟੀ ਓਜ਼ ਨੂੰ ਲੋੜੀਂਦੀਆਂ ਕਮੀਆਂ ਵਾਲੇ ਦਸਤਾਵੇਜ਼ ਪ੍ਰਾਪਤ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਲਰਨਿੰਗ ਲਾਇਸੈਂਸਜ਼ ਦੀ ਮਿਆਦ ਖਤਮ ਹੋਣ ਤੋਂ ਬਾਅਦ ਰੈਗੂਲਰ ਡਰਾਈਵਿੰਗ ਲਾਇਸੈਂਸ ਲਈ ਅਰਜ਼ੀ ਦੇਣ ਦੇ ਸਬੰਧ ਵਿੱਚ ਵਿਭਾਗ ਨੇ ਕਿਹਾ ਕਿ ਪ੍ਰਣਾਲੀ ਵਿੱਚ ਨਿਰਧਾਰਤ ਮਿਆਦ ਦੇ ਅੰਦਰ ਅਰਜ਼ੀਆਂ ਜਮ੍ਹਾਂ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਪਹਿਲਾਂ ਹੀ ਲੋੜੀਂਦੀਆਂ ਜਾਂਚਾਂ ਕੀਤੀਆਂ ਹਨ। ਵਿਭਾਗ ਨੇ ਅੱਗੇ ਦੱਸਿਆ ਕਿ ਹੈੱਡਕੁਆਰਟਰ ਪੱਧਰ 'ਤੇ

43 ਹਰ ਇੱਕ ਚੁਣੇ ਹੋਏ ਆਰ ਟੀ ਓਜ਼ ਵਿੱਚ 30 ਅਰਜ਼ੀਆਂ

44 ਜਲੰਧਰ: 29, ਪਟਿਆਲਾ: 30 ਅਤੇ ਰੋਪੜ: 30

45 ਪਠਾਨਕੋਟ: 1 ਅਤੇ ਰੋਪੜ: 6

46 ਜਲੰਧਰ: 19, ਪਠਾਨਕੋਟ: 14, ਪਟਿਆਲਾ: 15 ਅਤੇ ਰੋਪੜ: 12

ਡਰਾਈਵਿੰਗ ਲਾਇਸੈਂਸਜ਼ ਦੇ ਲੰਬਿਤ ਹੋਣ ਦੀ ਨਿਯਮਤ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਨਾਗਰਿਕਾਂ ਦੀ ਸਹੂਲਤ ਲਈ ਡੀਮਡ ਪ੍ਰਵਾਨਗੀ ਲਈ ਰੂਪ-ਰੇਖਾ ਤਿਆਰ ਕੀਤੀ ਜਾ ਰਹੀ ਸੀ।

ਲਰਨਿੰਗ ਲਾਇਸੈਂਸ ਦੀ ਮਿਆਦ ਖਤਮ ਹੋਣ ਤੋਂ ਬਾਅਦ ਰੈਗੂਲਰ ਡਰਾਈਵਿੰਗ ਲਾਇਸੈਂਸ ਲਈ ਅਰਜ਼ੀ ਦੇਣ ਬਾਰੇ ਵਿਭਾਗ ਦਾ ਜਵਾਬ ਲੇਖਾ ਪ੍ਰੀਖਿਆ ਵੱਲੋਂ ਪੇਸ਼ ਕੀਤੇ ਤੱਥਾਂ ਦੇ ਅਨੁਕੂਲ ਨਹੀਂ ਸੀ, ਜਿਸ ਵਿੱਚ ਲਰਨਿੰਗ ਲਾਇਸੈਂਸਜ਼ ਦੀ ਵੈਧਤਾ ਤੋਂ ਬਾਅਦ ਅਰਜ਼ੀਆਂ ਦਿੱਤੀਆਂ ਗਈਆਂ ਸਨ।

### 2.7.2.3 ਡਰਾਈਵਿੰਗ ਲਾਇਸੈਂਸ ਨਵਿਆਉਣ ਵਿੱਚ ਵਿਸੰਗਤੀਆਂ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 18(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਡਰਾਈਵਿੰਗ ਲਾਇਸੈਂਸ ਦੇ ਨਵਿਆਉਣ ਲਈ ਅਰਜ਼ੀ ਦੇ ਨਾਲ ਉਚਿਤ ਫੀਸ, ਬਿਨੈਕਾਰ ਦਾ ਤਾਜ਼ਾ ਪਾਸਪੋਰਟ ਸਾਈਜ਼ ਫੋਟੋ, ਮਿਆਦ ਖਤਮ ਹੋਇਆ ਡਰਾਈਵਿੰਗ ਲਾਇਸੈਂਸ, ਬਿਨੈਕਾਰ ਦੀ ਉਮਰ ਚਾਲੀ ਸਾਲ ਦੀ ਹੋਣ ਦੇ ਮਾਮਲੇ ਵਿੱਚ ਮੈਡੀਕਲ ਸਰਟੀਫਿਕੇਟ ਜਾਂ ਟਰਾਂਸਪੋਰਟ ਵਹੀਕਲ ਦੇ ਮਾਮਲੇ ਵਿੱਚ ਪੋਰਟਲ ਤੋਂ ਇਲੈਕਟ੍ਰਾਨਿਕ ਰੂਪ ਵਿੱਚ ਮੈਡੀਕਲ ਸਰਟੀਫਿਕੇਟ ਅਤੇ ਭਾਰੀ ਮਾਲ ਜਾਂ ਭਾਰੀ ਯਾਤਰੀ ਮੋਟਰ ਵਹੀਕਲ ਦੇ ਮਾਮਲੇ ਵਿੱਚ ਫਿਊਲ ਐਫੀਸੈਂਟ ਡਰਾਈਵਿੰਗ ਟਰੇਨਿੰਗ ਦਾ ਸਰਟੀਫਿਕੇਟ ਚਾਹੀਦਾ ਹੈ। ਪੰਜਾਬ ਸਰਕਾਰ ਦੇ ਪ੍ਰਸ਼ਾਸਕੀ ਸੁਧਾਰ ਵਿਭਾਗ ਵੱਲੋਂ 5 ਫਰਵਰੀ 2019 ਨੂੰ ਜਾਰੀ ਅਧਿਸੂਚਨਾ ਅਨੁਸਾਰ ਡਰਾਈਵਿੰਗ ਲਾਇਸੈਂਸ ਦੇ ਨਵਿਆਉਣ ਲਈ ਨਿਰਧਾਰਤ ਸਮਾਂ ਸੱਤ ਦਿਨ ਹੈ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਸਾਰਥੀ ਪੋਰਟਲ ਤੋਂ ਡਾਊਨਲੋਡ ਕੀਤੀਆਂ 'ਐਮ ਆਈ ਐਸ ਰਿਪੋਰਟਜ਼ ਆਨ ਐਪਲੀਕੇਸ਼ਨਜ਼' ਤੋਂ ਲਾਇਸੈਂਸਜ਼ ਦੇ ਨਵਿਆਉਣ ਦੇ 120 ਮਾਮਲਿਆਂ[47] ਦੇ ਨਮੂਨੇ ਦਾ ਵਿਸ਼ਲੇਸ਼ਣ ਕੀਤਾ ਅਤੇ ਨਮੂਨਾ-ਜਾਂਚ ਕੀਤੇ ਮਾਮਲਿਆਂ ਵਿੱਚ ਹੇਠ ਲਿਖੀਆਂ ਵਿਸੰਗਤੀਆਂ ਦੇਖਿਆਂ ਗਇਆਂ (ਅਗਸਤ 2024 ਤੋਂ ਫਰਵਰੀ 2025):

- ਆਰ ਟੀ ਓ ਰੋਪੜ ਦੇ ਅਧੀਨ ਇੱਕ[48] ਅਰਜ਼ੀ (0.83 *ਪ੍ਰਤੀਸ਼ਤ*) ਤੇ ਬਿਨੈਕਾਰ ਦੁਆਰਾ ਦਸਤਖਤ ਨਹੀਂ ਕੀਤੇ ਗਏ ਸਨ।
- ਤਿੰਨ ਆਰ ਟੀ ਓਜ਼[49] ਦੇ ਅਧੀਨ ਪੰਜ ਮਾਮਲਿਆਂ (4.17 *ਪ੍ਰਤੀਸ਼ਤ*) ਵਿੱਚ ਮੈਡੀਕਲ ਸਰਟੀਫਿਕੇਟ ਰਿਕਾਰਡ ਤੇ ਉਪਲਬਧ ਨਹੀਂ ਸਨ।
- ਤਿੰਨ ਆਰ ਟੀ ਓਜ਼[50] ਦੇ ਅਧੀਨ 32 ਮਾਮਲਿਆਂ (26.67 *ਪ੍ਰਤੀਸ਼ਤ*) ਵਿੱਚ ਵਿਜ਼ਨ ਟੈਸਟਿੰਗ ਦੇ ਵੇਰਵੇ ਮੈਡੀਕਲ ਸਰਟੀਫਿਕੇਟਾਂ ਵਿੱਚ ਉਪਲਬਧ ਨਹੀਂ ਸਨ।
- ਤਿੰਨ ਆਰ ਟੀ ਓਜ਼[51] ਦੇ ਅਧੀਨ 69 ਮਾਮਲਿਆਂ (57.50 *ਪ੍ਰਤੀਸ਼ਤ*) ਵਿੱਚ ਸਰੀਰਕ ਫ਼ਿਟਨੈੱਸ ਘੋਸ਼ਣਾਵਾਂ ਬਿਨੈਕਾਰਾਂ ਦੁਆਰਾ ਪ੍ਰਦਾਨ ਨਹੀਂ ਕੀਤੀਆਂ ਗਈਆਂ ਸਨ।

---

47 ਹਰ ਇੱਕ ਚੁਣੇ ਹੋਏ ਆਰ ਟੀ ਓਜ਼ ਵਿੱਚ 30 ਮਾਮਲੇ

48 ਆਰ ਟੀ ਓ ਰੋਪੜ ਅਧੀਨ ਅਰਜ਼ੀ ਨੰ.3751160623

49 ਆਰ ਟੀ ਓ ਜਲੰਧਰ: 1 (ਅਰਜ਼ੀ ਨੰ. 3242898521): ਆਰ ਟੀ ਓ ਪਠਾਨਕੋਟ: 2 (ਅਰਜ਼ੀ ਨੰ. 750600221 ਅਤੇ 2297122720) ਅਤੇ ਆਰ ਟੀ ਓ ਰੋਪੜ: 2 (ਅਰਜ਼ੀ ਨੰ. 2911324121 ਅਤੇ 730975121)

50 ਪਠਾਨਕੋਟ: 17, ਪਟਿਆਲਾ: 1 ਅਤੇ ਰੋਪੜ: 14

51 ਪਠਾਨਕੋਟ: 26, ਪਟਿਆਲਾ: 21 ਅਤੇ ਰੋਪੜ: 22

- ਚਾਰ ਆਰ ਟੀ ਓਜ਼[52] ਦੇ ਅਧੀਨ ਲਾਇਸੈਂਸ ਜਾਰੀ ਕਰਨ ਦੇ 36 ਮਾਮਲਿਆਂ ਵਿੱਚ ਸੱਤ ਕੰਮਕਾਜੀ ਦਿਨਾਂ ਦੀ ਨਿਰਧਾਰਤ ਮਿਆਦ ਤੋਂ ਬਾਅਦ ਲਾਇਸੈਂਸ ਜਾਰੀ ਕਰਨ ਵਿੱਚ ਦੇਰੀ ਹੋਈ ਸੀ। ਇਹਨਾਂ ਮਾਮਲਿਆਂ ਵਿੱਚ ਵੱਧ ਤੋਂ ਵੱਧ 1,506 ਦਿਨਾਂ ਦੀ ਦੇਰੀ ਦੇ ਨਾਲ ਔਸਤਨ ਦੇਰੀ 175 ਦਿਨਾਂ ਦੀ ਸੀ। ਦੇਰੀ ਨੂੰ **ਸਾਰਣੀ** 2.5 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.5: ਲਾਇਸੈਂਸ ਜਾਰੀ ਕਰਨ ਵਿੱਚ ਦੇਰੀ**

| ਦੇਰੀ ਦੀ ਰੇਂਜ | ਲਾਇਸੈਂਸਜ਼ ਦੀ ਸੰਖਿਆ |
|---|---|
| ਇੱਕ ਮਹੀਨੇ ਤੱਕ | 21 |
| 1-3 ਮਹੀਨੇ | 10 |
| 3 ਮਹੀਨਿਆਂ ਤੋਂ ਵੱਧ | 5 |

ਧਿਆਨ ਵਿੱਚ ਲਿਆਂਦੇ ਜਾਣ ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਆਰ ਟੀ ਓਜ਼ ਨੂੰ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਨੂੰ ਮੈਡੀਕਲ ਸਰਟੀਫਿਕੇਟਾਂ ਦੇ ਇਲੈਕਟ੍ਰਾਨਿਕ ਉਤਪਾਦਨ ਲਈ ਇੱਕ ਮਾਡਿਊਲ ਵਿਕਸਤ ਕਰਨ ਲਈ ਕਿਹਾ ਗਿਆ ਹੈ। ਪ੍ਰਵਾਨਗੀਆਂ ਭੇਜਣ ਵਿੱਚ ਦੇਰੀ ਬਾਰੇ ਵਿਭਾਗ ਨੇ ਕਿਹਾ ਕਿ ਨਿਯਮਤ ਨਿਗਰਾਨੀ ਤੋਂ ਇਲਾਵਾ ਡੀਮਡ ਪ੍ਰਵਾਨਗੀ ਦੇ ਤਰੀਕਿਆਂ 'ਤੇ ਵੀ ਕੰਮ ਕੀਤਾ ਜਾ ਰਿਹਾ ਹੈ।

### 2.7.2.4 ਪਹਿਲਾਂ ਤੋਂ ਲਾਇਸੈਂਸ ਧਾਰਕ ਨੂੰ ਡਰਾਈਵਿੰਗ ਲਾਇਸੈਂਸ ਦੇਣਾ

ਮੋਟਰ ਵਹੀਕਲਜ਼ ਐਕਟ, 1988 ਦੀ ਧਾਰਾ 6(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵੀ ਵਿਅਕਤੀ ਕੋਲ ਕੋਈ ਹੋਰ ਡਰਾਈਵਿੰਗ ਲਾਇਸੈਂਸ ਨਹੀਂ ਰੱਖੇਗਾ, ਜਦੋਂ ਕਿ ਉਸ ਕੋਲ ਲਰਨਰ ਲਾਇਸੈਂਸ ਜਾਂ ਕੇਂਦਰ ਸਰਕਾਰ ਨਾਲ ਸਬੰਧਤ ਮੋਟਰ ਵਹੀਕਲ ਚਲਾਉਣ ਲਈ ਡਰਾਈਵਿੰਗ ਲਾਇਸੈਂਸ ਤੋਂ ਇਲਾਵਾ ਕੋਈ ਹੋਰ ਡਰਾਈਵਿੰਗ ਲਾਇਸੈਂਸ ਹੈ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਸਾਰਥੀ ਪੋਰਟਲ ਤੋਂ ਡਾਊਨਲੋਡ ਕੀਤੀਆਂ 'ਐਮ ਆਈ ਐਸ ਰਿਪੋਰਟਜ਼ ਆਨ ਐਪਲੀਕੇਸ਼ਨਜ਼' ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ (ਸਤੰਬਰ 2024 ਤੋਂ ਫਰਵਰੀ 2025) ਕਿ 214 ਅਜਿਹੇ ਵਿਅਕਤੀਆਂ[53] ਨੂੰ ਡਰਾਈਵਿੰਗ ਲਾਇਸੈਂਸ ਜਾਰੀ ਕੀਤੇ ਗਏ ਸਨ, ਜਿਨ੍ਹਾਂ ਕੋਲ ਪਹਿਲਾਂ ਹੀ ਡਰਾਈਵਿੰਗ ਲਾਇਸੈਂਸ ਸਨ। ਇਹ ਐਕਟ ਦੀਆਂ ਧਾਰਾਵਾਂ ਦੀ ਉਲੰਘਣਾ ਸੀ ਅਤੇ ਸਾਰਥੀ ਪ੍ਰਣਾਲੀ ਉਸ ਵਿਅਕਤੀ ਨੂੰ ਡਰਾਈਵਿੰਗ ਲਾਇਸੈਂਸ ਦੇਣ ਤੋਂ ਰੋਕਣ ਵਿੱਚ ਕਮਜ਼ੋਰ ਸੀ ਜਿਸ ਕੋਲ ਪਹਿਲਾਂ ਹੀ ਦੂਜਾ ਡਰਾਈਵਿੰਗ ਲਾਇਸੈਂਸ ਸੀ।

ਧਿਆਨ ਵਿੱਚ ਲਿਆਂਦੇ ਜਾਣ ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਸਬੰਧਤ ਆਰ ਟੀ ਓਜ਼ ਨੂੰ ਲੇਖਾ ਪ੍ਰੀਖਿਆ ਦੁਆਰਾ ਉਜਾਗਰ ਕੀਤੀਆਂ ਗਈਆਂ ਵਿਸੰਗਤੀਆ ਨੂੰ ਦੂਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਵਿਭਾਗ ਨੇ ਅੱਗੇ ਜਵਾਬ ਦਿੱਤਾ ਕਿ ਸਾਰਥੀ ਸਾੱਫਟਵੇਅਰ ਵਿੱਚ

[52] ਜਲੰਧਰ: 16, ਪਠਾਨਕੋਟ: 3, ਪਟਿਆਲਾ: 13 ਅਤੇ ਰੋਪੜ: 4

[53] ਜਲੰਧਰ: 22, ਪਠਾਨਕੋਟ: 82, ਪਟਿਆਲਾ: 88 ਅਤੇ ਰੋਪੜ: 22

ਲੋੜੀਦੀਆਂ ਪ੍ਰਮਾਣਿਕਤਾ ਜਾਂਚਾਂ ਕੀਤੀਆਂ ਗਈਆਂ ਸਨ ਅਤੇ ਹੁਣ ਸਾੱਫਟਵੇਅਰ ਅਜਿਹੀਆਂ ਐਪਲੀਕੇਸ਼ਨਾਂ ਨੂੰ ਸਵੀਕਾਰ ਨਹੀਂ ਕਰਦਾ। ਹਾਲਾਂਕਿ, ਅਜਿਹੀਆਂ ਪ੍ਰਮਾਣਿਕਤਾ ਜਾਂਚਾਂ ਨੂੰ ਲਾਗੂ ਕਰਨ ਦੀ ਮਿਤੀ ਲੇਖਾ ਪ੍ਰੀਖਿਆ ਨੂੰ ਸੂਚਿਤ ਨਹੀਂ ਕੀਤੀ ਗਈ ਸੀ।

### 2.7.2.5 ਕੰਡਕਟਰ ਲਾਇਸੈਂਸ ਜਾਰੀ ਕਰਨਾ

ਪੰਜਾਬ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 22(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕੰਡਕਟਰ ਲਾਇਸੈਂਸ ਦੇਣ ਲਈ ਅਰਜ਼ੀ ਦੇ ਨਾਲ ਸਬੰਧਤ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਦੀਆਂ ਸਿਫਾਰਸ਼ਾਂ ਤੇ ਰਾਜ ਟਰਾਂਸਪੋਰਟ ਕਮਿਸ਼ਨਰ ਦੁਆਰਾ ਅਧਿਕਾਰਤ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਤੋਂ ਫ਼ਿਟਨੈੱਸ ਦਾ ਮੈਡੀਕਲ ਸਰਟੀਫਿਕੇਟ ਹੋਣਾ ਲਾਜ਼ਮੀ ਹੈ, ਇਸ ਤੋਂ ਇਲਾਵਾ, ਨਿਯਮ 22(3) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕੋਈ ਵੀ ਵਿਅਕਤੀ ਕੰਡਕਟਰ ਲਾਇਸੈਂਸ ਦੇਣ ਲਈ ਅਰਜ਼ੀ ਦੇਣ ਦੇ ਯੋਗ ਨਹੀਂ ਹੋਵੇਗਾ, ਜਦੋਂ ਤੱਕ ਕਿ ਉਹ, ਹੋਰ ਗੱਲਾਂ ਦੇ *ਨਾਲ-ਨਾਲ*, ਪੰਜਾਬੀ ਵਿਸ਼ੇ ਨਾਲ ਮੈਟ੍ਰਿਕ ਪਾਸ ਨਹੀਂ ਕਰਦਾ ਅਤੇ ਆਪਣੇ ਚੰਗੇ ਚਰਿੱਤਰ ਦਾ ਤਸੱਲੀਬਖਸ਼ ਸਬੂਤ ਨਹੀਂ ਦਿੰਦਾ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਸਾਰਥੀ ਪੋਰਟਲ ਤੋਂ ਡਾਊਨਲੋਡ ਕੀਤੀਆਂ 'ਐਮ ਆਈ ਐਸ ਰਿਪੋਰਟਜ਼ ਆਨ ਐਪਲੀਕੇਸ਼ਨਜ਼' ਤੋ ਕੰਡਕਟਰ ਲਾਇਸੈਂਸ ਦੇਣ ਦੇ 60 ਮਾਮਲਿਆਂ[54] ਦੇ ਨਮੂਨੇ ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ ਨਮੂਨਾ-ਜਾਂਚ ਕੀਤੇ ਮਾਮਲਿਆਂ ਵਿੱਚ ਹੇਠ ਲਿਖਿਆ ਵਿਸੰਗਤੀਆਂ ਦੇਖੀਆਂ (ਅਗਸਤ 2024 ਅਤੇ ਫਰਵਰੀ 2025):

- ਆਰ ਟੀ ਓ ਜਲੰਧਰ ਦੇ ਅਧੀਨ ਤਿੰਨ[55] ਮਾਮਲਿਆਂ (5.00 *ਪ੍ਰਤੀਸ਼ਤ*) ਵਿੱਚ ਬਿਨੈਕਾਰਾਂ ਨੇ ਇੱਕ ਵਿਸ਼ੇ ਵਜੋਂ ਪੰਜਾਬੀ ਨਾਲ ਮੈਟ੍ਰਿਕ ਪਾਸ ਨਹੀਂ ਕੀਤੀ ਸੀ।
- ਆਰ ਟੀ ਓ[56] ਪਟਿਆਲਾ ਦੇ ਅਧੀਨ ਇੱਕ ਮਾਮਲੇ (1.67 *ਪ੍ਰਤੀਸ਼ਤ*) ਵਿੱਚ ਫਿਟਨੈੱਸ ਦਾ ਮੈਡੀਕਲ ਸਰਟੀਫਿਕੇਟ ਰਿਕਾਰਡ ਵਿੱਚ ਉਪਲਬਧ ਨਹੀਂ ਸੀ।
- ਦੋ ਆਰ ਟੀ ਓਜ਼[57] ਦੇ ਅਧੀਨ ਚਾਰ ਮਾਮਲਿਆਂ (6.67 *ਪ੍ਰਤੀਸ਼ਤ*) ਵਿੱਚ ਉਨ੍ਹਾਂ ਦੀ ਯੋਗਤਾ ਦਾ ਪਤਾ ਲਗਾਉਣ ਲਈ ਮੈਟ੍ਰਿਕ ਸਰਟੀਫਿਕੇਟ ਉਪਲਬਧ ਨਹੀਂ ਸਨ।
- ਦੋ ਆਰ ਟੀ ਓਜ਼[58] ਦੇ ਅਧੀਨ 40 ਮਾਮਲਿਆਂ (66.67 *ਪ੍ਰਤੀਸ਼ਤ*) ਵਿੱਚ ਚਰਿੱਤਰ ਸਰਟੀਫਿਕੇਟ ਰਿਕਾਰਡਾਂ ਤੇ ਉਪਲਬਧ ਨਹੀਂ ਸਨ।

ਐਗਜ਼ਿਟ ਕਾਨਫਰੰਸ ਵਿੱਚ, ਵਿਭਾਗ ਨੇ ਜਵਾਬ ਦਿੱਤਾ ਕਿ ਰਾਜ ਸਰਕਾਰ ਸਿਰਫ ਅਜਿਹੇ ਮੈਡੀਕਲ ਸਰਟੀਫਿਕੇਟਾਂ ਦੀ ਵਰਤੋਂ ਬਾਰੇ ਅਧਿਸੂਚਨਾ ਵਿੱਚ ਸੁਧਾਰ ਕਰਨ ਤੇ ਕੰਮ ਕਰ ਰਹੀ ਹੈ ਜੋ ਸਰਕਾਰੀ ਹਸਪਤਾਲਾਂ ਦੁਆਰਾ ਜਾਰੀ ਕੀਤੇ ਗਏ ਸਨ। ਇਸ ਤੋਂ ਇਲਾਵਾ, ਵਿਭਾਗ ਨੇ ਕਿਹਾ (ਅਪ੍ਰੈਲ 2025)

---

54 ਜਲੰਧਰ ਅਤੇ ਪਟਿਆਲਾ ਹਰ ਇੱਕ ਵਿੱਚ 30 ਮਾਮਲੇ

55 ਅਰਜ਼ੀ ਨੰ. 949372421, 990985819 ਅਤੇ 1643096218

56 ਅਰਜ਼ੀ ਨੰ. 1453490719 ਮਿਤੀ 22 ਮਈ 2019

57 ਆਰ ਟੀ ਓ ਜਲੰਧਰ: ਅਰਜ਼ੀ ਨੰ. 4161002421 ਅਤੇ ਆਰ ਟੀ ਓ ਪਟਿਆਲਾ: ਅਰਜ਼ੀ ਨੰ. 3320950019, 4183512421 ਅਤੇ 4733379122

58 ਜਲੰਧਰ: 11 ਅਤੇ ਪਟਿਆਲਾ: 29

ਕਿ ਸਬੰਧਤ ਆਰ ਟੀ ਓਜ਼ ਨੂੰ ਬਿਨੈਕਾਰਾਂ ਤੋਂ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

### 2.7.2.6 ਕੰਡਕਟਰਾਂ ਦੇ ਬੈਜ ਜਾਰੀ ਨਾ ਕਰਨਾ

ਪੰਜਾਬ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 29(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਸਟੇਜ ਕੈਰੀਜ ਦਾ ਕੰਡਕਟਰ ਆਪਣੀ ਛਾਤੀ 'ਤੇ ਲਾਇਸੈਂਸਿੰਗ ਅਥਾਰਟੀ ਦੁਆਰਾ ਜਾਰੀ ਮੈਟਲ ਬੈਜ ਪ੍ਰਦਰਸ਼ਿਤ ਕਰੇਗਾ, ਜਿਸ 'ਤੇ ਲਾਇਸੈਂਸਿੰਗ ਅਥਾਰਟੀ ਦਾ ਨਾਂਅ ਲਿਖਿਆ ਹੋਵੇਗਾ ਜਿਸ ਦੁਆਰਾ ਕੰਡਕਟਰ ਦਾ ਲਾਇਸੈਂਸ ਦਿੱਤਾ ਗਿਆ ਹੈ ਅਤੇ ਪਛਾਣ ਨੰਬਰ ਦੇ ਨਾਲ 'ਕੰਡਕਟਰ' ਸ਼ਬਦ ਲਿਖਿਆ ਹੋਵੇਗਾ।

ਸਾਲ 2019-20 ਤੋਂ 2023-24 ਦੌਰਾਨ, ਦੋ ਆਰ ਟੀ ਓਜ਼ ਅਧੀਨ 2,961 ਕੰਡਕਟਰ ਲਾਇਸੈਂਸ ਜਾਰੀ ਕੀਤੇ ਗਏ। ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ (ਅਗਸਤ 2024 ਤੋਂ ਦਸੰਬਰ 2024) ਕਿ ਆਰ ਟੀ ਓ ਪਟਿਆਲਾ ਅਧੀਨ 2,879 ਮਾਮਲਿਆਂ ਵਿੱਚ ਬੈਜ ਜਾਰੀ ਨਹੀਂ ਕੀਤੇ ਗਏ ਸਨ। ਇਸ ਤੋਂ ਇਲਾਵਾ, ਆਰ ਟੀ ਓ ਜਲੰਧਰ ਅਧੀਨ ਬਾਕੀ 82 ਮਾਮਲਿਆਂ ਦੀ ਸਥਿਤੀ ਦਾ ਪਤਾ ਨਹੀਂ ਲਗਾਇਆ ਜਾ ਸਕਿਆ ਕਿਉਂਕਿ ਲੇਖਾ ਪ੍ਰੀਖਿਆ ਨੂੰ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਕੰਡਕਟਰ ਲਾਇਸੈਂਸਜ਼ ਵਿੱਚ ਕੰਡਕਟਰ ਬੈਜ ਸੇਵਾ ਨੂੰ ਸ਼ਾਮਲ ਕਰਨ ਲਈ ਇਹ ਮਾਮਲਾ ਨੈਸ਼ਨਲ ਸੂਚਨਾ ਵਿਗਿਆਨ ਕੇਂਦਰ ਕੋਲ ਉਠਾਇਆ ਗਿਆ ਹੈ। ਇਸ ਤੋਂ ਇਲਾਵਾ, ਸਬੰਧਤ ਆਰ ਟੀ ਓਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਲੇਖਾ ਪ੍ਰੀਖਿਆ ਦੁਆਰਾ ਉਜਾਗਰ ਕੀਤੇ ਨੁਕਤਿਆਂ ਦੀ ਪਾਲਣਾ ਨੂੰ ਯਕੀਨੀ ਬਣਾਉਣ।

### 2.7.2.7 ਡਰਾਈਵਿੰਗ ਸਕੂਲ ਲਾਇਸੈਂਸ ਜਾਰੀ ਕਰਨਾ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 24(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕੋਈ ਵੀ ਵਿਅਕਤੀ ਲਾਇਸੈਂਸਿੰਗ ਅਥਾਰਟੀ ਦੁਆਰਾ ਦਿੱਤੇ ਗਏ ਲਾਇਸੈਂਸ ਤੋਂ ਬਿਨਾਂ ਮੋਟਰ ਵਹੀਕਲ ਚਲਾਉਣ ਵਿੱਚ ਕਿਰਾਏ ਜਾਂ ਰਿਵਾਰਡ ਲਈ ਨਿਰਦੇਸ਼ ਦੇਣ ਲਈ ਕੋਈ ਡਰਾਈਵਿੰਗ ਸਕੂਲ ਜਾਂ ਸੰਸਥਾ ਦੀ ਸਥਾਪਨਾ ਜਾਂ ਰੱਖ-ਰਖਾਅ ਨਹੀਂ ਕਰੇਗਾ। ਇਸ ਤੋਂ ਇਲਾਵਾ, ਉਕਤ ਨਿਯਮ 24(2) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਡਰਾਈਵਿੰਗ ਸਕੂਲ ਲਾਇਸੈਂਸ ਦੇਣ ਲਈ ਅਰਜ਼ੀ ਇੱਕ ਨਿਰਧਾਰਤ ਫਾਰਮ ਵਿੱਚ ਲਾਇਸੈਂਸਿੰਗ ਅਥਾਰਟੀ ਨੂੰ ਦਿੱਤੀ ਜਾਵੇਗੀ ਜਿਸ ਦੇ ਅਧਿਕਾਰ ਖੇਤਰ ਵਿੱਚ ਸਕੂਲ ਜਾਂ ਸੰਸਥਾ ਸਥਿਤ ਹੈ।

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 24(3)(viii) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਡਰਾਈਵਿੰਗ ਸਕੂਲ ਦੇ ਲਾਇਸੈਂਸ ਧਾਰਕ ਜਾਂ ਉਸ ਦੁਆਰਾ ਹਦਾਇਤਾਂ ਦੇਣ ਲਈ ਨਿਯੁਕਤ ਕੀਤੇ ਗਏ ਸਟਾਫ ਦੇ ਕਿਸੇ ਵੀ ਮੈਂਬਰ ਕੋਲ ਘੱਟੋ ਘੱਟ 10ਵੀਂ ਕਲਾਸ ਵਿਦਿਅਕ ਯੋਗਤਾ ਅਤੇ ਪੰਜ ਸਾਲਾਂ ਦਾ ਘੱਟੋ ਘੱਟ ਡਰਾਈਵਿੰਗ ਤਜਰਬਾ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕੇਂਦਰ ਜਾਂ ਰਾਜ ਸਰਕਾਰ ਦੁਆਰਾ ਸਥਾਪਤ ਸੰਸਥਾ ਰਾਜ ਸਰਕਾਰ ਦੇ ਤਕਨੀਕੀ ਸਿੱਖਿਆ ਬੋਰਡ ਦੁਆਰਾ

ਮਾਨਤਾ ਪ੍ਰਾਪਤ ਸੰਸਥਾ ਤੋਂ ਮੋਟਰ ਮਕੈਨਿਕਸ ਦੇ ਕੋਰਸ ਜਾਂ ਮਕੈਨੀਕਲ ਇੰਜੀਨੀਅਰਿੰਗ ਵਿੱਚ ਕੋਈ ਹੋਰ ਉੱਚ ਸਿੱਖਿਆ ਵਿੱਚ ਸਰਟੀਫਿਕੇਟ ਹੋਣਾ ਚਾਹੀਦਾ ਹੈ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਸਾਰਥੀ ਪੋਰਟਲ ਤੋਂ ਡਾਊਨਲੋਡ ਕੀਤੀਆਂ 'ਐਮ ਆਈ ਐਸ ਰਿਪੋਰਟਜ਼ ਆਨ ਐਪਲੀਕੇਸ਼ਨਜ਼' ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ (ਅਗਸਤ 2024 ਤੋਂ ਫਰਵਰੀ 2025) ਕਿ ਦੋ ਆਰ ਟੀ ਓਜ਼[59] ਅਧੀਨ ਡਰਾਈਵਿੰਗ ਸਕੂਲ ਲਾਇਸੈਂਸ ਲਈ 31 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਨ੍ਹਾਂ ਮਾਮਲਿਆਂ ਦੀ ਪੜਤਾਲ ਵਿੱਚ ਹੇਠ ਲਿਖੀਆਂ ਵਿਸੰਗਤੀਆਂ ਸਾਹਮਣੇ ਆਈਆਂ।

- ਸਾਰੇ ਮਾਮਲਿਆਂ ਵਿੱਚ, ਬਿਨੈਕਾਰਾਂ ਨੇ ਪਿਤਾ/ਪਤੀ ਦਾ ਨਾਂਅ, ਪਤਾ, ਕਾਰੋਬਾਰ ਦਾ ਸਥਾਨ, ਉਪਲਬਧ ਸਹੂਲਤਾਂ ਦੀ ਪ੍ਰਕਿਰਤੀ ਅਤੇ ਹੋਂਦ, ਨਿਰਦੇਸ਼ ਦੇਣ ਲਈ ਲੱਗੇ ਸਟਾਫ ਦੀ ਯੋਗਤਾ, ਸਿਖਲਾਈ ਦੇ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਇੰਜਣ ਦਾ ਮਾਡਲ ਅਤੇ ਨਾਂਅ, ਡਰਾਈਵਿੰਗ ਨਿਰਦੇਸ਼ ਦੇਣ ਲਈ ਵਰਤੇ ਗਏ ਵਹੀਕਲਾਂ ਦੀ ਰਜਿਸਟ੍ਰੇਸ਼ਨ ਦਾ ਵੇਰਵਾ ਅਤੇ ਭੁਗਤਾਨ ਕੀਤੀ ਗਈ ਫੀਸ ਵਰਗੇ ਮਹੱਤਵਪੂਰਨ ਵੇਰਵੇ ਨਹੀਂ ਭਰੇ।
- 30 ਬਿਨੈਕਾਰਾਂ[60] ਨੇ ਆਪਣੀਆਂ ਅਰਜ਼ੀਆਂ ਤੇ ਦਸਤਖਤ ਨਹੀਂ ਕੀਤੇ।
- 27 ਅਰਜ਼ੀਆਂ ਵਿੱਚ 10ਵੀਂ ਜਮਾਤ ਦੀ ਘੱਟੋ-ਘੱਟ ਵਿਦਿਅਕ ਯੋਗਤਾ ਦਾ ਸਬੂਤ ਉਪਲਬਧ ਨਹੀਂ ਸੀ।
- 26 ਅਰਜ਼ੀਆਂ[61] ਵਿੱਚ ਡਰਾਈਵਿੰਗ ਅਨੁਭਵ ਦਾ ਸਬੂਤ ਉਪਲਬਧ ਨਹੀਂ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਦੱਸਿਆ (ਅਪ੍ਰੈਲ 2025) ਕਿ ਸਬੰਧਤ ਦਸਤਾਵੇਜ਼ ਪ੍ਰਾਪਤ ਕਰਨ ਲਈ ਸਬੰਧਤ ਆਰ ਟੀ ਓਜ਼ ਨੂੰ ਲੋੜੀਂਦੀਆਂ ਹਦਾਇਤਾ ਜਾਰੀ ਕੀਤੀਆਂ ਗਈਆਂ ਹਨ ਅਤੇ ਡਰਾਈਵਿੰਗ ਸਕੂਲਾਂ ਦੇ ਲਾਇਸੈਂਸਜ਼ ਦੇ ਕੰਮਕਾਜ ਦੀ ਨਿਗਰਾਨੀ ਵਿੱਚ ਖਾਮੀਆਂ ਲਈ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।

### 2.7.2.8 ਹੋਰ ਸ਼੍ਰੇਣੀ ਦੇ ਵਹੀਕਲ ਨੂੰ ਚਲਾਉਣ ਲਈ ਡਰਾਈਵਿੰਗ ਲਾਇਸੈਂਸ ਵਿੱਚ ਇਨਡੋਰਸਮੈਂਟ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 5(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਡਰਾਈਵਿੰਗ ਲਾਇਸੈਂਸ ਵਿੱਚ ਕਿਸੇ ਹੋਰ ਸ਼੍ਰੇਣੀ ਨੂੰ ਜੋੜਨ ਜਾਂ ਮੋਟਰ ਵਹੀਕਲ ਦਾ ਵੇਰਵਾ ਦੇਣ ਲਈ ਹਰੇਕ ਅਰਜ਼ੀ ਵਿੱਚ ਸਰੀਰਕ ਫ਼ਿਟਨੈੱਸ ਲਈ ਸਵੈ-ਘੋਸ਼ਣਾ ਜਾਂ ਟਰਾਂਸਪੋਰਟ ਵਹੀਕਲ ਦੇ ਮਾਮਲੇ ਵਿੱਚ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦੁਆਰਾ ਪੋਰਟਲ 'ਤੇ ਇਨੇਕਟ੍ਰਾਨਿਕ[62] ਤੌਰ 'ਤੇ ਜਾਰੀ ਕੀਤਾ ਗਿਆ ਮੈਡੀਕਲ ਸਰਟੀਫਿਕੇਟ ਸ਼ਾਮਲ ਹੋਵੇਗਾ। ਇਸ ਤੋਂ ਇਲਾਵਾ, ਨਿਯਮ 17(1) ਵਿੱਚ ਇਹ ਵਿਵਸਥਾ ਕੀਤੀ ਗਈ ਹੇ ਕਿ ਈ-ਰਿਕਸ਼ਾ ਜਾਂ ਈ-ਕਾਰਟ ਨੂੰ ਛੱਡ ਕੇ ਟਰਾਂਸਪੋਰਟ ਵਹੀਕਲ ਨੂੰ ਸ਼ਾਮਲ

---

59 ਆਰ ਟੀ ਓ ਜਲੰਧਰ: 25 ਅਤੇ ਆਰ ਟੀ ਓ ਪਟਿਆਲਾ: 6

60 ਆਰ ਟੀ ਓ ਜਲੰਧਰ: 25 ਅਤੇ ਆਰ ਟੀ ਓ ਪਟਿਆਲਾ: 5

61 ਆਰ ਟੀ ਓ ਜਲੰਧਰ: 25 ਅਤੇ ਆਰ ਟੀ ਓ ਪਟਿਆਲਾ: 1

62 ਅਧਿਸੂਚਨਾ ਨੰ. ਜੀ ਐਸ ਆਰ. 240(ਈ) ਮਿਤੀ 31 ਮਾਰਚ 2021 (1 ਅਪ੍ਰੈਲ 2021 ਤੋਂ ਲਾਗੂ)

ਕਰਨ ਲਈ ਅਰਜ਼ੀ ਦੇ ਮਾਮਲ ਵਿੱਚ ਅਜਿਹੀ ਅਰਜ਼ੀ ਦੇ ਨਾਲ ਲਾਗੂ ਫੀਸ, ਇੱਕ ਪ੍ਰਭਾਵਸ਼ਾਲੀ ਲਰਨਰ ਲਾਇਸੈਂਸ, ਡਰਾਈਵਿੰਗ ਲਾਇਸੈਂਸ ਅਤੇ ਡਰਾਈਵਿੰਗ ਸਰਟੀਫਿਕੇਟ ਵੀ ਹੋਵੇਗਾ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਸਾਰਥੀ ਪੋਰਟਲ ਤੋਂ ਡਾਊਨਲੋਡ ਕੀਤੀਆਂ 'ਐਮ ਆਈ ਐਸ ਰਿਪੋਰਟਜ਼ ਆਨ ਐਪਲੀਕੇਸ਼ਨਜ਼' ਤੋਂ ਡਰਾਈਵਿੰਗ ਲਾਇਸੈਂਸਜ਼ ਵਿੱਚ ਇੰਡੋਰਸਮੈਂਟ ਦੇ 120 ਮਾਮਲਿਆਂ[63] ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਮਾਮਲਿਆਂ ਵਿੱਚ ਹੇਠ ਲਿਖੀਆਂ ਵਿਸੰਗਤੀਆਂ ਦੇਖੀਆਂ (ਅਗਸਤ 2024 ਤੋਂ ਫਰਵਰੀ 2025):

- ਦੋ ਆਰ ਟੀ ਓਜ਼[64] ਅਧੀਨ ਦੋ ਮਾਮਲਿਆਂ (1.67 *ਪ੍ਰਤੀਸ਼ਤ*) ਵਿੱਚ, ਲਰਨਰ ਲਾਇਸੈਂਸ ਦੀ ਮਿਆਦ ਇਨਡੋਰਸਮੈਂਟ ਲਈ ਅਰਜ਼ੀ ਜਮ੍ਹਾਂ ਕਰਨ ਤੋਂ ਪਹਿਲਾਂ ਖਤਮ ਹੋ ਗਈ ਸੀ।
- ਤਿੰਨ ਆਰ ਟੀ ਓਜ਼[65] ਅਧੀਨ 52 ਮਾਮਲਿਆਂ (43.33 *ਪ੍ਰਤੀਸ਼ਤ*) ਵਿੱਚ ਮੈਡੀਕਲ ਸਰਟੀਫਿਕੇਟ ਰਿਕਾਰਡ 'ਤੇ ਉਪਲਬਧ ਨਹੀਂ ਸਨ।
- ਤਿੰਨ ਆਰ ਟੀ ਓਜ਼[66] ਅਧੀਨ 60 ਮਾਮਲਿਆਂ (50.00 *ਪ੍ਰਤੀਸ਼ਤ*) ਵਿੱਚ ਡਰਾਈਵਿੰਗ ਸਰਟੀਫਿਕੇਟ ਰਿਕਾਰਡ 'ਤੇ ਉਪਲਬਧ ਨਹੀਂ ਸਨ।
- ਤਿੰਨ ਆਰ ਟੀ ਓਜ਼[67] ਅਧੀਨ 52 ਮਾਮਲਿਆਂ (43.33 *ਪ੍ਰਤੀਸ਼ਤ*) ਵਿੱਚ ਸਰੀਰਕ ਫ਼ਿਟਨੈੱਸ ਲਈ ਬਿਨੈਕਾਰਾਂ ਦੁਆਰਾ ਸਵੈ-ਘੋਸ਼ਣਾ ਪ੍ਰਦਾਨ ਨਹੀਂ ਕੀਤੀ ਗਈ ਸੀ।

ਵਿਭਾਗ ਨੇ ਅੱਗੇ ਦੱਸਿਆ (ਅਪ੍ਰੈਲ 2025) ਕਿ ਮਿਆਦ ਪੁੱਗ ਚੁੱਕੇ ਲਾਇਸੈਂਸਜ਼ ਦੇ ਦੋ ਮਾਮਲੇ ਸਾਲ 2020-21 ਦੇ ਹਨ ਅਤੇ ਇਸ ਸਮੇਂ ਸਾਰਥੀ ਸਾਫਟਵੇਅਰ ਵਿੱਚ ਲੋੜੀਂਦੀਆਂ ਜਾਂਚਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰੈਗੂਲਰ ਲਾਇਸੈਂਸ ਲਈ ਅਰਜ਼ੀਆਂ ਨਿਰਧਾਰਤ ਸਮੇਂ ਤੋਂ ਬਾਅਦ ਪ੍ਰਾਪਤ ਨਾ ਹੋਣਾ। ਵਿਭਾਗ ਨੇ ਇਹ ਵੀ ਕਿਹਾ ਕਿ ਲੇਖਾ ਪ੍ਰੀਖਿਆ ਵੱਲੋਂ ਉਜਾਗਰ ਕੀਤੀਆਂ ਗਈਆਂ ਖਾਮੀਆਂ ਨੂੰ ਦੂਰ ਕਰਨ ਲਈ ਸਬੰਧਤ ਆਰ ਟੀ ਓਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

### 2.7.2.9 ਮਨੁੱਖੀ ਜੀਵਨ ਲਈ ਡੇਨਜ਼ਰੱਸ ਜਾਂ ਹੈਜ਼ਾਰਡੱਸ ਕਿਸਮ ਦੀਆਂ ਵਸਤਾਂ ਢੋਆ-ਢੁਆਈ ਲਈ ਡਰਾਈਵਿੰਗ ਲਾਇਸੈਂਸਜ਼ ਵਿੱਚ ਇਨਡੋਰਸਮੈਂਟ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 9(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਮਨੁੱਖੀ ਜੀਵਨ ਲਈ ਡੇਨਜ਼ਰੱਸ ਜਾਂ ਹੈਜ਼ਾਰਡੱਸ ਕਿਸਮ ਦੀਆਂ ਵਸਤਾਂ ਢੋਆ-ਢੁਆਈ ਵਾਲਾ ਕੋਈ ਵੀ ਵਿਅਕਤੀ ਟਰਾਂਸਪੋਰਟ ਵਹੀਕਲ ਚਲਾਉਣ ਲਈ ਡਰਾਈਵਿੰਗ ਲਾਇਸੈਂਸ ਧਾਰਕ ਹੋਣ ਤੋਂ ਇਲਾਵਾ, ਹੋਰ ਗੱਲਾਂ ਦੇ ਨਾਲ-ਨਾਲ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਸੰਸਥਾ ਵਿੱਚ

63 ਹਰ ਇੱਕ ਚੁਣੇ ਹੋਏ ਆਰ ਟੀ ਓਜ਼ ਵਿੱਚ 30 ਮਾਮਲੇ।

64 ਆਰ ਟੀ ਓ ਪਟਿਆਲਾ: ਅਧੀਨ ਅਰਜ਼ੀ ਨੰ.104996321 ਮਿਤੀ 7 ਜਨਵਰੀ 2021 ਨੂੰ ਲਰਨਰ ਲਾਇਸੈਂਸ ਦੀ ਮਿਆਦ (19 ਅਗਸਤ 2020) ਅਰਜ਼ੀ ਜਮ੍ਹਾਂ ਕਰਨ ਤੋਂ ਪਹਿਲਾਂ ਖਤਮ ਹੋ ਗਈ (7 ਜਨਵਰੀ 2021) ਅਤੇ ਆਰ ਟੀ ਓ ਰੋਪੜ: ਅਧੀਨ ਅਰਜ਼ੀ ਨੰ. 3150447820 ਮਿਤੀ 29 ਅਕਤੂਬਰ 2020 ਨੂੰ ਲਰਨਰ ਲਾਇਸੈਂਸ ਦੀ ਮਿਆਦ (27 ਅਗਸਤ 2020) ਅਰਜ਼ੀ ਜਮ੍ਹਾਂ ਕਰਨ ਤੋਂ ਪਹਿਲਾਂ ਖਤਮ ਹੋ ਗਈ ਸੀ (29 ਅਕਤੂਬਰ 2020)।

65 ਜਲੰਧਰ: 23 ਪਟਿਆਲਾ: 25 ਅਤੇ ਰੋਪੜ: 4

66 ਜਲੰਧਰ: 30 ਪਟਿਆਲਾ: 26 ਅਤੇ ਰੋਪੜ: 4

67 ਪਠਾਨਕੋਟ: 13 ਪਟਿਆਲਾ: 17 ਅਤੇ ਰੋਪੜ: 22

ਅਜਿਹੀਆਂ ਵਸਤਾਂ ਦੀ ਆਵਾਜਾਈ ਨਾਲ ਜੁੜਿਆ ਤਿੰਨ ਦਿਨਾਂ ਦਾ ਕੋਰਸ ਸਫਲਤਾਪੂਰਵਕ ਪਾਸ ਕਰਨ ਦਾ ਸਰਟੀਫਿਕੇਟ ਵੀ ਰੱਖਦਾ ਹੋਵੇਗਾ।

ਲੇਖਾ ਪ੍ਰੀਖਿਆ ਨੇ ਦੇਖਿਆ (ਦਸੰਬਰ 2024) ਕਿ ਪੰਜਾਬ ਰਾਜ ਵਿੱਚ ਕਿਸੇ ਵੀ ਸੰਸਥਾ ਨੂੰ ਮਨੁੱਖੀ ਜੀਵਨ ਲਈ ਡੇਨਜ਼ਰੱਸ ਜਾਂ ਹੈਜ਼ਾਰਡੱਸ ਕਿਸਮ ਦੀਆਂ ਵਸਤਾਂ ਢੋਆ-ਢੁਆਈ ਲਈ ਲਾਇਸੈਂਸ ਲੈਣ ਦੇ ਇੱਛੁਕ ਬਿਨੈਕਾਰਾਂ ਨੂੰ ਸਿਖਲਾਈ ਦੇਣ ਲਈ ਅਧਿਕਾਰਤ ਨਹੀਂ ਕੀਤਾ ਗਿਆ ਸੀ।

ਐਗਜ਼ਿਟ ਕਾਨਫਰੰਸ (ਫਰਵਰੀ 2025) ਵਿੱਚ, ਵਿਭਾਗ ਨੇ ਕਿਹਾ ਕਿ ਉਹ ਰਾਜ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਸੰਸਥਾਵਾਂ ਨੂੰ ਡੇਨਜ਼ਰੱਸ ਜਾਂ ਹੈਜ਼ਾਰਡੱਸ ਸਮੱਗਰੀ ਵਾਲੀਆਂ ਮਾਲ ਗੱਡੀਆਂ ਦੀ ਢੋਆ-ਢੁਆਈ ਬਾਰੇ ਡਰਾਈਵਰਾਂ ਨੂੰ ਸਿਖਲਾਈ ਪ੍ਰਦਾਨ ਕਰਨ ਤੇ ਵਿਚਾਰ ਕਰ ਰਿਹਾ ਹੈ। ਵਿਭਾਗ ਨੇ ਇਹ ਵੀ ਕਿਹਾ (ਅਪ੍ਰੈਲ 2025) ਕਿ ਡੇਨਜ਼ਰੱਸ ਜਾਂ ਹੈਜ਼ਾਰਡੱਸ ਕਿਸਮ ਦਾ ਸਾਮਾਨ ਢੋਆ-ਢੁਆਈ ਵਾਲੇ ਡਰਾਈਵਰਾਂ ਨੂੰ ਕੋਰਸ ਪ੍ਰਦਾਨ ਕਰਨ ਲਈ ਸੰਸਥਾਵਾਂ ਨੂੰ ਮਾਨਤਾ ਦੇਣ ਲਈ ਇਹ ਮਾਮਲਾ ਪਹਿਲਾਂ ਹੀ ਸਰਕਾਰ ਕੋਲ ਉਠਾਇਆ ਜਾ ਚੁੱਕਾ ਹੈ। ਇਸ ਤੋਂ ਇਲਾਵਾ, ਨੀਤੀ ਬਣਾਉਣ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ।

### 2.7.2.10 ਡਰਾਈਵਿੰਗ ਟੈਸਟ ਲਈ ਆਟੋਮੇਟਿਡ ਟਰੈਕਾਂ ਵਿੱਚ ਕਮੀਆਂ

ਪੰਜਾਬ ਰਾਜ ਵਿੱਚ, ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨ ਦੇ ਚਾਹਵਾਨ ਬਿਨੈਕਾਰਾਂ ਲਈ ਡਰਾਈਵਿੰਗ ਟੈਸਟ ਕਰਵਾਉਣ ਲਈ ਆਟੋਮੇਟਿਡ ਟਰੈਕ ਚੱਲ ਰਹੇ ਹਨ। ਅਜਿਹਾ ਯੋਗਤਾ ਟੈਸਟ ਸੈਂਟਰ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 15 ਦੇ ਉਪਬੰਧਾਂ ਅਨੁਸਾਰ ਆਯੋਜਿਤ ਕੀਤਾ ਜਾਣਾ ਜ਼ਰੂਰੀ ਹੈ।

ਲੇਖਾ ਪ੍ਰੀਖਿਆ ਵਿੱਚ ਇਹ ਦੇਖਿਆ ਗਿਆ ਸੀ ਕਿ ਚੁਣੇ ਗਏ ਆਰ ਟੀ ਓਜ਼ ਵਿੱਚ ਡਰਾਈਵਿੰਗ ਟੈਸਟ ਕਰਵਾਉਣ ਲਈ ਚਾਰ ਆਟੋਮੇਟਿਡ ਟਰੈਕ ਸਨ। ਅਗਸਤ ਅਤੇ ਨਵੰਬਰ 2024 ਦੇ ਵਿਚਕਾਰ ਲੇਖਾ ਪ੍ਰੀਖਿਆ ਦੁਆਰਾ ਇਨ੍ਹਾਂ ਚਾਰ ਆਟੋਮੇਟਿਡ ਟਰੈਕਾਂ ਲਈ ਸੰਯੁਕਤ ਨਿਰੀਖਣ ਕੀਤੇ[68] ਗਏ ਸਨ, ਜਿਸ ਵਿੱਚ ਕੁਸ਼ਲ ਅਤੇ ਸਹੀ ਡਰਾਈਵਿੰਗ ਟੈਸਟਾਂ ਲਈ ਵਿਭਾਗ ਦੇ ਧਿਆਨ ਦੀ ਲੋੜ ਵਾਲੇ ਹੇਠ ਲਿਖੇ ਮੁੱਦੇ ਸਾਹਮਣੇ ਆਏ ਸਨ।

- ਟੈਸਟ ਦੌਰਾਨ ਵਹੀਕਲ ਦੀਆਂ ਗਤੀਵਿਧੀਆਂ ਨੂੰ ਆਪਣੇ ਆਪ ਟਰੈਕ ਕਰਨ ਅਤੇ ਡਰਾਈਵਰ ਦੀ ਪਛਾਣ ਕਰਨ ਲਈ ਆਟੋਮੇਟਿਡ ਟਰੈਕਾਂ 'ਤੇ ਰੇਡੀਓ ਫ੍ਰੀਕੁਐਂਸੀ ਆਈਡੈਂਟੀਫਿਕੇਸ਼ਨ ਰੀਡਰ ਉਪਲਬਧ ਨਹੀਂ ਸਨ।
- ਬਿਨੈਕਾਰ ਨਾਲ ਡਰਾਈਵਿੰਗ ਟੈਸਟ ਦੇਣ ਵਾਲੇ ਵਿਅਕਤੀ ਦਾ ਮੇਲ ਕਰਨ ਲਈ ਆਟੋਮੇਟਿਡ ਟਰੈਕਾਂ 'ਤੇ ਚਿਹਰੇ ਦੀ ਪਛਾਣ ਕਰਨ ਵਾਲੇ ਕੈਮਰੇ ਨਹੀਂ ਲਗਾਏ ਗਏ ਸਨ।
- ਡਰਾਈਵਿੰਗ ਟੈਸਟ ਦੇਣ ਵਾਲੇ ਬਿਨੈਕਾਰਾਂ ਦੀ ਅਗਵਾਈ ਲਈ ਵੀਡੀਓ ਮਾਰਗਦਰਸ਼ਨ ਉਪਲਬਧ ਨਹੀਂ ਸਨ, ਹਾਲਾਂਕਿ, ਬਿਨੈਕਾਰਾਂ ਨੂੰ ਡਰਾਈਵਿੰਗ ਟੈਸਟ ਪ੍ਰਕਿਰਿਆ ਨੂੰ ਸਮਝਣ ਲਈ ਆਟੋਮੇਟਿਡ ਟਰੈਕਾਂ 'ਤੇ ਚਾਰਟ ਅਤੇ ਤਸਵੀਰਾਂ ਪ੍ਰਦਰਸਿਤ ਕੀਤੀਆਂ ਗਈਆਂ ਸਨ।
- ਟਰੈਕ ਸਤਹ ਦੇ ਨਿਸ਼ਾਨ ਜਿਵੇਂ ਕਿ ਰੇਖਾਵਾਂ ਅਤੇ ਤੀਰ ਫਿੱਕੇ ਹੋ ਗਏ ਸਨ।

68 ਜਲੰਧਰ: 11 ਸਤੰਬਰ 2024, ਪਠਾਨਕੋਟ: 7 ਨਵੰਬਰ 2024, ਪਟਿਆਲਾ: 23 ਅਗਸਤ 2024 ਅਤੇ ਰੋਪੜ: 24 ਸਤੰਬਰ 2024

- ਆਟੋਮੇਟਿਡ ਟਰੈਕਾਂ 'ਤੇ ਸਫਾਈ ਦੀ ਘਾਟ ਸੀ।
- ਮੋਟਰ ਵਹੀਕਲਜ਼ ਇੰਸਪੈਕਟਰਾਂ ਦੁਆਰਾ ਦੋ ਆਰ ਟੀ ਓਜ਼[69] ਅਧੀਨ ਆਟੋਮੇਟਿਡ ਟਰੈਕਾਂ 'ਤੇ ਡਰਾਈਵਿੰਗ ਟੈਸਟਾਂ ਦੀ ਨਿਗਰਾਨੀ ਨਹੀਂ ਕੀਤੀ ਗਈ ਸੀ।
- ਤਿੰਨ ਆਰ ਟੀ ਓਜ਼[70] ਅਧੀਨ ਆਟੋਮੇਟਿਡ ਟਰੈਕ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਸਤਹ 'ਤੇ ਜੰਗਲੀ ਬੂਟੀ ਉੱਗ ਗਈ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਡਰਾਈਵਿੰਗ ਟੈਸਟ ਟਰੈਕਾਂ ਦਾ ਪ੍ਰਬੰਧਨ ਕਰਨ ਵਾਲੇ ਵੈਂਡਰ ਦਾ ਸਮਝੌਤਾ ਖਤਮ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਆਰਟੀਫਿਸ਼ੀਅਲ ਇੰਟੈਲੀਜੈਂਸ (ਏ ਆਈ) ਅਤੇ ਸਮਾਰਟ ਵੀਡੀਓ ਵਿਸ਼ਲੇਸ਼ਣ ਰਾਹੀਂ ਡਰਾਈਵਿੰਗ ਟੈਸਟ ਪ੍ਰਕਿਰਿਆ ਵਿੱਚ ਪਾਰਦਰਸ਼ਤਾ, ਸ਼ੁਧਤਾ, ਕੁਸ਼ਲਤਾ ਵਧਾਉਣ ਅਤੇ ਮਨੁੱਖੀ ਦਖਲਅੰਦਾਜ਼ੀ ਨੂੰ ਖਤਮ ਕਰਨ ਲਈ ਮੋਹਾਲੀ ਦੇ ਆਟੋਮੇਟਿਡ ਡਰਈਵਿੰਗ ਟੈਸਟ ਟਰੈਕ ਵਿਖੇ ਪਾਇਲਟ ਪ੍ਰੋਜੈਕਟ ਵਜੋਂ ਹਾਰਨੈਸਿੰਗ ਆਟੋਮੇਟਿਡ ਮੋਨੀਟਰਿੰਗ ਸਿਸਟਮ ਲਾਗੂ ਕੀਤਾ ਜਾਵੇਗਾ। ਟੈਸਟ ਪ੍ਰਕਿਰਿਆ ਦੀ ਬਿਹਤਰ ਸਮਝ ਨੂੰ ਸੁਵਿਧਾਜਨਕ ਬਣਾਉਣ ਲਈ, ਵਿਭਾਗ ਨੇ ਕਿਹਾ ਕਿ ਵੀਡੀਓ ਡਿਸਪਲੇ ਸਥਾਪਤ ਕੀਤੇ ਜਾਣਗੇ। ਇਸ ਤੋਂ ਇਲਾਵਾ ਲੋਕ ਨਿਰਮਾਣ ਵਿਭਾਗ ਵੱਲੋਂ ਢੁਕਵੇਂ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਉਣ ਲਈ ਟਰੈਕ ਦੀ ਰੀਕਾਰਪੇਟਿੰਗ ਕੀਤੀ ਗਈ ਹੈ ਅਤੇ ਸੜਕਾਂ 'ਤੇ ਨਿਸ਼ਾਨ ਲਗਾਏ ਗਏ ਹਨ।

### 2.7.2.11 ਈ-ਰਿਕਸ਼ਾ ਜਾਂ ਈ-ਕਾਰਟ ਡਰਾਈਵਰਾਂ ਲਈ ਸਿਖਲਾਈ ਦੀ ਅਣਹੋਂਦ

ਮੋਟਰ ਵਹੀਕਲਜ਼ ਐਕਟ, 1989 ਦੀ ਧਾਰਾ 8-ਏ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਈ-ਰਿਕਸ਼ਾ ਜਾਂ ਈ-ਕਾਰਟ ਚਲਾਉਣ ਲਈ ਲਾਇਸੈਂਸ ਪ੍ਰਾਪਤ ਕਰਨ ਲਈ ਹਰੇਕ ਬਿਨੈਕਾਰ ਨੂੰ ਘੱਟੋ-ਘੱਟ ਦਸ ਦਿਨਾਂ ਦੀ ਸਿਖਲਾਈ ਲੈਣੀ ਪਵੇਗੀ ਅਤੇ ਅਧਿਕਾਰਤ ਸੰਸਥਾ ਤੋਂ ਸਿਖਲਾਈ ਦਾ ਸਰਟੀਫਿਕੇਟ ਪ੍ਰਾਪਤ ਕਰਨਾ ਹੋਵੇਗਾ। ਅਜਿਹੀ ਸਿਖਲਾਈ ਲਈ ਪਾਠਕ੍ਰਮ ਰਾਜ ਸਰਕਾਰ ਦੁਆਰਾ ਨਿਰਧਾਰਤ ਕੀਤਾ ਜਾਵੇਗਾ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ (ਦਸੰਬਰ 2024) ਕਿ ਪੰਜਾਬ ਰਾਜ ਵਿੱਚ ਕਿਸੇ ਵੀ ਸੰਸਥਾ ਨੂੰ ਈ-ਰਿਕਸ਼ਾ ਜਾਂ ਈ-ਕਾਰਟ ਚਲਾਉਣ ਲਈ ਲਾਇਸੈਂਸ ਪ੍ਰਾਪਤ ਕਰਨ ਦੇ ਚਾਹਵਾਨ ਬਿਨੈਕਾਰਾਂ ਨੂੰ ਸਿਖਲਾਈ ਪ੍ਰਦਾਨ ਕਰਨ ਲਈ ਅਧਿਕਾਰਤ ਨਹੀਂ ਕੀਤਾ ਗਿਆ ਸੀ। ਹਾਲਾਂਕਿ, ਤਿੰਨ ਆਰ ਟੀ ਓਜ਼ ਵਿੱਚ, ਇਹ ਦੇਖਿਆ ਗਿਆ ਕਿ ਨਿਯਮਾਂ ਅਧੀਨ ਲੋੜੀਂਦੀ ਲਾਜ਼ਮੀ ਸਿਖਲਾਈ ਲਏ ਬਿਨਾਂ ਬਿਨੈਕਾਰਾਂ ਨੂੰ ਅਜਿਹੇ 160 ਲਾਇਸੈਂਸ ਜਾਰੀ[71] ਕੀਤੇ ਗਏ ਸਨ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਉਹ ਗੁਆਂਢੀ ਰਾਜਾਂ ਨਾਲ ਤਾਲਮੇਲ ਕਰ ਰਿਹਾ ਹੈ ਅਤੇ ਈ-ਰਿਕਸ਼ਾ ਜਾਂ ਈ-ਕਾਰਟ ਚਲਾਉਣ ਬਾਰੇ ਸਿੱਖਿਆ ਦੇਣ ਲਈ ਸਿਲੇਬਸ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ ਅਤੇ ਲੇਖਾ ਪ੍ਰੀਖਿਆ ਨੂੰ ਸੂਚਿਤ ਕੀਤਾ ਜਾਵੇਗਾ।

[69] ਪਠਾਨਕੋਟ ਅਤੇ ਪਟਿਆਲਾ
[70] ਜਲੰਧਰ, ਪਠਾਨਕੋਟ ਅਤੇ ਪਟਿਆਲਾ
[71] ਆਰ ਟੀ ਓ ਜਲੰਧਰ: 108; ਆਰ ਟੀ ਓ ਪਠਾਨਕੋਟ: 1 ਅਤੇ ਆਰ ਟੀ ਓ ਪਟਿਆਲਾ: 51

### 2.7.2.12 ਕੰਡਕਟਰ ਲਾਇਸੈਂਸ ਜਾਰੀ ਕਰਨ ਅਤੇ ਨਵਿਆਉਣ 'ਤੇ ਫੀਸ ਦੀ ਘੱਟ ਵਸੂਲੀ

ਸੈਂਟਰਲ ਮੋਟਰ ਵਹੀਕਲਜ਼ ਐਕਟ, 1988 ਦੇ ਧਾਰਾ 30(5) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕੰਡਕਟਰ ਲਾਇਸੈਂਸ ਜਾਰੀ ਕਰਨ ਅਤੇ ਨਵਿਆਉਣ ਦੀ ਫੀਸ ਡਰਾਈਵਿੰਗ ਲਾਇਸੈਂਸ ਦੀ ਫੀਸ ਦਾ ਅੱਧਾ ਹਿੱਸਾ ਹੋਵੇਗੀ। ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 32 ਅਧੀਨ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਅਤੇ ਨਵਿਆਉਣ ਦੀ ਫੀਸ ₹ 200 ਦਰ ਨਾਲ ਨਿਰਧਾਰਤ ਕੀਤੀ ਗਈ ਹੈ। ਇਸ ਤਰ੍ਹਾਂ, ਕੰਡਕਟਰ ਲਾਇਸੈਂਸ ਜਾਰੀ ਕਰਨ ਅਤੇ ਨਵਿਆਉਣ ਲਈ ₹ 100 ਦੀ ਫੀਸ ਲਾਗੂ ਹੁੰਦੀ ਹੈ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਚਾਰ ਰਿਜ਼ਨਲ ਟਰਾਂਸਪੋਰਟ ਦਫਤਰਾਂ ਦੇ ਸਬੰਧ ਵਿੱਚ ਸਾਰਥੀ ਪੋਰਟਲ ਤੋਂ ਡਾਊਨਲੋਡ ਕੀਤੀਆ 'ਐਮ ਆਈ ਐਸ ਰਿਪੋਰਟਜ਼ ਆਨ ਐਪਲੀਕੇਸ਼ਨਜ਼' ਤੋਂ 121 ਮਾਮਲਿਆਂ (ਜਾਰੀ ਕਰਨ ਲਈ 60 ਮਾਮਲੇ[72] ਅਤੇ ਕੰਡਕਟਰ ਲਾਇਸੈਂਸ ਨਵਿਆਉਣ ਲਈ 61 ਮਾਮਲੇ[73]) ਦੇ ਨਮੂਨੇ ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ (ਜਨਵਰੀ ਅਤੇ ਫਰਵਰੀ 2025) ਆਰ ਟੀ ਓਜ਼ ਨੇ ਕੰਡਕਟਰ ਲਾਇਸੈਂਸ ਜਾਰੀ ਕਰਨ ਅਤੇ ਨਵਿਆਉਣ ਲਈ ਫੀਸ ₹ 100 ਦੀ ਦਰ ਦੇ ਮੁਕਾਬਲੇ ₹ 50 ਦੀ ਦਰ ਨਾਲ ਫੀਸ ਵਸੂਲੀ ਸੀ। ਨਤੀਜੇ ਵਜੋਂ ₹ 6,050 ਦੀ ਫੀਸ ਦੀ ਵਸੂਲੀ ਘੱਟ ਹੋਈ

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਦੀ ਦਰਾਂ ਨੂੰ ਅਪਡੇਟ ਕਰਨ ਦੀ ਬੇਨਤੀ ਕੀਤੀ ਗਈ ਹੈ ਅਤੇ ਬਕਾਇਆ ਬਕਾਏ ਦੀ ਵਸੂਲੀ ਲਈ ਸਬੰਧਤ ਆਰ ਟੀ ਓਜ਼ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ।

### 2.7.3 ਮੋਟਰ ਵਹੀਕਲ ਕਰ ਲਗਾਉਣਾ ਅਤੇ ਇਕੱਤਰ ਕਰਨਾ

ਮੋਟਰ ਵਹੀਕਲਾਂ ਤੇ ਕਰ ਰਾਜ ਦੇ ਕਰ ਰੈਵੀਨਿਊ ਪ੍ਰਾਪਤੀਆਂ ਦੇ ਸਰੋਤਾਂ ਵਿੱਚੋਂ ਇੱਕ ਹੈ। ਮੋਟਰ ਵਹੀਕਲ ਕਰ ਲਗਾਉਣ ਅਤੇ ਇਕੱਤਰ ਕਰਨ ਨਾਲ ਸਬੰਧਤ ਲੇਖਾ ਪ੍ਰੀਖਿਆ ਲੱਭਤਾਂ ਬਾਰੇ ਅਗਲੇ ਉਪ-ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

### 2.7.3.1 ਮੋਟਰ ਵਹੀਕਲ ਕਰ ਦੀ ਨਾ/ਘੱਟ ਵਸੂਲੀ

ਪੰਜਾਬ ਮੋਟਰ ਵਹੀਕਲਜ਼ ਟੈਕਸੇਸ਼ਨ (ਸੋਧ ਐਕਟ) 2007 ਦੁਆਰਾ ਸੋਧੇ ਅਨੁਸਾਰ ਪੰਜਾਬ ਮੋਟਰ ਵਹੀਕਲਜ਼ ਟੈਕਸੇਸ਼ਨ ਐਕਟ 1924 ਦੀ ਧਾਰਾ 3 ਹਰੇਕ ਮੋਟਰ ਵਹੀਕਲ ਤੇ ਸਾਲਾਨਾ ਕਰ ਲਗਾਉਣ ਦਾ ਪ੍ਰਬੰਧ ਕਰਦੀ ਹੈ ਅਤੇ ਰਾਜ ਸਰਕਾਰ ਨੂੰ ਮੋਟਰ ਵਹੀਕਲ ਕਰ ਦੀਆਂ ਦਰਾਂ ਨਿਰਧਾਰਤ ਕਰਨ ਦਾ ਅਧਿਕਾਰ ਦਿੰਦੀ ਹੈ। ਇਸ ਤੋਂ ਇਲਾਵਾ, ਪੰਜਾਬ ਸ਼ੋਸ਼ਲ ਸਕਿਓਰਿਟੀ ਐਕਟ, 2018 ਦੀ ਧਾਰਾ 3(iii) ਦੇ ਅਨੁਸਾਰ, ਆਵਾਜਾਈ ਵਹੀਕਲਜ਼ ਲਈ ਕਰ ਤੇ ਦਸ *ਪ੍ਰਤੀਸ਼ਤ* ਦੀ ਦਰ ਨਾਲ ਸਮਾਜਿਕ ਸੁਰੱਖਿਆ ਸਰਚਾਰਜ ਵੀ ਲਗਾਉਣਯੋਗ[74] ਹੈ। ਵਹੀਕਲਜ਼ ਦੀਆਂ ਵੱਖ-ਵੱਖ ਸ਼੍ਰੇਣੀਆਂ 'ਤੇ ਲਾਗੂ ਮੋਟਰ ਵਹੀਕਲ ਕਰਾਂ ਦੀਆਂ ਦਰਾਂ **ਅੰਤਿਕਾ** 2.1 ਵਿੱਚ ਵਿਸਥਾਰ ਨਾਲ ਦਿੱਤੀਆਂ ਗਈਆਂ ਹਨ।

72 ਜਲੰਧਰ: 30 ਅਤੇ ਪਟਿਆਲਾ: 30

73 ਜਲੰਧਰ: 30, ਪਟਿਆਲਾ: 30 ਅਤੇ ਰੋਪੜ: 1

74 ਅਧਿਸੂਚਨਾ ਨੰਬਰ ਐਸ ਓ/150/ਪੀ ਏ 8/2018/ਐਸ 3/2018 ਮਿਤੀ 22 ਅਕਤੂਬਰ 2018

ਪੰਜਾਬ ਸਰਕਾਰ ਨੇ ਰਾਸ਼ਟਰੀ ਲੌਕਡਾਊਨ ਕਾਰਨ 23 ਮਾਰਚ 2020 ਤੋਂ 19 ਮਈ 2020 ਤੱਕ ਸਾਰੇ ਕਿਸਮਾਂ ਦੇ ਟਰਾਂਸਪੋਰਟ ਵਹੀਕਲਾਂ ਨੂੰ ਮੋਟਰ ਵਹੀਕਲ ਕਰ ਦੀ ਅਦਾਇਗੀ ਤੋਂ ਛੋਟ[75] ਦਿੱਤੀ। ਇਸ ਤੋਂ ਬਾਅਦ, 20 ਮਈ 2020 ਤੋਂ 31 ਦਸੰਬਰ 2020 ਤੱਕ ਸਾਰੀਆਂ ਸਟੇਜ ਕੈਰਿਜ ਬੱਸਾਂ, ਵਿਦਿਅਕ ਸੰਸਥਾਵਾਂ ਅਤੇ ਕਾਲਜ ਬੱਸਾਂ, ਕੰਟਰੈਕਟ ਕੈਰਿਜ ਵਹੀਕਲਾਂ (16 ਸੀਟਾਂ ਤੱਕ) ਨੂੰ ਮੋਟਰ ਵਹੀਕਲ ਕਰ ਦੇ ਭੁਗਤਾਨ ਤੋਂ ਛੋਟ[76] ਦਿੱਤੀ ਗਈ ਸੀ। ਧਾਰਮਿਕ ਸੰਸਥਾਵਾਂ ਅਧੀਨ ਰਜਿਸਟਰਡ ਬੱਸਾਂ ਨੂੰ ਵੀ 23 ਮਾਰਚ 2020 ਤੋਂ 31 ਦਸੰਬਰ 2020 ਤੱਕ ਮੋਟਰ ਵਹੀਕਲ ਕਰ ਦੇ ਭੁਗਤਾਨ ਤੋਂ ਛੋਟ[77] ਦਿੱਤੀ ਗਈ ਸੀ। ਕੰਟਰੈਕਟ ਕੈਰਿਜ (16 ਸੀਟਾਂ ਤੋਂ ਘੱਟ) ਨੂੰ 1 ਅਪ੍ਰੈਲ 2021 ਤੋਂ 31 ਜੁਲਾਈ 2021 ਤੱਕ ਮੋਟਰ ਵਹੀਕਲ ਕਰ ਦੇ ਭੁਗਤਾਨ ਤੋਂ ਛੋਟ[78] ਦਿੱਤੀ ਗਈ ਸੀ। ਵਿਦਿਅਕ ਸੰਸਥਾਵਾਂ/ਸਕੂਲ/ਕਾਲਜ ਅਤੇ ਧਾਰਮਿਕ ਸੰਸਥਾਵਾਂ ਦੀਆਂ ਬੱਸਾਂ ਨੂੰ 1 ਅਪ੍ਰੈਲ 2021 ਤੋਂ 31 ਅਕਤੂਬਰ 2021 ਤੱਕ ਮੋਟਰ ਵਹੀਕਲ ਕਰ ਦੇ ਭੁਗਤਾਨ ਤੋਂ ਹੋਰ ਛੋਟ[79] ਦਿੱਤੀ ਗਈ ਸੀ। 2,500 ਨਿਰਧਾਰਤ ਕਿਲੋਮੀਟਰ ਤੱਕ ਦੀਆਂ ਸਟੇਜ ਕੈਰਿਜ ਬੱਸਾਂ ਨੂੰ 1 ਅਪ੍ਰੈਲ 2021 ਤੋਂ 31 ਜੁਲਾਈ 2021 ਤੱਕ ਮੋਟਰ ਵਹੀਕਲ ਕਰ ਦੇ ਭੁਗਤਾਨ ਤੋਂ 100 *ਪ੍ਰਤੀਸ਼ਤ* ਛੋਟ[80] ਦਿੱਤੀ ਗਈ ਸੀ।

ਪੰਜਾਬ ਮੋਟਰ ਵਹੀਕਲਜ਼ ਟੈਕਸੇਸ਼ਨ ਐਕਟ, 1924 ਦੀ ਧਾਰਾ 14-ਬੀ ਟਰਾਂਸਪੋਰਟ ਵਿਭਾਗ ਦੇ ਕਿਸੇ ਵੀ ਅਧਿਕਾਰਤ ਅਧਿਕਾਰੀ, ਜੋ ਕਿ ਸਹਾਇਕ ਜ਼ਿਲ੍ਹਾ ਟਰਾਂਸਪੋਰਟ ਅਫਸਰ ਦੇ ਰੈਂਕ ਤੋਂ ਹੇਠਾਂ ਨਹੀਂ ਹੈ, ਨੂੰ ਕਿਸੇ ਵੀ ਵਹੀਕਲ ਨੂੰ ਰੋਕਣ, ਜ਼ਬਤ ਕਰਨ ਅਤੇ ਡਿਟੇਨ ਕਰਨ ਦਾ ਅਧਿਕਾਰ ਦਿੰਦੀ ਹੈ ਜਿਸ ਲਈ ਬਕਾਇਆ ਕਰ ਅਦਾ ਨਹੀਂ ਕੀਤਾ ਗਿਆ ਹੈ।

ਸਾਲ 2019-20 ਤੋਂ 2023-24 ਦੀ ਮਿਆਦ ਲਈ ਚੁਣੇ ਗਏ ਆਰ ਟੀ ਓਜ਼ ਅਧੀਨ ਨਮੂਨੇ ਵਾਲੇ 322 ਵਹੀਕਲਾਂ/ਆਪਰੇਟਰਾਂ ਦੀ ਲੇਖਾ ਪ੍ਰੀਖਿਆ ਜਾਂਚ ਤੋਂ ਪਤਾ ਲੱਗਿਆ (ਅਗਸਤ 2024 ਤੋਂ ਫਰਵਰੀ 2025) ਕਿ ਵੱਖ-ਵੱਖ ਸ਼੍ਰੇਣੀਆਂ ਦੇ 221 ਵਹੀਕਲਾਂ/ਆਪਰੇਟਰਾਂ ਤੋਂ ₹ 55.99 ਕਰੋੜ ਦਾ ਮੋਟਰ ਵਹੀਕਲ ਕਰ ਵਸੂਲਿਆ ਨਹੀਂ ਗਿਆ, ਕਿਉਂਕਿ ₹ 165.79 ਕਰੋੜ[81] ਦੇ ਦੇਣਯੋਗ ਕਰ ਦੇ ਮੁਕਾਬਲੇ ਸਿਰਫ ₹ 109.80 ਕਰੋੜ ਦਾ ਕਰ ਇਕੱਤਰ ਕੀਤਾ ਗਿਆ ਸੀ। ਅਣਵਸੂਲੇ ਮੋਟਰ ਵਹੀਕਲ ਕਰ ਦਾ ਵੇਰਵਾ **ਸਾਰਣੀ** 2.6 ਵਿੱਚ ਦਿੱਤਾ ਗਿਆ ਹੈ।

75 ਅਧਿਸੂਚਨਾ ਨੰਬਰ 3/2/2011-2ਟੀ2/589 ਮਿਤੀ 2 ਜੂਨ 2020

76 ਅਧਿਸੂਚਨਾ ਨੰਬਰ 3/2/2011-2ਟੀ2/1393 ਮਿਤੀ 15 ਦਸੰਬਰ 2020 ਅਤੇ 3/2/2011-2ਟੀ2/1540 ਮਿਤੀ 29 ਦਸੰਬਰ 2021

77 ਅਧਿਸੂਚਨਾ ਨੰਬਰ 3/2/2011-2ਟੀ2/1540 ਮਿਤੀ 29 ਦਸੰਬਰ 2021

78 ਅਧਿਸੂਚਨਾ ਨੰਬਰ 3/2/2011-2ਟੀ2/1545 ਮਿਤੀ 29 ਦਸੰਬਰ 2021

79 ਅਧਿਸੂਚਨਾ ਨੰਬਰ 3/2/2011-2ਟੀ2/1545 ਮਿਤੀ 29 ਦਸੰਬਰ 2021

80 ਅਧਿਸੂਚਨਾ ਨੰਬਰ 3/2/2011-2ਟੀ2/1550 ਮਿਤੀ 29 ਦਸੰਬਰ 2021

81 ਸਮਾਜਿਕ ਸੁਰੱਖਿਆ ਸਰਚਾਰਜ ਸਮੇਤ

**ਸਾਰਣੀ 2.6: ਅਣਵਸੂਲੇ ਮੋਟਰ ਵਹੀਕਲ ਕਰ ਦਾ ਵੇਰਵਾ**

*(₹ ਕਰੋੜ ਵਿੱਚ)*

| ਲੜੀ ਨੰ. | ਵਹੀਕਲ ਦੀ ਸ਼੍ਰੇਣੀ | ਆਰ ਟੀ ਓਜ਼/ ਐਸ ਟੀ ਏ | ਨਮੂਨਾ | ਲੇਖਾ ਪ੍ਰੀਖਿਆ ਵਿੱਚ ਵਹੀਕਲਾਂ/ਆਪਰੇਟਰਾਂ ਤੇ ਲਗਾਇਆ ਗਿਆ ਇਤਰਾਜ਼ | | | |
|---|---|---|---|---|---|---|---|
| | | | | ਵਹੀਕਲਾਂ/ ਆਪਰੇਟਰਾਂ ਦੀ ਸੰਖਿਆ | ਦੇਣਯੋਗ ਰਾਸ਼ੀ | ਭੁਗਤਾਨ ਕਿਤੀ ਗਈ ਰਾਸ਼ੀ | ਘੱਟ ਭੁਗਤਾਨ ਕੀਤੀ ਗਈ ਰਾਸ਼ੀ |
| 1. | ਟੂਰਿਸਟ ਬੱਸਾਂ | ਇੱਕ | 30 | 30[82] | 2.97 | 0.90 | 2.07 |
| 2. | ਮੈਕਸੀ/ਮੋਟਰ ਕੈਬਜ਼ | | | | | | |
| | ਟੂਰਿਸਟ ਵਹੀਕਲਜ਼ | ਇੱਕ | 30 | 19[83] | 0.02 | 0.01 | 0.01 |
| | ਕੰਟਰੈਕਟ ਕੈਰਿਜਜ਼ | ਚਾਰ | 65 | 33[84] | 0.06 | 0.02 | 0.04 |
| 3. | ਵਸਤਾਂ ਢੋਆ-ਢੁਆਈ | ਤਿੰਨ | 84 | 59[85] | 0.41 | 0.24 | 0.17 |
| 4. | ਪ੍ਰਾਈਵੇਟ ਸਰਵਿਸ ਵਹੀਕਲਜ਼ | ਤਿੰਨ | 61 | 48[86] | 0.41 | 0.19 | 0.22 |
| 5. | ਸਟੇਜ ਕਰਿਜ਼ਜ਼[87] | | | | | | |
| | ਵੱਡੀਆਂ ਬੱਸਾਂ | ਦੋ | 51 | 31[88] | 161.06 | 107.72 | 53.34 |
| | ਮਿੰਨੀ ਬੱਸਾਂ | ਇੱਕ | 1 | 1[89] | 0.86 | 0.72 | 0.14 |
| **ਜੋੜ** | | | **322** | **221** | **165.79** | **109.80** | **55.99** |

ਲਾਗੂਕਰਨ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ ਦਾ ਪਤਾ ਲਗਾਉਣ ਲਈ ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਦੌਰਾਨ ਇੱਕ ਆਰ ਟੀ ਓ ਅਤੇ ਦੋ ਆਰ ਟੀ ਏਜ਼ ਦੁਆਰਾ ਵੱਖ-ਵੱਖ ਉਲੰਘਣਾਵਾਂ ਲਈ ਜਾਰੀ ਕੀਤੇ ਗਏ 4,431 ਚਲਾਨਾਂ[90] ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ ਆਰ ਟੀ ਏ ਜਲੰਧਰ ਨੇ ਮੋਟਰ ਵਹੀਕਲ ਕਰ ਦਾ ਭੁਗਤਾਨ ਨਾ-ਕਰਨ ਲਈ ਚਾਰ[91] ਵਹੀਕਲਾਂ ਦੇ ਚਲਾਨ ਜਾਰੀ ਕੀਤੇ ਸਨ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਸਬੰਧਤ ਆਰ ਟੀ ਓਜ਼ ਨੂੰ ਬਕਾਏ ਦੀ ਵਸੂਲੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ, ਵਹੀਕਲ ਮਾਲਕਾਂ ਨੂੰ ਉਨ੍ਹਾਂ ਦੇ ਦੇਣ ਯੋਗ ਬਕਾਏ ਦਾ ਭੁਗਤਾਨ ਕਰਨ ਲਈ ਵਾਹਨ ਪੋਰਟਲ ਰਾਹੀਂ ਉਨ੍ਹਾਂ ਦੇ ਰਜਿਸਟਰਡ ਮੋਬਾਈਲ ਨੰਬਰਾਂ ਤੇ ਸੰਦੇਸ਼ ਭੇਜੇ ਜਾਣਗੇ ਅਤੇ ਵਿਭਾਗ ਲਾਗੂ ਕਰਨ ਦੀ ਮੁਹਿੰਮ ਨੂੰ ਮਜ਼ਬੂਤ ਕਰਨ ਤੇ ਵੀ ਧਿਆਨ ਕੇਂਦਰਿਤ ਕਰ ਰਿਹਾ ਹੈ।

---

82 ਐਸ ਟੀ ਏ: 30 ਆਪਰੇਟਰਾਂ

83 ਐਸ ਟੀ ਏ: 19 ਆਪਰੇਟਰਾਂ

84 **ਜਲੰਧਰ**: 3 ਆਪਰੇਟਰਾਂ, **ਪਠਾਨਕੋਟ**: 2 ਆਪਰੇਟਰਾਂ ਅਤੇ **ਪਟਿਆਲਾ**: 28 ਆਪਰੇਟਰਾਂ

85 **ਜਲੰਧਰ**: 30 ਆਪਰੇਟਰਾਂ ਅਤੇ **ਪਟਿਆਲਾ**: 29 ਆਪਰੇਟਰਾਂ

86 **ਜਲੰਧਰ**: 19 ਆਪਰੇਟਰਾਂ , **ਪਠਾਨਕੋਟ**: 1 ਅਪਰੇਟਰ ਅਤੇ **ਪਟਿਆਲਾ**: 28 ਅਪਰੇਟਰਾਂ

87 ਵਾਹਨ ਵਿੱਚ ਵਹੀਕਲਾਂ ਦੀ ਮੈਪਿੰਗ ਨਾ ਹੋਣ ਕਾਰਨ ਚਲਾਨ ਰਿਕਾਰਡ ਵਾਲੇ ਇਨ੍ਹਾਂ ਵਹੀਕਲਾਂ ਦਾ ਡਾਟਾ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਿਆ

88 **ਜਲੰਧਰ**: 15 ਅਤੇ **ਪਟਿਆਲਾ**: 16

89 ਪਟਿਆਲਾ: 1

90 ਆਰ ਟੀ ਏ ਜਲੰਧਰ: 1,866, ਆਰ ਟੀ ਏ ਪਟਿਆਲਾ: 2,531 ਅਤੇ ਆਰ ਟੀ ਓ ਜਲੰਧਰ: 34

91 ਚਲਾਨ ਨੰ. 287423 ਮਿਤੀ 16 ਅਗਸਤ 2019; ਚਲਾਨ ਨੰ. 288538 ਮਿਤੀ 30 ਸਤੰਬਰ 2021; ਚਲਾਨ ਨੰ. 255649 ਮਿਤੀ 17 ਫਰਵਰੀ 2020; ਅਤੇ ਚਲਾਨ ਨੰ. 255650 ਮਿਤੀ 17 ਫਰਵਰੀ 2020

### 2.7.3.2 ਪਸੰਦ ਦੇ ਰਜਿਸਟ੍ਰੇਸ਼ਨ ਨੰਬਰ ਲੈਣ ਲਈ ਨਿਰਧਾਰਤ ਅਡੀਸ਼ਨਲ ਫੀਸ ਦੀ ਘੱਟ ਵਸੂਲੀ

ਪੰਜਾਬ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 42ਏ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਰਜਿਸਟਰਿੰਗ ਅਥਾਰਟੀ ਮੋਟਰ ਵਹੀਕਲ ਦੇ ਮਾਲਕ ਨੂੰ ਸਰਕਾਰ ਦੁਆਰਾ ਨਿਰਧਾਰਤ ਕੀਤੀ ਗਈ ਅਡੀਸ਼ਨਲ ਫੀਸ ਦਾ ਭੁਗਤਾਨ ਕਰਨ 'ਤੇ ਪਸੰਦ ਦਾ ਰਜਿਸਟ੍ਰੇਸ਼ਨ ਨੰਬਰ ਨਿਰਧਾਰਤ ਕਰੇਗੀ। ਅਕਤੂਬਰ 2020 ਵਿੱਚ, ਸਰਕਾਰ ਨੇ ਉਸੇ ਜ਼ਿਲ੍ਹੇ ਤੋਂ ਪ੍ਰਾਪਤ ਹੋਣ 'ਤੇ ਪਸੰਦ ਦੇ ਰਜਿਸਟ੍ਰੇਸ਼ਨ ਨੰਬਰਾਂ ਲਈ ਅਡੀਸ਼ਨਲ ਫੀਸ ₹ 5,000 ਵਜੋਂ ਅਧਿਸੂਚਿਤ[92] ਕੀਤੀ ਸੀ, ਜਿੱਥੇ ਵਹੀਕਲ ਮਾਲਕ ਰਹਿੰਦਾ ਹੈ ਜਾਂ ਉਸਦਾ ਕਾਰੋਬਾਰ ਦਾ ਸਥਾਨ ਹੈ ਜਿੱਥੇ ਵਹੀਕਲ ਆਮ ਤੌਰ 'ਤੇ ਰੱਖਿਆ ਜਾਂਦਾ ਹੈ ਅਤੇ ₹ 10,000 ਉਸ ਜ਼ਿਲ੍ਹੇ ਦੀ ਬਜਾਏ ਕਿਸੇ ਹੋਰ ਜ਼ਿਲ੍ਹੇ ਤੋਂ ਪ੍ਰਾਪਤ ਕੀਤੇ ਜਾਣ। ਪਸੰਦ ਦੇ ਰਜਿਸਟ੍ਰੇਸ਼ਨ ਨੰਬਰ ਸਰਕਾਰੀ ਪੋਰਟਲ[93] ਰਾਹੀਂ ਉਪਲਬਧ ਹਨ।

ਲੇਖਾ ਪ੍ਰੀਖਿਆ ਨੇ 2019-20 ਤੋਂ 2023-24 ਦੀ ਮਿਆਦ ਲਈ ਚਾਰ ਚੁਣੇ ਹੋਏ ਆਰ ਟੀ ਓਜ਼ ਦੇ ਸਬੰਧ ਵਿੱਚ ਵਾਹਨ ਤੋਂ ਡਾਊਨਲੋਡ ਕੀਤੀ ਗਈ 'ਫੈਨਸੀ/ਐਡਵਾਂਸ ਰਜਿਸਟ੍ਰੇਸ਼ਨ ਫੀਸ ਸਟੇਟਮੈਂਟ ਰਿਪੋਰਟ' ਤੋਂ 116 ਵਹੀਕਲਾਂ[94] ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ (ਸਤੰਬਰ 2024 ਤੋਂ ਫਰਵਰੀ 2025) ਕਿ 76 ਵਹੀਕਲਾਂ[95] ਦੇ ਸਬੰਧ ਵਿੱਚ ਦੂਜੇ ਜ਼ਿਲ੍ਹੇ ਤੋਂ ਆਪਣੀ ਪਸੰਦ ਦੇ ਰਜਿਸਟ੍ਰੇਸ਼ਨ ਨੰਬਰ ਲਈ ਅਰਜ਼ੀ ਦੇਣ ਸਮੇਂ ਫੀਸ ਦਾ ਭੁਗਤਾਨ ਲਾਗੂ ਦਰ ₹ 10,000 ਦੀ ਬਜਾਏ ₹ 5,000 ਦੀ ਦਰ ਨਾਲ ਕੀਤਾ ਗਿਆ ਸੀ। ਇਸ ਤਰ੍ਹਾਂ, ਵਾਹਨ ਪ੍ਰਣਾਲੀ ਵਿੱਚ ਮੌਜੂਦਾ ਨਿਯੰਤਰਣ ਅਧੂਰਾ ਸੀ ਜਿਸ ਕਾਰਨ ₹ 3.80 ਲੱਖ ਦੀ ਫੀਸ ਦੀ ਘੱਟ ਵਸੂਲੀ ਹੋਈ।

ਧਿਆਨ ਵਿੱਚ ਲਿਆਂਦੇ ਜਾਣ 'ਤੇ ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਬਕਾਇਆ ਰਾਸ਼ੀ ਦੀ ਵਸੂਲੀ ਲਈ ਆਰ ਟੀ ਓਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ, ਇਹ ਮਾਮਲਾ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਕੋਲ ਉਠਾਇਆ ਜਾਵੇਗਾ ਤਾਂ ਜੋ ਕਿਸੇ ਹੋਰ ਜ਼ਿਲ੍ਹੇ ਵਿੱਚ ਆਪਣੀ ਪਸੰਦ ਦੇ ਰਜਿਸਟ੍ਰੇਸ਼ਨ ਨੰਬਰ ਲਈ ਅਰਜ਼ੀ ਦੇਣ ਵਾਲੇ ਦੂਜੇ ਜ਼ਿਲਿਆਂ ਦੇ ਵਹੀਕਲ ਮਾਲਕਾਂ ਤੋਂ ਨਿਰਧਾਰਤ ਫੀਸ ਦੀ ਵਸੂਲੀ ਲਈ ਲੋੜੀਂਦੀ ਪ੍ਰਮਾਣਿਕਤਾ ਜਾਂਚਾਂ ਨੂੰ ਸ਼ਾਮਲ ਕਰਨਾ ਯਕੀਨੀ ਬਣਾਇਆ ਜਾ ਸਕੇ।

### 2.7.3.3 ਕਰ ਦਾ ਦੇਰੀ ਨਾਲ ਭੁਗਤਾਨ 'ਤੇ ਵਿਆਜ ਨਹੀਂ ਵਸੂਲਿਆ

ਪੰਜਾਬ ਮੋਟਰ ਵਹੀਕਲਜ਼ ਐਕਟ 1924 ਦੀ 11ਏ(1) ਕਰ ਦੇ ਭੁਗਤਾਨ ਦੀ ਨਿਰਧਾਰਤ ਮਿਤੀ ਤੋਂ ਬਾਅਦ ਭੁਗਤਾਨ ਦੀ ਅਸਲ ਮਿਤੀ ਤੱਕ ਬਕਾਇਆ ਕਰ ਰਾਸ਼ੀ 'ਤੇ ਡੇਢ *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ ਨਾਲ ਸਾਧਾਰਨ ਵਿਆਜ ਵਸੂਲਣ ਦੀ ਵਿਵਸਥਾ ਕਰਦੀ ਹੈ। ਸਟੇਜ ਕੈਰਿਜ ਦੇ ਮਾਮਲੇ ਵਿੱਚ ਕਰ ਹਰ ਮਹੀਨੇ ਦੇ ਅੰਤ ਵਿੱਚ ਭੁਗਤਾਨਯੋਗ[96] ਹੈ।

---

92 ਅਧਿਸੂਚਨਾ ਨੰ. 10/51/2017-1ਟੀ2/1163 ਮਿਤੀ 19 ਅਕਤੂਬਰ 2020

93 https://fancy.parivahan.gov.in

94 ਜਲੰਧਰ: 30, ਪਟਿਆਲਾ: 30, ਪਠਾਨਕੋਟ: 24 ਅਤੇ ਰੋਪੜ: 32

95 ਜਲੰਧਰ: 16, ਪਟਿਆਲਾ: 15, ਪਠਾਨਕੋਟ: 17 ਅਤੇ ਰੋਪੜ: 28

96 ਆਰਡਰ ਨੰ. 2/46/08-1ਟੀ 2/6873 ਮਿਤੀ 26 ਸਤੰਬਰ 2008

ਲੇਖਾ ਪ੍ਰੀਖਿਆ ਨੇ ਆਰ ਟੀ ਓ ਪਟਿਆਲਾ ਵਿੱਚ ਦੇਖਿਆ (ਅਗਸਤ 2024) ਕਿ ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਨੇ 2019-20 ਤੋਂ 2023-24 ਦੀ ਮਿਆਦ ਨਾਲ ਸਬੰਧਤ ਸਟੇਜ ਕੈਰਿਜ ਬੱਸਾਂ ਦਾ ₹ 89.07 ਕਰੋੜ ਦਾ ਮੋਟਰ ਵਹੀਕਲ ਕਰ ਭੁਗਤਾਨ ਕੀਤਾ ਜਿਸ ਵਿੱਚ ਸੱਤ ਅਤੇ 1,013 ਦਿਨਾਂ ਦੀ ਦੇਰੀ ਹੋਈ। ਹਾਲਾਂਕਿ, ਮੋਟਰ ਵਹੀਕਲ ਕਰ ਦੇ ਦੇਰੀ ਨਾਲ ਭੁਗਤਾਨ ਦੇ ਕਾਰਨ ਦੇਣਯੋਗ ₹ 16.63 ਕਰੋੜ ਦਾ ਵਿਆਜ ਆਰ ਟੀ ਓ ਦੁਆਰਾ ਵਸੂਲਿਆ ਨਹੀਂ ਗਿਆ ਸੀ।

ਧਿਆਨ ਵਿੱਚ ਲਿਆਂਦੇ ਜਾਣ ਤੇ ਆਰ ਟੀ ਓ ਪਟਿਆਲਾ ਨੇ ਕਿਹਾ (ਅਗਸਤ 2024) ਕਿ ਰਿਕਾਰਡਾਂ ਦੀ ਤਸਦੀਕ ਕਰਨ ਤੋਂ ਬਾਅਦ ਵਿਆਜ ਦੀ ਵਸੂਲੀ ਲਈ ਯਤਨ ਕੀਤੇ ਜਾਣਗੇ।

### 2.7.4 ਅੰਦਰੂਨੀ ਨਿਯੰਤਰਣ ਅਤੇ ਨਿਗਰਾਨੀ ਵਿਧੀ

ਸ਼ਾਸਨ ਦੇ ਵੱਖ-ਵੱਖ ਪੱਧਰਾਂ ਤੇ ਅੰਦਰੂਨੀ ਨਿਯੰਤਰਣ ਅਤੇ ਨਿਗਰਾਨੀ ਇਕਾਈ ਨੂੰ ਸਰੋਤਾਂ ਦੀ ਪ੍ਰਭਾਵਸ਼ਾਲੀ ਵੰਡ ਲਈ ਨੀਤੀ ਜਾਣਕਾਰੀ ਵਿੱਚ ਸੁਧਾਰ ਲਈ ਪ੍ਰਮੁੱਖ ਸਮੱਸਿਆਵਾਂ ਵਾਲੇ ਖੇਤਰਾਂ, ਰੁਕਾਵਟਾਂ ਅਤੇ ਪ੍ਰਬੰਧਕੀ ਲੋੜਾਂ ਦੀ ਪਛਾਣ ਕਰਨ ਦੇ ਯੋਗ ਬਣਾਉਂਦੀ ਹੈ। ਇਸ ਲੇਖਾ ਪ੍ਰੀਖਿਆ ਦੌਰਾਨ, ਅੰਦਰੂਨੀ ਨਿਯੰਤਰਣ ਅਤੇ ਨਿਗਰਾਨੀ ਵਿਧੀ ਵਿੱਚ ਕਮੀਆਂ ਵੇਖੀਆਂ ਗਈਆਂ, ਜਿਨ੍ਹਾਂ ਬਾਰੇ ਅਗਲੇ ਉਪ-ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

#### 2.7.4.1 ਮੋਟਰ ਵਹੀਕਲ ਡੀਲਰਾਂ ਦੀ ਨਿਗਰਾਨੀ ਦੀ ਘਾਟ

ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਨੇ ਜੁਲਾਈ 2022 ਵਿੱਚ ਇੱਕ ਅਧਿਸੂਚਨਾ[97] ਜਾਰੀ ਕੀਤਾ ਅਤੇ ਵੈਧ ਵਪਾਰ ਸਰਟੀਫਿਕੇਟ ਰੱਖਣ ਵਾਲੇ ਮੋਟਰ ਵਹੀਕਲ ਡੀਲਰਾਂ ਨੂੰ ਪਹਿਲੀ ਵਿਕਰੀ ਦੇ ਸਮੇਂ ਨਵਾਂ ਮੋਟਰ ਵਹੀਕਲ ਡਿਲੀਵਰ ਕਰਨ ਸਮੇਂ ਵਿਸ਼ੇਸ਼ ਰਜਿਸਟ੍ਰੇਸ਼ਨ ਅਥਾਰਟੀਆਂ ਵਜੋਂ ਵਾਹਨ ਵੈੱਬ ਪੋਰਟਲ ਰਾਹੀਂ ਅਸਥਾਈ ਜਾਂ ਸਥਾਈ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਲਈ ਅਧਿਕਾਰਤ ਕੀਤਾ। ਅਧਿਸੂਚਨਾ ਦੇ ਲੜੀ ਨੰਬਰ 28 'ਤੇ ਨਿਯਮਾਂ ਅਤੇ ਸ਼ਰਤਾਂ ਅਨੁਸਾਰ, ਮੋਟਰ ਵਹੀਕਲ ਡੀਲਰਾਂ ਨੂੰ ਉਨ੍ਹਾ ਦੁਆਰਾ ਰਜਿਸਟਰਡ ਨਵੇਂ ਵਹੀਕਲਾਂ ਦੀ ਪੂਰੀ ਮਹੀਨਾਵਾਰ ਰਿਪੋਰਟ ਵਿੱਚ ਹਰੇਕ ਵਹੀਕਲ ਦੇ ਵਿਰੁੱਧ ਜਮ੍ਹਾਂ ਕਰ, ਫੀਸਾਂ ਅਤੇ ਕਿਸੇ ਹੋਰ ਖਰਚਿਆਂ ਬਾਰੇ ਸਬੰਧਤ ਜਾਣਕਾਰੀ ਆਪਣੇ ਅਧਿਕਾਰ ਖੇਤਰ ਦੀ ਰਜਿਸਟਰਿੰਗ ਅਥਾਰਟੀ ਦੇ ਦਫਤਰ ਜਮ੍ਹਾਂ ਕਰਵਾਉਣੀ ਜ਼ਰੂਰੀ ਸੀ।

ਫਰਵਰੀ 2025 ਵਿੱਚ ਵਾਹਨ ਤੋਂ ਤਿਆਰ ਕੀਤੀ ਗਈ 'ਡੀਲਰ ਵੈਲਿਡ ਰਿਪੋਰਟ' ਦੇ ਅਨੁਸਾਰ ਚਾਰ ਚੁਣੇ ਹੋਏ ਰਿਜ਼ਨਲ ਟਰਾਂਸਪੋਰਟ ਅਥਾਰਟੀਆਂ ਦੇ ਅਧਿਕਾਰ ਖੇਤਰ ਵਿੱਚ 261 ਮੋਟਰ ਵਹੀਕਲ ਡੀਲਰ[98] ਸਨ। ਲੇਖਾ ਪ੍ਰੀਖਿਆ ਨੇ ਦੇਖਿਆ (ਜੁਲਾਈ 2024 ਤੋਂ ਜਨਵਰੀ 2025) ਕਿ ਜਲੰਧਰ, ਪਟਿਆਲਾ ਅਤੇ ਰੋਪੜ ਦੇ ਆਰ ਟੀ ਓਜ਼ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਮੋਟਰ ਵਹੀਕਲ ਡੀਲਰਾਂ ਨੇ ਜੁਲਾਈ 2022 ਤੋਂ ਮਾਰਚ 2024 ਦੀ ਮਿਆਦ ਦੇ ਦੌਰਾਨ ਉਨ੍ਹਾ ਦੁਆਰਾ ਰਜਿਸਟਰਡ ਵਹੀਕਲਾਂ ਦੀ ਮਹੀਨਾਵਾਰ ਰਿਪੋਰਟ ਆਰ ਟੀ ਓਜ਼ ਨੂੰ ਜਮ੍ਹਾਂ ਨਹੀਂ ਕਰਵਾਈ। ਇਸ ਤੋਂ ਇਲਾਵਾ, ਇਹ ਵੀ ਦੇਖਿਆ ਗਿਆ ਕਿ ਸਬੰਧਤ ਆਰ ਟੀ ਓਜ਼ ਨੇ ਮੋਟਰ ਵਹੀਕਲ ਡੀਲਰਾਂ ਦੀ ਨਿਗਰਾਨੀ ਦੀ ਘਾਟ ਨੂੰ ਦਰਸਾਉਂਦੀਆਂ ਮਹੀਨਾਵਾਰ ਰਿਪੋਰਟਾਂ ਪੇਸ਼ ਕਰਨ ਲਈ ਮੋਟਰ ਵਹੀਕਲ ਡੀਲਰਾਂ ਕੋਲ ਇਸ ਮਾਮਲੇ

97 ਅਧਿਸੂਚਨਾ ਨੰਬਰ 10/14/2022-1ਟੀ2/705 ਮਿਤੀ 12 ਜੁਲਾਈ 2022

98 ਜਲੰਧਰ: 63, ਪਠਾਨਕੋਟ: 9, ਪਟਿਆਲਾ: 174 ਅਤੇ ਰੋਪੜ: 15

ਦੀ ਪੈਰ੍ਹਵੀ ਨਹੀਂ ਕੀਤੀ। ਡੀਲਰਾਂ ਵੱਲੋਂ ਮਹੀਨਾਵਾਰ ਰਿਪੋਰਟਾਂ ਦੀ ਅਣਹੋਂਦ ਕਾਰਨ, ਵਿਭਾਗ ਦੁਆਰਾ ਡੀਲਰ ਵੱਲੋਂ ਭੁਗਤਾਨ ਕੀਤੇ ਕਰਾਂ, ਫੀਸਾਂ ਅਤੇ ਹੋਰ ਖਰਚਿਆਂ ਦਾ ਆਈ ਐਫ ਐਮ ਐਸ ਰਸੀਦਾਂ ਨਾਲ ਮੇਲ ਨਹੀਂ ਕੀਤਾ ਜਾ ਰਿਹਾ ਸੀ। ਆਰ ਟੀ ਓ ਪਠਾਨਕੋਟ ਵੱਲੋਂ ਮੋਟਰ ਵਹੀਕਲ ਡੀਲਰਾਂ ਦੀ ਨਿਗਰਾਨੀ ਦੀ ਸਥਿਤੀ ਦਾ ਲੇਖਾ ਪ੍ਰੀਖਿਆ ਵਿੱਚ ਪਤਾ ਨਹੀਂ ਲਗਾਇਆ ਜਾ ਸਕਿਆ ਕਿਉਂਕਿ ਸਬੰਧਤ ਜਾਣਕਾਰੀ ਲੇਖਾ ਪ੍ਰੀਖਿਆ ਲਈ ਉਪਲਬਧ ਨਹੀਂ ਕਰਵਾਈ ਗਈ ਸੀ।

ਉਪਰੋਕਤ ਤੋਂ ਇਲਾਵਾ, ਹਰੇਕ ਮੋਟਰ ਵਹੀਕਲ ਡੀਲਰ ਨੂੰ ਉਕਤ ਅਧਿਸੂਚਨਾ ਦੇ ਲੜੀ ਨੰਬਰ 29 'ਤੇ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਰਜਿਸਟਰਿੰਗ ਅਥਾਰਟੀ ਜਾਂ ਕਿਸੇ ਹੋਰ ਅਧਿਕਾਰ ਪ੍ਰਾਪਤ ਅਧਿਕਾਰੀ ਦੁਆਰਾ ਕਰ/ਫੀਸਾਂ ਦੀ ਅਚਨਚੇਤ ਜਾਂਚ ਅਤੇ ਭੌਤਿਕ ਸਟਾਕ ਲੇਖਾ ਪ੍ਰੀਖਿਆ ਸਮੇਤ ਵਿੱਤੀ ਲੇਖਾ ਪ੍ਰੀਖਿਆ, ਤਕਨੀਕੀ ਲੇਖਾ ਪ੍ਰੀਖਿਆ, ਵਰਕਫਲੋ ਲੇਖਾ ਪ੍ਰੀਖਿਆ ਨਿਰੀਖਣਾਂ ਵਿੱਚੋਂ ਲੰਘਣਾ ਪਵੇਗਾ। ਹਾਲਾਂਕਿ, ਇਹ ਦੇਖਿਆ ਗਿਆ ਕਿ ਆਰ ਟੀ ਓਜ਼ ਪਟਿਆਲਾ ਅਤੇ ਰੋਪੜ ਦੁਆਰਾ ਅਜਿਹੀ ਕੋਈ ਲੇਖਾ ਪ੍ਰੀਖਿਆ ਨਹੀਂ ਕੀਤੀ ਗਈ ਸੀ। ਆਰ ਟੀ ਓ ਪਠਾਨਕੋਟ ਦੁਆਰਾ ਲੇਖਾ ਪ੍ਰੀਖਿਆ ਦੀ ਸਥਿਤੀ ਦਾ ਪਤਾ ਨਹੀਂ ਲਗਾਇਆ ਜਾ ਸਕਿਆ ਕਿਉਂਕਿ ਫਰਵਰੀ 2025 ਵਿੱਚ ਮੰਗੀ ਗਈ ਸਬੰਧਤ ਜਾਣਕਾਰੀ ਉਪਲਬਧ ਨਹੀਂ ਕਰਵਾਈ ਗਈ ਸੀ।

ਐਗਜ਼ਿਟ ਕਾਨਫਰੰਸ (ਫਰਵਰੀ 2025) ਵਿੱਚ, ਵਿਭਾਗ ਨੇ ਕਿਹਾ ਕਿ ਡਿਫਾਲਟਰ ਮੋਟਰ ਵਹੀਕਲ ਡੀਲਰਾਂ ਵਿਰੁੱਧ ਪਹਿਲਾਂ ਹੀ ਵਾਹਨ ਪੋਰਟਲ 'ਤੇ ਬਲਾਕ ਕਰਕੇ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ। ਵਿਭਾਗ ਨੇ ਅੱਗੇ ਜਵਾਬ ਦਿੱਤਾ (ਅਪ੍ਰੈਲ 2025) ਕਿ ਮੋਟਰ ਵਹੀਕਲ ਡੀਲਰਾਂ ਦੀ ਲੇਖਾ ਪ੍ਰੀਖਿਆ ਅਤੇ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਆਰ ਟੀ ਓਜ਼ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

### 2.7.4.2 ਡਰਾਈਵਿੰਗ ਸਕੂਲਾਂ ਦਾ ਕੰਮਕਾਜ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 27 ਵਿੱਚ ਲਾਇਸੰਸਸ਼ੁਦਾ ਡਰਾਈਵਿੰਗ ਸਕੂਲਾਂ ਦੁਆਰਾ ਪਾਲਣਾ ਕੀਤੀਆਂ ਜਾਣ ਵਾਲੀਆਂ ਆਮ ਸ਼ਰਤਾਂ ਨਿਰਧਾਰਤ ਕੀਤੀਆਂ ਗਈਆਂ ਹਨ। ਇਨ੍ਹਾਂ ਸ਼ਰਤਾਂ ਦੇ ਅਨੁਸਾਰ, ਡਰਾਈਵਿੰਗ ਸਕੂਲਾਂ ਨੂੰ ਸਾਲ ਦੌਰਾਨ ਦਾਖਲ ਹੋਏ ਵਿਦਿਆਰਥੀਆਂ ਦੇ ਸਬੰਧ ਵਿੱਚ ਰਿਕਾਰਡ ਰੱਖਣ ਦੀ ਲੋੜ ਹੁੰਦੀ ਹੈ। ਲਾਇਸੈਂਸਿੰਗ ਅਥਾਰਟੀ ਜਾਂ ਇਸ ਉਦੇਸ਼ ਲਈ ਅਧਿਕਾਰਤ ਕਿਸੇ ਵੀ ਵਿਅਕਤੀ ਦੁਆਰਾ ਡਰਾਈਵਿੰਗ ਸਕੂਲਾਂ ਦੀ ਜਾਂਚ ਕਰਨ ਦੀ ਵੀ ਨਿਯਮ ਵਿਵਸਥਾ ਕਰਦੇ ਹਨ।

ਚੁਣੇ ਗਏ ਰਿਜ਼ਨਲ ਟਰਾਂਸਪੋਰਟ ਦਫਤਰਾਂ ਵਿੱਚੋਂ, ਸਿਰਫ ਪਟਿਆਲਾ ਅਤੇ ਜਲੰਧਰ ਵਿੱਚ ਡਰਾਈਵਿੰਗ ਸਕੂਲ ਹਨ। ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ (ਅਗਸਤ 2024) ਕਿ ਆਰ ਟੀ ਓ ਪਟਿਆਲਾ ਨੇ ਆਪਣੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਡਰਾਈਵਿੰਗ ਸਕੂਲਾਂ ਦੀ ਲੇਖਾ ਪ੍ਰੀਖਿਆ ਸਮੇਂ ਦੌਰਾਨ ਜਾਂਚ ਨਹੀਂ ਕੀਤੀ ਜਿਸ ਨੇ ਆਰ ਟੀ ਓ ਦੁਆਰਾ ਡਰਾਈਵਿੰਗ ਸਕੂਲਾਂ ਦੀ ਨਿਗਰਾਨੀ ਦੀ ਘਾਟ ਨੂੰ ਦਰਸਾਇਆ ਗਿਆ ਸੀ। ਹਾਲਾਂਕਿ, ਆਰ ਟੀ ਓ ਜਲੰਧਰ ਨੇ ਆਪਣੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਡਰਾਈਵਿੰਗ ਸਕੂਲਾਂ ਦੀ ਨਿਗਰਾਨੀ ਬਾਰੇ ਕੋਈ ਜਵਾਬ ਨਹੀਂ ਦਿੱਤਾ।

ਧਿਆਨ ਵਿੱਚ ਲਿਆਂਦੇ ਜਾਣ ਤੇ, ਆਰ ਟੀ ਓਜ਼ ਜਲੰਧਰ ਅਤੇ ਪਟਿਆਲਾ ਨੇ ਜਵਾਬ ਦਿੱਤਾ (ਅਗਸਤ 2024) ਕਿ ਡਰਾਈਵਿੰਗ ਸਕੂਲਾਂ ਦੀ ਸਮੇਂ-ਸਮੇਂ 'ਤੇ ਜਾਂਚ ਨੂੰ ਯਕੀਨੀ ਬਣਾਉਣ ਲਈ ਮੋਟਰ ਵਹੀਕਲ ਇੰਸਪੈਕਟਰਾਂ ਨੂੰ ਉਚਿਤ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ। ਵਿਭਾਗ ਨੇ ਸਾਰੇ ਆਰ ਟੀ ਓ ਨੂੰ ਡਰਾਈਵਿੰਗ ਸਕੂਲਾਂ ਦੀ ਭੌਤਿਕ ਜਾਂਚ ਕਰਨ ਦੀਆਂ ਹਦਾਇਤਾਂ ਵੀ ਜਾਰੀ ਕੀਤੀਆਂ ਹਨ (ਅਪ੍ਰੈਲ 2025)।

### 2.7.4.3 ਗਊ ਸੈੱਸ ਇੱਕਤਰ ਅਤੇ ਜਮ੍ਹਾਂ ਕਰਨ ਦੀ ਨਿਗਰਾਨੀ ਦੀ ਘਾਟ

ਪੰਜਾਬ ਵਿੱਚ ਗਊ ਸੈੱਸ ਪੰਜਾਬ ਗਊ ਹੱਤਿਆ ਪਾਬੰਦੀ ਐਕਟ, 1955 ਦੀ ਧਾਰਾ 7 ਦੇ ਅਧੀਨ ਲਗਾਇਆ ਗਿਆ ਸੀ ਜੋ ਕਿ ਲਾਭ ਰਹਿਤ ਦੇ ਕਮਜ਼ੋਰ ਗਊਆਂ ਦੀ ਦੇਖਭਾਲ ਅਤੇ ਰੱਖ-ਰਖਾਅ ਲਈ ਸੀ। ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਵਿਭਾਗ ਨੇ ਨਗਰ ਨਿਗਮਾਂ/ਕੌਂਸਲ ਪਟਿਆਲਾ, ਪਠਾਨਕੋਟ ਅਤੇ ਰੋਪੜ ਦੀਆਂ ਮਿਊਂਸਪਲ ਹੱਦਾਂ ਅੰਦਰ ਨਵੇਂ ਵਹੀਕਲਾਂ ਦੀ ਵਿਕਰੀ ਸਮੇਂ ਦੋ ਪਹੀਆਂ ਵਹੀਕਲਾਂ ਤੇ ₹ 200 ਅਤੇ ਚਾਰ ਪਹੀਆਂ ਵਹੀਕਲਾਂ 'ਤੇ ₹ 1,000 ਦੀ ਦਰ ਨਾਲ ਗਊ ਸੈੱਸ ਲਗਾਇਆ[99] ਹੈ। ਇਸ ਤੋਂ ਇਲਾਵਾ, ਸਥਾਨਕ ਸਰਕਾਰਾਂ ਨੇ ਨਗਰ ਨਿਗਮ, ਜਲੰਧਰ ਦੀ ਮਿਊਂਸਪਲ ਹੱਦਾਂ ਅੰਦਰ ਨਵੇਂ ਚਾਰ ਪਹੀਆਂ ਵਹੀਕਲਾਂ ਦੀ ਵਿਕਰੀ ਤੇ ₹ 1,000 ਦਾ ਗਊ ਸੈੱਸ ਲਗਾਇਆ[100]। ਇਨ੍ਹਾਂ ਅਧਿਸੂਚਨਾਵਾਂ ਅਨੁਸਾਰ ਸਬੰਧਤ ਆਰ ਟੀ ਓਜ਼ (ਪਹਿਲਾਂ ਜ਼ਿਲ੍ਹਾਂ ਟਰਾਂਸਪੋਰਟ ਅਧਿਕਾਰੀ) ਗਊ ਸੈੱਸ ਇਕੱਤਰ ਕਰਨ ਅਤੇ ਇਸ ਨੂੰ ਸਬੰਧਤ ਨਗਰ ਪਾਲਿਕਾ ਕੋਲ ਜਮ੍ਹਾਂ ਕਰਵਾਉਣ ਲਈ ਜ਼ਿੰਮੇਵਾਰ ਸਨ।

ਪੰਜਾਬ ਰਾਜ ਵਿੱਚ, ਵੈਧ ਵਪਾਰ ਸਰਟੀਫਿਕੇਟ ਵਾਲੇ ਮੋਟਰ ਵਹੀਕਲ ਡੀਲਰਾਂ ਨੂੰ ਵਹੀਕਲਾਂ ਦੇ ਖਰੀਦਦਾਰ ਤੋਂ ਕਰ ਅਤੇ ਫੀਸ ਦੀ ਇਕੱਤਰ ਕਰਨ ਅਤੇ ਨਵੇਂ ਵਹੀਕਲਾਂ ਦੀ ਰਜਿਸਟ੍ਰੇਸ਼ਨ ਦੌਰਾਨ ਖਜ਼ਾਨੇ ਵਿੱਚ ਜਮ੍ਹਾਂ ਕਰਨ ਲਈ ਅਧਿਕਾਰਤ[101] ਕੀਤਾ ਗਿਆ ਹੈ।

ਆਰ ਟੀ ਓਜ਼ ਜਲੰਧਰ, ਪਟਿਆਲਾ ਅਤੇ ਰੋਪੜ ਦੇ ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ (ਜੁਲਾਈ ਤੋਂ ਨਵੰਬਰ 2024) ਕਿ ਵਿਭਾਗ ਵਿੱਚ ਇਹ ਯਕੀਨੀ ਬਣਾਉਣ ਲਈ ਕੋਈ ਨਿਗਰਾਨੀ ਵਿਧੀ ਨਹੀਂ ਹੈ ਕਿ ਨਵੇਂ ਵਹੀਕਲਾਂ ਦੀ ਵਿਕਰੀ ਦੌਰਾਨ ਮੋਟਰ ਵਹੀਕਲ ਡੀਲਰਾਂ ਦੁਆਰਾ ਗਊ ਸੈੱਸ ਇਕੱਤਰ ਕੀਤੀ ਜਾ ਰਹੀ ਹੈ ਅਤੇ ਸਬੰਧਤ ਨਗਰ ਪਾਲਿਕਾਵਾਂ ਕੋਲ ਜਮ੍ਹਾਂ ਕਰਵਾਇਆ ਜਾ ਰਿਹਾ ਹੈ।

ਧਿਆਨ ਵਿੱਚ ਲਿਆਂਦੇ ਜਾਣ ਤੇ ਵਿਭਾਗ ਨੇ ਕਿਹਾ (ਅਪ੍ਰੈਲ 2025) ਕਿ ਇਹ ਮਾਮਲਾ ਪਹਿਲਾਂ ਹੀ ਡਾਇਰੈਕਟਰ, ਸਥਾਨਕ ਸਰਕਾਰਾਂ, ਪੰਜਾਬ ਅਤੇ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਕੋਲ ਵਾਹਨ ਪੋਰਟਲ ਰਾਹੀਂ ਗਊ ਸੈੱਸ ਇਕੱਤਰ ਕਰਨ ਲਈ ਉਠਾਇਆ ਜਾ ਚੁੱਕਾ ਹੈ। ਇਸ ਤੋਂ ਇਲਾਵਾ, ਆਰ ਟੀ ਓਜ਼ ਨੂੰ ਗਊ ਸੈੱਸ ਦੀ ਰਾਸ਼ੀ ਵਸੂਲਣ ਦੇ ਨਿਰਦੇਸ਼ ਦਿੱਤੇ ਗਏ ਹਨ।

---

99 **ਨਗਰ ਨਿਗਮ, ਪਟਿਆਲਾ** ਅਧਿਸੂਚਨਾ ਨੰਬਰ 14/118/14-5ਐਸ ਐਸ1/1399 ਮਿਤੀ 25 ਅਕਤੂਬਰ 2016 ਰਾਹੀਂ
**ਨਗਰ ਕੌਂਸਲ, ਰੋਪੜ** ਅਧਿਸੂਚਨਾ ਨੰਬਰ 16/41/2019-4ਐਸ ਐਸ 3/286 ਮਿਤੀ 27 ਜਨਵਰੀ 2020 ਰਾਹੀਂ
**ਨਗਰ ਨਿਗਮ, ਪਠਾਨਕੋਟ** ਅਧਿਸੂਚਨਾ ਨੰਬਰ 14/118/14-5ਐਸ ਐਸ1/607 ਮਿਤੀ 15 ਜੂਨ 2016 ਰਾਹੀਂ

100 ਅਧਿਸੂਚਨਾ ਨੰਬਰ 14/118/14- 5 ਐਸ ਐਸ 1/613 ਮਿਤੀ 15 ਜੂਨ 2016

101 ਅਧਿਸੂਚਨਾ ਨੰਬਰ 10/14/2022-1ਟੀ2/705 ਮਿਤੀ 12 ਜੁਲਾਈ 2022

### 2.7.4.4 ਲਾਗੂਕਰਨ ਗਤੀਵਿਧੀਆਂ ਵਿੱਚ ਕਮੀਆਂ

ਪ੍ਰਭਾਵਸ਼ਾਲੀ ਲਾਗੂਕਰਨ ਵਾਲੀਆਂ ਗਤੀਵਿਧੀਆਂ ਮੋਟਰ ਵਹੀਕਲ ਉਪਬੰਧਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਰੋਕਥਾਮ ਵਜੋਂ ਕੰਮ ਕਰਦੀਆਂ ਹਨ ਅਤੇ ਪੰਜਾਬ ਰਾਜ ਵਿੱਚ ਰਿਜ਼ਨਲ ਟਰਾਂਸਪੋਰਟ ਅਥਾਰਟੀਆਂ (ਆਰ ਟੀ ਏਜ਼) ਮੋਟਰ ਵਹੀਕਲ ਐਕਟਾਂ ਦੀਆਂ ਵੱਖ-ਵੱਖ ਧਾਰਾਵਾਂ ਨੂੰ ਲਾਗੂਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਸ ਲੇਖਾ ਪ੍ਰੀਖਿਆ ਦੌਰਾਨ ਵਿਭਾਗ ਦੀਆਂ ਲਾਗੂਕਰਨ ਗਤੀਵਿਧੀਆਂ ਵਿੱਚ ਬੇਨਿਯਮੀਆਂ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ।

***[ੳ] ਵਹੀਕਲਾਂ ਦੀ ਓਵਰਲੋਡਿੰਗ ਵਿਰੁੱਧ ਚਲਾਨ:*** ਸੜਕ ਸੁਰੱਖਿਆ ਬਾਰੇ ਸੁਪਰੀਮ ਕੋਰਟ ਦੀ ਕਮੇਟੀ ਨੇ ਰਾਜਾਂ ਨੂੰ ਵਹੀਕਲਾਂ ਦੀ ਲੋਡਿੰਗ ਸੀਮਾ ਦੀ ਉਲੰਘਣਾ ਕਰਨ ਲਈ ਘੱਟੋਂ-ਘੱਟ ਤਿੰਨ ਮਹੀਨਿਆਂ ਲਈ ਡਰਾਈਵਰ ਦਾ ਲਾਇਸੈਂਸ ਮੁਅੱਤਲ ਕਰਨ ਦਾ ਨਿਰਦੇਸ਼ ਜਾਰੀ ਕੀਤਾ। ਪੰਜਾਬ ਸਰਕਾਰ ਨੇ ਜੁਲਾਈ 2022 ਵਿੱਚ ਇੱਕ ਅਧਿਸੂਚਨਾ ਵੀ ਜਾਰੀ ਕੀਤਾ ਸੀ ਜਿਸ ਵਿੱਚ ਜੁਰਮਾਨਾ ਵਸੂਲਣ ਤੋਂ ਇਲਾਵਾ ਵਹੀਕਲ ਦੀ ਓਵਰਲੋਡਿੰਗ ਦੇ ਮਾਮਲੇ ਵਿੱਚ ਡਰਾਈਵਰ ਦਾ ਲਾਇਸੈਂਸ ਤਿੰਨ ਮਹੀਨਿਆਂ ਲਈ ਮੁਅੱਤਲ ਕਰਨ ਲਈ ਕਿਹਾ ਗਿਆ।

ਪਟਿਆਲਾ ਅਤੇ ਜਲੰਧਰ ਰਿਜ਼ਨਲ ਟਰਾਂਸਪੋਰਟ ਅਥਾਰਟੀਆਂ ਵਿੱਚ ਸਾਲ 2019-20 ਤੋਂ 2023-24[102] ਦੌਰਾਨ ਵਹੀਕਲਾਂ ਦੀ ਓਵਰਲੋਡਿੰਗ ਵਿਰੁੱਧ 127 ਚਲਾਨ ਜਾਰੀ ਕੀਤੇ ਗਏ ਸਨ। ਇਨ੍ਹਾਂ ਮਾਮਲਿਆਂ ਵਿੱਚ ਸਬੰਧਤ ਡਰਾਈਵਰ ਲਾਇਸੈਂਸ ਮੁਅੱਤਲ ਕਰਨ ਦਾ ਕੋਈ ਰਿਕਾਰਡ ਨਹੀਂ ਸੀ। ਇਹ ਵੀ ਦੇਖਿਆ ਗਿਆ ਕਿ 69 ਚਲਾਨਾ ਵਿੱਚ ਓਵਰਲੋਡ ਦੀ ਮਾਤਰਾ ਦਾ ਜ਼ਿਕਰ ਨਹੀਂ ਕੀਤਾ ਗਿਆ ਅਤੇ 58 ਚਲਾਨਾਂ ਦੇ ਮਾਮਲੇ, ਓਵਰਲੋਡ ਦੀ ਮਾਤਰਾ ਦਾ ਜ਼ਿਕਰ ਕੀਤਾ ਗਿਆ ਸੀ ਪਰ ਵਜ਼ਨ ਸਲਿੱਪ ਰਿਕਾਰਡ ਤੇ ਉਪਲਬਧ ਨਹੀਂ ਸੀ।

***[ਅ] ਵਹੀਕਲਾਂ ਦੀ ਤੇਜ਼ ਰਫਤਾਰ ਵਿਰੁੱਧ ਚਲਾਨ:*** ਸੜਕ ਸੁਰੱਖਿਆ ਬਾਰੇ ਸੁਪਰੀਮ ਕੋਰਟ ਦੀ ਕਮੇਟੀ ਨੇ ਰਾਜਾਂ ਨੂੰ ਨਿਰਧਾਰਤ ਗਤੀ ਸੀਮਾ ਦੀ ਉਲੰਘਣਾ ਕਰਨ ਲਈ ਘੱਟੋ ਘੱਟ ਤਿੰਨ ਮਹੀਨਿਆਂ ਲਈ ਡਰਾਈਵਰ ਦਾ ਲਾਇਸੈਂਸ ਮੁਅੱਤਲ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਪੰਜਾਬ ਸਰਕਾਰ ਨੇ ਜੁਲਾਈ 2022 ਵਿੱਚ ਇੱਕ ਅਧਿਸੂਚਨਾ ਵੀ ਜਾਰੀ ਕੀਤਾ ਸੀ ਜਿਸ ਵਿੱਚ ਵਹੀਕਲ ਦੀ ਜਿਆਦਾ ਤੇਜ਼ ਰਫਤਾਰ ਦੇ ਮਾਮਲੇ ਵਿੱਚ ਡਰਾਈਵਰ ਦਾ ਲਾਇਸੈਂਸ ਨੂੰ ਤਿੰਨ ਮਹੀਨਿਆਂ ਲਈ ਮੁਅੱਤਲ ਕਰਨ ਤੋਂ ਇਲਾਵਾ ਜੁਰਮਾਨਾ ਵੀ ਲਗਾਇਆ ਗਿਆ ਸੀ।

ਦੋ[103] ਮਾਮਲਿਆਂ ਵਿੱਚ, ਜਿੱਥੇ ਰਿਜ਼ਨਲ ਟਰਾਂਸਪੋਰਟ ਅਥਾਰਟੀ ਪਟਿਆਲਾ ਅਤੇ ਜਲੰਧਰ ਵੱਲੋਂ ਕ੍ਰਮਵਾਰ ਅਕਤੂਬਰ 2023 ਅਤੇ ਦਸੰਬਰ 2019 ਵਿੱਚ ਵਹੀਕਲਾਂ ਦੀ ਜਿਆਦਾ ਤੇਜ਼ ਰਫਤਾਰ ਵਿਰੁੱਧ ਚਲਾਨ ਜਾਰੀ ਕੀਤੇ ਗਏ ਸਨ, ਉੱਥੇ ਡਰਾਇਵਰ ਦਾ ਲਾਇਸੈਂਸ ਮੁਅੱਤਲ ਕਰਨ ਦਾ ਕੋਈ ਰਿਕਾਰਡ ਨਹੀਂ ਸੀ।

---

102 ਆਰ ਟੀ ਏ ਪਟਿਆਲਾ ਦੇ ਸਬੰਧ ਵਿੱਚ 27 ਅਕਤੂਬਰ 2023 ਤੋਂ 31 ਮਾਰਚ 2024 ਤੱਕ ਦੀ ਮਿਆਦ ਨੂੰ ਛੱਡ ਕੇ, ਕਿਉਂਕਿ ਇਸ ਮਿਆਦ ਲਈ ਚਲਾਨ ਰਿਕਾਰਡ ਲੇਖਾ ਪ੍ਰੀਖਿਆ ਲਈ ਪੇਸ਼ ਨਹੀਂ ਕੀਤੇ ਗਏ ਸਨ।

103 ਆਰ ਟੀ ਏ ਜਲੰਧਰ: ਚਲਾਨ ਨੰਬਰ 282202 ਮਿਤੀ 5 ਦਸੰਬਰ 2019 ਅਤੇ ਆਰ ਟੀ ਏ ਪਟਿਆਲਾ: ਚਲਾਨ ਨੰਬਰ 391871 ਮਿਤੀ 13 ਅਕਤੂਬਰ 2023

***[ਈ] ਫੁਟਕਲ ਮੁੱਦੇ:*** ਲਾਗੂ ਕਰਨ ਵਾਲੇ ਚਲਾਨਾਂ ਵਿੱਚ ਦੇਖੇ ਗਏ ਫੁਟਕਲ ਮੁੱਦਿਆਂ ਦਾ ਜ਼ਿਕਰ ਹੇਠਾਂ ਕੀਤਾ ਗਿਆ ਹੈ।

- ਆਰ ਟੀ ਏ ਪਟਿਆਲਾ ਵਿੱਚ, ਫਰਵਰੀ 2020 ਦੀ ਚਲਾਨ ਬੁੱਕ ਦੇ ਸੀਰੀਅਲ ਨੰਬਰ 236157 ਦਾ ਚਲਾਨ ਗਾਇਬ ਸੀ।
- ਆਰ ਟੀ ਏ ਪਟਿਆਲਾ ਵਿੱਚ, ਅਕਤੂਬਰ 2023 ਦੀ ਚਲਾਨ ਬੁੱਕ ਦੇ ਸੀਰੀਅਲ ਨੰਬਰ 391897 ਤੇ ਚਲਾਨ ਵਿੱਚ ਚਲਾਨ ਜਾਰੀ ਕਰਨ ਦੀ ਮਿਤੀ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ।
- 597 ਚਲਾਨਾਂ[104] ਵਿੱਚ, ਜਾਰੀ ਕਰਨ ਦੇ ਸਮੇਂ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ।
- 28 ਚਲਾਨਾਂ[105] ਵਿੱਚ, ਜਾਰੀ ਕਰਨ ਦੀ ਜਗ੍ਹਾ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ।
- 411 ਚਲਾਨਾਂ[106] ਵਿੱਚ, ਵਹੀਕਲਾਂ ਨੂੰ ਡਿਟੈਂਨਸ਼ਨ ਦੀ ਜਗ੍ਹਾ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ ਜਿਵੇਂ ਕਿ ਨੇੜਲੇ ਪੁਲਿਸ ਸਟੇਸ਼ਨ ਜਾਂ ਸਰਕਾਰੀ ਵਿਭਾਗ ਦੇ ਅਹਾਤੇ ਵਿੱਚ।
- 173 ਇਨਫੋਰਸਮੈਂਟ ਚਲਾਨਾਂ[107] ਵਿੱਚ, ਕੰਪਾਊਡਿੰਗ ਫੀਸ ਦੀ ਰਾਸ਼ੀ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ ਸਰਕਾਰ ਜਾਂ ਵਿਭਾਗ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ।

### 2.7.4.5 ਆਫਿਸ਼ਿਅਲ ਈ-ਗਜ਼ਟ ਵਿੱਚ ਅਧਿਸੂਚਨਾਵਾਂ ਦੇ ਪ੍ਰਕਾਸ਼ਨ ਵਿੱਚ ਦੇਰੀ

ਰਾਜ ਸਰਕਾਰ ਦੁਆਰਾ ਪ੍ਰਕਾਸ਼ੀਤ ਗਜ਼ਟ ਰਾਜ ਦਾ ਕਾਨੂੰਨੀ ਅਖਬਾਰ ਹੁੰਦਾ ਹੈ ਜੋ ਰਾਜ ਸਰਕਾਰ ਦੇ ਫੈਸਲਿਆਂ ਬਾਰੇ ਜਾਣਕਾਰੀ ਲੋਕਾਂ ਤੱਕ ਪਹੁੰਚਾਉਂਦਾ ਹੈ।

ਸਾਲ 2019-20 ਤੋਂ 2020-24 ਦੌਰਾਨ ਟਰਾਂਸਪੋਰਟ ਵਿਭਾਗ ਨੇ ਸਰਕਾਰੀ ਵੈੱਬ ਪੋਰਟਲ 'ਤੇ 65 ਅਧਿਸੂਚਨਾਵਾਂ/ਆਰਡਰਜ਼ ਅਪਲੋਡ ਕੀਤੇ, ਜਿਨ੍ਹਾ ਵਿੱਚ ਮੋਟਰ ਵਹੀਕਲ ਕਰ ਲਗਾਉਣ, ਰੂਟ ਬਣਾਉਣ, ਪ੍ਰਸ਼ਾਸਨਿਕ ਅਤੇ ਰੈਗੂਲੇਟਰੀ ਮਾਮਲੇ, ਵਹੀਕਲਾਂ ਦੀ ਰਜਿਸਟ੍ਰੇਸ਼ਨ ਅਤੇ ਸਕ੍ਰੈਪਿੰਗ, ਆਦਿ ਬਾਰੇ ਵੱਖ-ਵੱਖ ਮਾਮਲੇ ਸ਼ਾਮਲ ਹਨ। ਇਨ੍ਹਾਂ ਅਧਿਸੂਚਨਾਵਾਂ ਦੀ ਲੇਖਾ ਪ੍ਰੀਖਿਆ ਪੜਤਾਲ (ਅਕਤੂਬਰ 2024) ਨੇ ਆਫਿਸ਼ਿਅਲ ਈ-ਗਜ਼ਟ ਵਿੱਚ ਅਧਿਸੂਚਨਾਵਾਂ ਦੇ ਪ੍ਰਕਾਸ਼ਨ ਵਿੱਚ ਦੇਰੀ ਅਤੇ ਕਮੀਆਂ ਦਾ ਖੁਲਾਸਾ ਕੀਤਾ।

- ਪ੍ਰਸ਼ਾਸਕੀ ਸਕੱਤਰ ਦੁਆਰਾ ਦਸਤਖਤ ਕਰਨ ਤੋਂ ਬਾਅਦ ਵੱਧ ਤੋਂ ਵੱਧ 34 ਦਿਨਾਂ ਨਾਲ, ਔਸਤਨ 4 ਦਿਨਾਂ ਦੀ ਦੇਰੀ ਨਾਲ 50 ਅਧਿਸੂਚਨਾਵਾਂ ਜਾਰੀ ਕੀਤੀਆਂ ਗਈਆਂ ਸਨ। ਦੇਰੀ ਨੂੰ **ਸਾਰਣੀ** 2.7 ਵਿੱਚ ਦਰਸਾਇਆ ਗਿਆ ਹੈ।

104 ਜਲੰਧਰ: 245, ਪਟਿਆਲਾ: 352
105 ਜਲੰਧਰ: 16, ਪਟਿਆਲਾ: 12
106 ਜਲੰਧਰ: 177, ਪਟਿਆਲਾ: 234
107 ਜਲੰਧਰ: 79, ਪਟਿਆਲਾ: 94

**ਸਾਰਣੀ 2.7: ਅਧਿਸੂਚਨਾਵਾਂ ਜਾਰੀ ਕਰਨ ਵਿੱਚ ਦੇਰੀ**

| ਦੇਰੀ ਦੀ ਰੇਂਜ | ਅਧਿਸੂਚਨਾਵਾਂ ਦੀ ਸੰਖਿਆ |
|---|---|
| 7 ਦਿਨਾਂ ਦੀ ਤੱਕ | 36 |
| 7 ਦਿਨਾਂ ਤੋਂ ਵੱਧ ਅਤੇ 14 ਦਿਨਾਂ ਤੱਕ | 13 |
| 14 ਦਿਨਾਂ ਤੋਂ ਵੱਧ | 1 |

- ਜਾਰੀ ਹੋਣ ਦੀ ਮਿਤੀ ਤੋਂ ਬਾਅਦ ਆਫਿਸ਼ਿਅਲ ਈ-ਗਜ਼ਟ ਵਿੱਚ ਵੱਧ ਤੋਂ ਵੱਧ 568 ਦਿਨਾਂ ਨਾਲ ਔਸਤਨ 95 ਦਿਨਾਂ ਦੀ ਦੇਰੀ ਨਾਲ 59 ਅਧਿਸੂਚਨਾਵਾਂ ਪ੍ਰਕਾਸ਼ਿਤ ਹੋਈਆਂ ਸਨ। ਦੇਰੀ ਨੂੰ **ਸਾਰਣੀ** 2.8 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.8: ਈ-ਗਜ਼ਟ ਵਿੱਚ ਅਧਿਸੂਚਨਾਵਾਂ ਦੇ ਪ੍ਰਕਾਸ਼ਨ ਵਿੱਚ ਦੇਰੀ**

| ਦੇਰੀ ਦੀ ਰੇਂਜ | ਅਧਿਸੂਚਨਾਵਾਂ ਦੀ ਸੰਖਿਆ |
|---|---|
| 6 ਮਹੀਨਿਆਂ ਤੱਕ | 49 |
| 6 ਮਹੀਨਿਆਂ ਤੋਂ ਵੱਧ ਅਤੇ 1 ਸਾਲ ਤੱਕ | 3 |
| 1 ਸਾਲ ਤੋਂ ਵੱਧ | 7 |

- 'ਰਜਿਸਟਰਡ ਵਹੀਕਲਾਂ ਦੀ ਸਕ੍ਰੈਪਿੰਗ ਸੁਵਿਧਾ ਤੇ ਸਕ੍ਰੈਪ ਕੀਤੇ ਗਏ ਪੁਰਾਣੇ ਵਹੀਕਲਾਂ ਤੇ ਮੋਟਰ ਵਹੀਕਲ ਕਰ ਤੇ ਵਿਆਜ ਅਤੇ ਜੁਰਮਾਨੇ ਦੀ ਇੱਕ ਵਾਰ ਛੋਟ' ਬਾਰੇ ਅਧਿਸੂਚਨਾ 28 ਜੂਨ 2023 ਨੂੰ ਇੱਕ ਸਾਲ ਦੀ ਵੈਧਤਾ ਦੇ ਨਾਲ ਜਾਰੀ[108] ਕੀਤਾ ਗਿਆ ਸੀ, ਪਰ ਇਸ ਦੀ ਵੈਧਤਾ ਮਿਆਦ ਖਤਮ ਹੋਣ ਤੋਂ ਬਾਅਦ 12 ਜੁਲਾਈ 2024 ਨੂੰ ਆਫਿਸ਼ਿਅਲ ਈ-ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਗਿਆ ਸੀ।
- 47 ਅਧਿਸੂਚਨਾਵਾਂ ਵਿੱਚ, ਅਧਿਸੂਚਨਾ ਲਾਗੂ ਕਰਨ ਦੀ ਮਿਤੀ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ, ਜਦੋਂ ਕਿ ਇਹ ਲੋੜੀਂਦਾ ਹੈ ਕਿ ਜਿਸ ਮਿਤੀ ਤੋਂ ਅਧਿਸੂਚਨਾ ਪ੍ਰਭਾਵੀ ਹੁੰਦਾ ਹੈ, ਉਸ ਮਿਤੀ ਦਾ ਵਿਸ਼ੇਸ਼ ਤੌਰ ਤੇ ਅਧਿਸੂਚਨਾ ਵਿੱਚ ਹੀ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਗੈਰ-ਜ਼ਰੂਰੀ ਮੁਕੱਦਮੇਬਾਜ਼ੀ ਤੋਂ ਬਚਿਆ ਜਾ ਸਕੇ।

ਦੇਰੀ ਅਤੇ ਵਿਸੰਗਤੀਆਂ ਨਾਲ ਅਧਿਸੂਚਨਾਵਾਂ/ਆਰਡਰਜ਼ ਦਾ ਪ੍ਰਕਾਸ਼ਨ ਵਿਭਾਗ ਵਿੱਚ ਕਮਜ਼ੋਰ ਅੰਦਰੂਨੀ ਨਿਯੰਤਰਣ ਦਾ ਸੰਕੇਤ ਸੀ।

ਧਿਆਨ ਵਿੱਚ ਲਿਆਂਦੇ ਜਾਣੇ 'ਤੇ, ਵਿਭਾਗ ਨੇ ਜਵਾਬ ਦਿੱਤਾ (ਅਪ੍ਰੈਲ 2025) ਕਿ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਭਵਿੱਖ ਵਿੱਚ ਪਾਲਣਾ ਲਈ ਨੋਟ ਕੀਤਾ ਗਿਆ ਹੈ।

### 2.7.4.6 ਪ੍ਰਦੂਸ਼ਣ ਕੰਟਰੋਲ ਅਧੀਨ ਸਰਟੀਫਿਕੇਟਾਂ ਦੀ ਲਾਗੂ ਵੈਧਤਾ ਨੂੰ ਯਕੀਨੀ ਬਣਾਉਣ ਲਈ ਵਾਹਨ ਵਿੱਚ ਨਿਯੰਤਰਣ ਕਮੀਆਂ

ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ, 1989 ਦੇ ਨਿਯਮ 115(7) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਮੋਟਰ ਵਹੀਕਲ ਨੂੰ ਪਹਿਲੀ ਵਾਰ ਰਜਿਸਟਰ ਕਰਨ ਦੀ ਮਿਤੀ ਤੋਂ ਇੱਕ ਸਾਲ ਦੀ ਮਿਆਦ ਖਤਮ ਹੋਣ ਤੋਂ ਬਾਅਦ, ਹਰੇਕ ਵਹੀਕਲ ਕੋਲ ਰਾਜ ਸਰਕਾਰ ਦੁਆਰਾ ਇਸ ਉਦੇਸ਼ ਲਈ ਅਧਿਕਾਰਤ ਏਜੰਸੀ

[108] ਅਧਿਸੂਚਨਾ ਨੰਬਰ 3/2/2023-2ਟੀ 2/1119 ਮਿਤੀ 28 ਜੂਨ 2023

ਦੁਆਰਾ ਜਾਰੀ ਕੀਤਾ ਗਿਆ ਵੈਧ 'ਪ੍ਰਦੂਸ਼ਣ ਕੰਟਰੋਲ ਅਧੀਨ ਸਰਟੀਫਿਕੇਟ' ਹੋਣਾ ਲਾਜ਼ਮੀ ਹੈ। ਸਰਟੀਫਿਕੇਟ ਦੀ ਵੈਧਤਾ ਛੇ ਮਹੀਨਿਆਂ ਲਈ ਹੋਵੇਗੀ। ਹਾਲਾਂਕਿ, ਇਸ ਨਿਯਮ ਦੇ ਪ੍ਰਾਵਧਾਨ ਦੇ ਅਨੁਸਾਰ, ਭਾਰਤ ਸਟੇਜ-IV ਜਾਂ ਭਾਰਤ ਸਟੇਜ-VI ਨਿਯਮਾਂ ਅਨੁਸਾਰ ਨਿਰਮਿਤ ਵਹੀਕਲਾਂ ਲਈ ਸਰਟੀਫਿਕੇਟ ਦੀ ਵੈਧਤਾ ਬਾਰਾਂ ਮਹੀਨਿਆਂ ਦੀ ਹੋਵੇਗੀ।

ਲੇਖਾ ਪ੍ਰੀਖਿਆ ਨੇ ਸਾਲ 2023-24 ਲਈ ਵਾਹਨ ਪੋਰਟਲ ਤੋਂ ਤਿਆਰ ਕੀਤੀ ਗਈ 'ਪੀ ਯੂ ਸੀ ਸਰਟੀਫਿਕੇਟ ਰਿਪੋਰਟ' ਵਿੱਚੋ 150 ਵਹੀਕਲਾਂ ਦੇ ਨਮੂਨੇ ਚੁਣੇ ਅਤੇ 'ਮੋਟਰ ਵਹੀਕਲ ਰਜਿਸਟਰ' ਤੋਂ ਸਬੰਧਤ ਵਹੀਕਲਾਂ ਦੇ ਵੇਰਵਿਆਂ ਦੀ ਜਾਂਚ ਕੀਤੀ। ਲੇਖਾ ਪ੍ਰੀਖਿਆ ਵਿਸ਼ਲੇਸ਼ਣ (ਅਗਸਤ 2024 ਤੋਂ ਫਰਵਰੀ 2025) ਤੋਂ ਪਤਾ ਲੱਗਿਆ ਹੈ ਕਿ, ਭਾਰਤ ਸਟੇਜ-IV/ਭਾਰਤ ਸਟੇਜ-VI ਨਾਲ ਸਬੰਧਤ 43 ਵਹੀਕਲਾਂ ਨੂੰ ਜਾਰੀ ਕੀਤੇ ਗਏ ਪ੍ਰਦੂਸ਼ਣ ਕੰਟਰੋਲ ਅਧੀਨ ਸਰਟੀਫਿਕੇਟ ਦੀ ਵੈਧਤਾ 12 ਮਹੀਨਿਆਂ ਦੀ ਨਿਰਧਾਰਤ ਮਿਆਦ ਦੀ ਬਜਾਏ ਛੇ ਮਹੀਨੇ ਸੀ। ਇਨ੍ਹਾਂ ਵਿੱਚੋ, 23 ਵਹੀਕਲ[109] ਭਾਰਤ ਸਟੇਜ-IV ਦੇ ਨਿਯਮਾਂ ਅਨੁਸਾਰ ਅਤੇ 20 ਵਹੀਕਲ[110] ਭਾਰਤ ਸਟੇਜ-VI ਦੇ ਨਿਯਮਾਂ ਅਨੁਸਾਰ ਬਣਾਏ ਗਏ ਸਨ। ਇਹ ਦਰਸਾਉਂਦਾ ਹੈ ਕਿ ਨਿਯਮਾਂ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਵਾਹਨ ਪ੍ਰਣਾਲੀ ਵਿੱਚ ਨਿਯੰਤਰਣ ਦੀਆਂ ਕਮੀਆਂ ਸਨ।

ਧਿਆਨ ਵਿੱਚ ਲਿਆਂਦੇ ਜਾਣ ਤੇ, ਵਿਭਾਗ ਨੇ ਕਿਹਾ (ਅਪ੍ਰੈਲ 2025) ਕਿ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਨੂੰ ਸੈਂਟਰਲ ਮੋਟਰ ਵਹੀਕਲਜ਼ ਨਿਯਮਾਂ ਦੇ ਨਿਯਮ 115(7) ਦੇ ਉਪਬੰਧਾਂ ਅਨੁਸਾਰ ਵਾਹਨ ਸਾਫਟਵੇਅਰ ਵਿੱਚ ਲੋੜੀਂਦੀ ਵਿਵਸਥਾ ਕਰਨ ਦੀ ਬੇਨਤੀ ਕੀਤੀ ਗਈ ਹੈ।

## 2.8 ਸਿੱਟਾ

ਲੇਖਾ ਪ੍ਰੀਖਿਆ ਨੇ ਪ੍ਰਮਾਣਿਕਤਾ ਜਾਂਚਾਂ ਵਿੱਚ ਕਮੀਆਂ ਹੋਣ ਕਾਰਨ ਵਾਹਨ ਪ੍ਰਣਾਲੀ ਵਿੱਚ ਤਰੁੱਟੀਆਂ ਨੂੰ ਸਾਹਮਣੇ ਲਿਆਂਦਾ। ਇਹ ਦੇਖਿਆ ਗਿਆ ਕਿ ਵਾਹਨ ਪ੍ਰਣਾਲੀ ਵਿੱਚ ਉਚਿਤ ਪ੍ਰਮਾਣਿਕਤਾ ਜਾਂਚ ਸ਼ੁਰੂ ਕਰਨ ਨਾਲ ਮੋਟਰ ਵਹੀਕਲ ਨਿਯਮਾਂ ਦੀ ਪਾਲਣਾ ਨਾ ਕਰਨ ਤੋਂ ਬਚਿਆ ਜਾ ਸਕਦਾ ਸੀ, ਜਿਵੇਂ ਕਿ ਡੁਪਲੀਕੇਟ ਵਹੀਕਲ ਚੈਸੀ ਅਤੇ ਇੰਜਣ ਨੰਬਰਾਂ ਨਾਲ ਵਹੀਕਲ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨਾ, ਮੋਟਰ ਵਹੀਕਲ ਕਰ ਦੇ ਬਕਾਏ ਦਾ ਭੁਗਤਾਨ ਕੀਤੇ ਬਿਨਾਂ ਵਹੀਕਲਾਂ ਦੀ ਆਵਾਜਾਈ ਲਈ ਫ਼ਿਟਨੈੱਸ ਦਾ ਸਰਟੀਫਿਕੇਟ ਜਾਰੀ ਕਰਨਾ, ਵਹੀਕਲਾਂ ਦੀ ਮਨਜ਼ੂਰਸ਼ੁਦਾ ਮਿਆਦ ਤੋਂ ਵੱਧ ਦੀ ਆਵਾਜਾਈ ਲਈ ਨਵਾਂ ਪਰਮਿਟ ਜਾਰੀ ਕਰਨਾ ਜਾਂ ਨਵਿਆਉਣਾ, ਫ਼ਿਟਨੈੱਸ ਦੇ ਵੈਧ ਸਰਟੀਫਿਕੇਟ ਤੋਂ ਬਿਨਾਂ ਵਹੀਕਲਾਂ ਦੀ ਆਵਾਜਾਈ ਲਈ ਪਰਮਿਟ ਦਾ ਨਵਿਆਉਣਾ, ਪਸੰਦ ਦੇ ਰਜਿਸਟ੍ਰੇਸ਼ਨ ਨੰਬਰਾਂ ਤੇ ਥੋੜ੍ਹੀ ਫੀਸ ਵਸੂਲਣਾ ਅਤੇ ਭਾਰਤ-IV ਅਤੇ ਭਾਰਤ-VI ਵਹੀਕਲਾਂ ਦੇ ਮਾਮਲੇ ਵਿੱਚ ਲਾਗੂ 12 ਮਹੀਨਿਆਂ ਦੀ ਬਜਾਏ ਛੇ ਮਹੀਨਿਆਂ ਲਈ ਪ੍ਰਦੂਸ਼ਣ ਅੰਡਰ ਕੰਟਰੋਲ ਸਰਟੀਫਿਕੇਟ ਜਾਰੀ ਕਰਨਾ। ਇਸੇ ਤਰ੍ਹਾਂ, ਸਾਰਥੀ ਪ੍ਰਣਾਲੀ ਉਸ ਵਿਅਕਤੀ ਨੂੰ ਡਰਾਈਵਿੰਗ ਲਾਇਸੈਂਸ ਦੇਣ ਤੋਂ ਰੋਕਣ ਵਿੱਚ ਤਰੁੱਟੀਪੂਰਨ ਸੀ ਜਿਸ ਕੋਲ ਪਹਿਲਾਂ ਹੀ ਦੂਜਾ ਡਰਾਈਵਿੰਗ ਲਾਇਸੈਂਸ ਸੀ। ਇਨ੍ਹਾਂ ਮੁੱਦਿਆਂ ਤੇ ਸਰਕਾਰ

109 ਜਲੰਧਰ: 4, ਪਠਾਨਕੋਟ: 7, ਪਟਿਆਲਾ: 3, ਰੋਪੜ: 2 ਅਤੇ ਐਸ ਟੀ ਏ: 7

110 ਜਲੰਧਰ: 7, ਪਟਿਆਲਾ: 6, ਰੋਪੜ: 3 ਅਤੇ ਐਸ ਟੀ ਏ: 4

ਅਤੇ ਵਿਭਾਗ ਨੂੰ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਵਾਹਨ ਅਤੇ ਸਾਰਥੀ ਪ੍ਰਣਾਲੀ ਨੂੰ ਮੋਟਰ ਵਹੀਕਲ ਕਾਨੂੰਨਾਂ ਦੀਆਂ ਜ਼ਰੂਰਤਾਂ ਨੂੰ ਲਾਗੂ ਕਰਨ ਲਈ ਮਜ਼ਬੂਤ ਬਣਾਇਆ ਜਾ ਸਕੇ।

ਉਪਰੋਕਤ ਤੋਂ ਇਲਾਵਾ, ਵਹੀਕਲਾਂ ਦੇ ਮਾਲਕਾਂ ਦੁਆਰਾ ਪਾਲਣਾ ਨਾ ਕਰਨ ਦੇ ਮੁੱਦੇ ਵੇਖੇ ਗਏ ਸਨ। ਇਨ੍ਹਾਂ ਮੁੱਦਿਆਂ ਵਿੱਚ ਅਸਥਾਈ ਰਜਿਸਟ੍ਰੇਸ਼ਨ ਦੀ ਮਿਆਦ ਖਤਮ ਹੋਣ ਤੋਂ ਬਾਅਦ ਵਹੀਕਲ ਮਾਲਕਾਂ ਦੁਆਰਾ ਸਥਾਈ ਰਜਿਸਟ੍ਰੇਸ਼ਨ ਪ੍ਰਾਪਤ ਨਾ ਕਰਨਾ, ਟਰਾਂਸਪੋਰਟ ਵਹੀਕਲਾਂ ਲਈ ਫ਼ਿਟਨੈੱਸ ਸਰਟੀਫਿਕੇਟ ਨਾ ਨਵਿਆਉਣਾ, ਨਵੇ ਰਜਿਸਟਰਡ ਟਰਾਂਸਪੋਰਟ ਵਹੀਕਲਾਂ ਦੇ ਮਾਮਲੇ ਵਿੱਚ ਪਰਮਿਟ ਲਈ ਅਰਜ਼ੀ ਨਾ ਦੇਣਾ  ਅਤੇ ਪਰਮਿਟ ਨੂੰ ਨਾ ਨਵਿਆਉਣਾ ਸ਼ਾਮਲ ਹਨ। ਇਨ੍ਹਾਂ ਮੁੱਦਿਆਂ ਤੇ ਵਹੀਕਲਾਂ ਦੇ ਮਾਲਕਾਂ ਨੂੰ ਮੋਟਰ ਵਹੀਕਲ ਨਿਯਮਾਂ ਦੀ ਪਾਲਣਾ ਕਰਨ ਲਈ ਵਿਭਾਗ ਵੱਲੋਂ ਸਰਗਰਮ ਕਾਰਵਾਈ ਦੀ ਲੋੜ ਹੈ।

ਲੇਖਾ ਪ੍ਰੀਖਿਆ ਵਿੱਚ ਵਿਭਾਗ ਵੱਲੋਂ ਅਕੁਸ਼ਲਤਾਵਾਂ ਅਤੇ ਭੁੱਲਾਂ ਦੇਖੀਆਂ ਗਈਆਂ। ਇਨ੍ਹਾਂ ਮੁੱਦਿਆਂ ਵਿੱਚ ਵਹੀਕਲ ਰਜਿਸਟ੍ਰੇਸ਼ਨ ਜਾਰੀ ਕਰਨ ਵਿੱਚ ਦੇਰੀ, ਡਰਾਈਵਰ ਅਤੇ ਕੰਡਕਟਰ ਲਾਇਸੈਂਸਜ਼ ਦੀ ਪ੍ਰਕਿਰਿਆ ਵਿੱਚ ਵਿਸੰਗਤੀਆਂ, ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕਾਂ ਵਿੱਚ ਕਮੀਆਂ, ਮੋਟਰ ਵਹੀਕਲ ਡੀਲਰਾਂ ਅਤੇ ਡਰਾਈਵਿੰਗ ਸਕੂਲਾਂ ਦੀ ਨਿਗਰਾਨੀ ਨਾ ਕਰਨਾ ਸ਼ਾਮਲ ਹਨ।

## 2.9 ਸਿਫਾਰਸ਼ਾਂ

1. ਹੇਠ ਲਿਖੇ ਮੁੱਦਿਆਂ ਦੀ ਜਾਂਚ ਕਰਨ ਲਈ ਪ੍ਰਮਾਣਿਕਤਾ ਜਾਂਚਾਂ ਦੀ ਸ਼ੁਰੂਆਤ ਕਰਕੇ ਵਾਹਨ ਪ੍ਰਣਾਲੀ ਵਿੱਚ ਮੋਟਰ ਵਹੀਕਲ ਨਿਯਮਾਂ ਦੀਆਂ ਜ਼ਰੂਰਤਾਂ ਨੂੰ ਸਥਾਈ ਰੂਪ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

    ੳ. ਵਹੀਕਲ ਸਮਾਂ-ਸੀਮਾ ਦੀ ਮਨਜ਼ੂਰਸ਼ੁਦਾ ਮਿਆਦ ਤੋਂ ਵੱਧ ਟਰਾਂਸਪੋਰਟ ਵਹੀਕਲ ਲਈ ਪਰਮਿਟ ਦੇਣ ਤੋਂ ਰੋਕਣਾ।

    ਅ. ਫ਼ਿਟਨੈੱਸ ਦੇ ਯੋਗ ਸਰਟੀਫਿਕੇਟ ਤੋਂ ਬਿਨਾਂ ਟਰਾਂਸਪੋਰਟ ਵਹੀਕਲਾਂ ਦੇ ਪਰਮਿਟਾਂ ਦੇ ਨਵਿਆਉਣ ਨੂੰ ਰੋਕਣਾ।

    ੲ. ਪਸੰਦ ਦੇ ਰਜਿਸਟ੍ਰੇਸ਼ਨ ਨੰਬਰਾਂ ਦੇ ਮਾਮਲੇ ਵਿੱਚ ਬਿਨੈਕਾਰਾਂ ਦੁਆਰਾ ਫੀਸ ਦੇ ਘੱਟ ਭੁਗਤਾਨ ਨੂੰ ਰੋਕਣਾ।

    ਸ. ਭਾਰਤ-IV ਅਤੇ ਭਾਰਤ-VI ਵਹੀਕਲਾਂ ਤੇ ਲਾਗੂ ਵੈਧਤਾ ਵਾਲੇ ਪ੍ਰਦੂਸ਼ਣ ਕੰਟਰੋਲ ਅਧੀਨ ਸਰਟੀਫਿਕੇਟ ਜਾਰੀ ਕਰਨਾ।

2. ਬਿਹਤਰ ਸੇਵਾ ਪ੍ਰਦਾਨ ਕਰਨ ਲਈ ਵਹੀਕਲ ਰਜਿਸਟ੍ਰੇਸ਼ਨ ਅਤੇ ਡਰਾਈਵਰ ਲਾਇਸੈਂਸਜ਼ ਦੀ ਪ੍ਰਕਿਰਿਆ ਨਿਰਧਾਰਤ ਸਮਾਂ-ਸੀਮਾ ਵਿੱਚ ਪੂਰੀ ਕਰਨਾ।

3. ਈ-ਰਿਕਸ਼ਾ, ਈ-ਕਾਰਟ, ਡੇਨਜ਼ਰੱਸ ਜਾਂ ਹੈਜ਼ਾਡਰੱਸ ਵਸਤਾਂ ਦੀ ਢੋਆ-ਢੁਆਈ ਦੇ ਡਰਾਈਵਰ ਲਾਇਸੈਂਸਜ਼ ਲਈ ਲੋੜੀਂਦੇ ਸਿਖਲਾਈ ਸਰਟੀਫਿਕੇਟ ਦੀ ਪਾਲਣਾ ਨੂੰ ਯਕੀਨੀ ਬਣਾਉਣਾ।

4. ਮੋਟਰ ਵਹੀਕਲ ਕਰਾਂ ਦੀ ਸਮੇਂ ਸਿਰ ਇਕੱਤਰ ਨੂੰ ਯਕੀਨੀ ਬਣਾਉਣ ਲਈ ਨਿਗਰਾਨੀ ਅਤੇ ਲਾਗੂ ਕਰਨ ਦੀ ਵਿਧੀ ਨੂੰ ਮਜ਼ਬੂਤ ਕਰਨਾ।

5. ਡਰਾਈਵਿੰਗ ਟੈਸਟਾਂ ਨੂੰ ਕੁਸ਼ਲਤਾ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕਾਂ ਨੂੰ ਲੋੜੀਂਦੀਆਂ ਤਕਨਾਲੋਜੀਆਂ ਨਾਲ ਲੈਸ ਕਰਨਾ।

# ਅਧਿਆਇ - III

## ਪਾਲਣਾ ਲੇਖਾ ਪ੍ਰੀਖਿਆ ਟਿੱਪਣੀਆਂ

(ਕਰ–ਰੈਵੀਨਿਊ ਵਿਭਾਗ)


# ਅਧਿਆਇ-III

## ਪਾਲਣਾ ਲੇਖਾ ਪ੍ਰੀਖਿਆ ਟਿੱਪਣੀਆਂ
## (ਕਰ-ਰੈਵੀਨਿਊ ਵਿਭਾਗ)

ਇਸ ਅਧਿਆਇ ਵਿੱਚ ਕਰ-ਰੈਵੀਨਿਊ ਵਿਭਾਗਾਂ ਅਧੀਨ 62 ਮਾਮਲਿਆਂ ਵਿੱਚ ਪਾਲਣਾ ਮੁੱਦਿਆਂ ਨੂੰ ਕਵਰ ਕਰਦੀਆਂ ₹ 8.88 ਕਰੋੜ ਦੇ ਵਿੱਤੀ ਪ੍ਰਭਾਵ ਵਾਲੀਆਂ 10 ਟਿੱਪਣੀਆਂ ਸ਼ਾਮਲ ਹਨ। ਵਿਭਾਗ ਨੇ 21 ਮਾਮਲਿਆਂ ਵਿੱਚ ₹ 3.18 ਕਰੋੜ ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਸਵੀਕਾਰ ਕੀਤਾ ਅਤੇ 11 ਮਾਮਲਿਆਂ ਵਿੱਚ ₹ 0.62 ਕਰੋੜ ਦੀ ਵਸੂਲੀ ਕੀਤੀ। ਅਥਾਰਟੀਆਂ ਵੱਲੋਂ ਦਿੱਤੇ ਗਏ ਜਵਾਬਾਂ ਨੂੰ ਸੰਬੰਧਿਤ ਟਿੱਪਣੀਆਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹਨਾਂ ਦੀ ਚਰਚਾ ਪੈਰ੍ਹੇ 3.1 ਤੋਂ 3.10 ਤੱਕ ਹੇਠ ਲਿਖੀਆਂ ਟਿੱਪਣੀਆਂ ਵਿੱਚ ਕੀਤੀ ਗਈ ਹੈ।

ਲੇਖਾ ਪ੍ਰੀਖਿਆ ਟਿੱਪਣੀਆਂ ਦੇ ਵੇਰਵੇ ਹੇਠਾਂ **ਚਾਰਟ** 3.1 ਵਿੱਚ ਪ੍ਰਦਾਨ ਕੀਤੇ ਗਏ ਹਨ:

**ਚਾਰਟ 3.1: ਲੇਖਾ ਪ੍ਰੀਖਿਆ ਟਿੱਪਣੀਆਂ ਦਾ ਸਾਰ**






ਇਸ ਅਧਿਆਇ ਵਿੱਚ **62** ਮਾਮਲਿਆਂ ਵਿੱਚ **₹ 8.88** ਕਰੋੜ ਦੀਆਂ **10** ਲੇਖਾ ਪ੍ਰੀਖਿਆ ਟਿੱਪਣੀਆਂ ਸ਼ਾਮਲ ਹਨ




ਵਿਭਾਗ ਨੇ **₹ 3.18** ਕਰੋੜ ਦੇ **21** ਮਾਮਲੇ ਸਵੀਕਾਰ ਕੀਤੇ




**11** ਮਾਮਲਿਆਂ ਵਿੱਚ **₹ 0.62** ਕਰੋੜ ਦੀਆਂ ਵਸੂਲੀਆਂ ਕੀਤੀਆਂ ਗਈਆਂ ਹਨ

# ਆਬਕਾਰੀ ਅਤੇ ਕਰ ਵਿਭਾਗ

## 3.1 ਵਿਆਜ ਨਾ ਲਗਾਉਣਾ

***ਰਾਜ ਕਰ ਦੇ ਚਾਰ ਸਹਾਇਕ ਕਮਿਸ਼ਨਰਾਂ ਦੀ ਅਗਵਾਈ ਹੇਠ ਨਿਰਧਾਰਣ ਅਥਾਰਟੀਆਂ ਨੇ ਕਨੂੰਨੀ ਘੋਸ਼ਣਾਵਾਂ ਜਮ੍ਹਾਂ ਨਾ ਕਰਵਾਉਣ ਕਾਰਨ ਛੇ ਨਿਰਧਾਰਣ ਮਾਮਲਿਆਂ ਵਿੱਚ ₹ 5.50 ਕਰੋੜ ਦੇ ਵਾਧੂ ਕਰ ਦੀ ਮੰਗ ਕੀਤੀ ਪਰ ₹ 2.16 ਕਰੋੜ ਦਾ ਵਿਆਜ ਨਹੀ ਲਗਾਇਆ।***

ਪੰਜਾਬ ਵੈਲਿਊ ਐਡਿਡ ਕਰ ਐਕਟ, 2005 ਦੀ ਧਾਰਾ 32(1) ਇਹ ਵਿਵਸਥਾ ਕਰਦੀ ਹੈ ਕਿ ਜੇਕਰ ਕੋਈ ਵਿਅਕਤੀ ਇਸ ਐਕਟ ਦੀਆਂ ਉਪਬੰਧਾਂ ਅਨੁਸਾਰ ਆਪਣੇ ਤੋਂ ਬਕਾਇਆ ਕਰ ਦੀ ਰਾਸ਼ੀ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਉਹ ਭੁਗਤਾਨ ਦੀ ਨਿਰਧਾਰਤ ਮਿਤੀ ਤੋਂ ਲੈ ਕੇ ਕਰ ਦੀ ਰਾਸ਼ੀ ਅਦਾ ਕਰਨ ਦੀ ਅਸਲ ਮਿਤੀ ਤੱਕ ਅੱਧਾ *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ ਨਾਲ ਕਰ ਦੀ ਰਾਸ਼ੀ ਤੇ ਸਧਾਰਨ ਵਿਆਜ ਅਦਾ ਕਰਨ ਲਈ ਜ਼ਿੰਮੇਵਾਰ ਹੋਵੇਗਾ। ਇਸ ਤੋਂ ਇਲਾਵਾ, ਕੇਂਦਰੀ ਵਿਕਰੀ ਕਰ ਐਕਟ, 1956 ਦੀ 9(2ਬੀ) ਇਹ ਵਿਵਸਥਾ ਕਰਦੀ ਹੈ ਕਿ ਕਰ ਦੇ ਭੁਗਤਾਨ ਦੀ ਨਿਰਧਾਰਤ ਮਿਤੀ, ਵਿਆਜ ਦੀ ਦਰ, ਕਰ ਦੇ ਦੇਰੀ ਨਾਲ ਭੁਗਤਾਨ ਕਰਨ ਲਈ ਵਿਆਜ ਨਿਰਧਾਰਣ ਅਤੇ ਉਗਰਾਹੀ ਕਰਨ ਨਾਲ ਸਬੰਧਤ ਹਰੇਕ ਰਾਜ ਦੇ ਵਿਕਰੀ ਕਰ ਕਨੂੰਨ ਦੀਆਂ ਸਾਰੀਆਂ ਉਪਬੰਧਾਂ, ਕੇਂਦਰੀ ਵਿਕਰੀ ਕਰ ਐਕਟ ਦੇ ਅਧੀਨ ਬਕਾਇਆ ਕਰ ਦੇ ਸਬੰਧ ਵਿੱਚ ਲਾਗੂ ਹੋਣਗੀਆਂ।

ਰਾਜ ਕਰ ਦੇ ਚਾਰ ਸਹਾਇਕ ਕਮਿਸ਼ਨਰਾਂ ਦੀ ਅਗਵਾਈ ਹੇਠ ਸਤੰਬਰ 2021 ਤੋਂ ਨਵੰਬਰ 2022 ਦੌਰਾਨ ਅੰਤਿਮ ਰੂਪ ਦਿੱਤੇ ਗਏ ਛੇ ਨਿਰਧਾਰਣ ਮਾਮਲਿਆਂ[1] ਦੀ ਲੇਖਾ ਪ੍ਰੀਖਿਆ ਪੜਤਾਲ (ਮਈ ਤੋਂ ਅਗਸਤ 2023) ਨੇ ਦਰਸਾਇਆ ਕਿ ਡੀਲਰਾਂ ਨੇ 2014-15 ਤੋਂ 2015-16 ਦੀ ਮਿਆਦ ਲਈ ਆਪਣੀਆਂ ਸਾਲਾਨਾ ਕਰ ਰਿਟਰਨਾਂ ਵਿੱਚ ਕਰਯੋਗ ਵਸਤਾਂ ਦੀ ਅੰਤਰਰਾਜੀ ਵਿਕਰੀ ਅਤੇ ਨਿਰਯਾਤ ਵਿਕਰੀ ਦੀ ਘੋਸ਼ਣ ਕੀਤੀ ਸੀ ਅਤੇ ਆਪਣੀਆਂ ਸਾਲਾਨਾ ਰਿਟਰਨਾਂ ਵਿੱਚ ਅਜਿਹੀ ਵਿਕਰੀ 'ਤੇ ਕੇਂਦਰੀ ਵਿਕਰੀ ਕਰ ਤੋਂ ਰਿਆਇਤਾਂ/ਛੋਟਾਂ ਪ੍ਰਾਪਤ ਕੀਤੀਆਂ ਸਨ। ਹਾਲਾਂਕਿ, ਨਿਰਧਾਰਣ ਦੇ ਸਮੇਂ, ਡੀਲਰ ਉਨ੍ਹਾਂ ਲੈਣ-ਦੇਣ ਦੇ ਸਬੰਧ ਵਿੱਚ ਕਨੂੰਨੀ ਘੋਸ਼ਣਾਵਾਂ[2] ਪੇਸ਼ ਕਰਨ ਵਿੱਚ ਅਸਫਲ ਰਹੇ ਜਿਨ੍ਹਾਂ 'ਤੇ ਸਾਲਾਨਾ ਰਿਟਰਨਾਂ ਵਿੱਚ ਕੇਂਦਰੀ ਵਿਕਰੀ ਕਰ ਤੋਂ ਰਿਆਇਤ/ਛੋਟ ਦਾ ਲਾਭ ਲਿਆ ਗਿਆ ਸੀ। ਨਤੀਜੇ ਵਜੋਂ, ਨਿਰਧਾਰਣ ਅਥਾਰਟੀਆਂ ਨੇ ਕਨੂੰਨੀ ਘੋਸ਼ਣਾਵਾਂ ਜਮ੍ਹਾਂ ਨਾ ਕਰਵਾਉਣ ਕਰਕੇ ਅੰਤਰ ਸੰਬੰਧੀ ਕਰ ਰਾਸ਼ੀ ਦੇ ਕਾਰਨ ₹ 5.50 ਕਰੋੜ ਦੇ ਵਾਧੂ ਕਰ ਦੀ ਮੰਗ ਕੀਤੀ। ਕਿਉਂਜੋ ਡੀਲਰ ਕਨੂੰਨੀ ਘੋਸ਼ਣਾਵਾਂ ਪੇਸ਼ ਕਰਨ ਵਿੱਚ ਅਸਫਲ ਰਹੇ ਸਨ, ਇਸ ਲਈ ਉਹ 0.5 *ਪ੍ਰਤੀਸ਼ਤ* ਪ੍ਰਤੀ ਮਹੀਨਾ ਦਰ ਨਾਲ ਅੰਤਰ ਸੰਬੰਧੀ ਕਰ ਰਾਸ਼ੀ 'ਤੇ ₹ 2.16 ਕਰੋੜ ਦਾ ਵਿਆਜ ਅਦਾ ਕਰਨ ਲਈ ਵੀ ਜ਼ਿੰਮੇਵਾਰ ਸਨ। ਹਾਲਾਂਕਿ, ਨਿਰਧਾਰਣ ਅਥਾਰਟੀਆਂ ਨੇ ₹ 2.16 ਕਰੋੜ ਦਾ ਵਿਆਜ ਨਹੀਂ ਲਗਾਇਆ (**ਅੰਤਿਕਾ** 3.1)।

---

1 ਜਲੰਧਰ-II (1), ਲੁਧਿਆਣਾ- IV (3), ਮਾਨਸਾ (1) ਅਤੇ ਸੰਗਰੂਰ (1)

2 ਕੇਂਦਰੀ ਵਿਕਰੀ ਕਰ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮ, 1957: ਦੇ ਅਨੁਸਾਰ ਕਨੂੰਨੀ ਘੋਸ਼ਣਾਵਾਂ ਲਈ ਲਾਗੂ ਫਾਰਮ: ਅੰਤਰਰਾਜੀ ਵਿਕਰੀ ਲਈ ਫਾਰਮ 'ਸੀ', ਸ਼ਾਖਾ ਟ੍ਰਾਂਸਫਰ ਲਈ ਫਾਰਮ 'ਐਫ' ਅਤੇ ਡੀਮਡ ਨਿਰਯਾਤ ਲਈ ਫਾਰਮ 'ਐਚ'। ਸਿੱਧੀ ਨਿਰਯਾਤ ਵਿਕਰੀ ਦੇ ਮੁਕਾਬਲੇ ਵਿੱਚ ਸ਼ਿਪਿੰਗ ਬਿੱਲ, ਲੇਡਿੰਗ ਦਾ ਬਿੱਲ, ਆਦਿ ਵਰਗੇ ਨਿਰਯਾਤ ਦਸਤਾਵੇਜ਼ ਲੋੜੀਂਦੇ ਹਨ।

ਧਿਆਨ ਵਿੱਚ ਲਿਆਂਦੇ ਜਾਣ ਤੇ, ਰਾਜ ਕਰ ਅਧਿਕਾਰੀ, ਸੰਗਰੂਰ ਅਤੇ ਸਹਾਇਕ ਕਮਿਸ਼ਨਰ ਰਾਜ ਕਰ, ਲੁਧਿਆਣਾ-IV ਨੇ ਜਵਾਬ ਦਿੱਤਾ (ਜੂਨ 2023 ਅਤੇ ਮਈ 2025) ਕਿ ਜੇ ਕੇ ਸਿੰਥੈਟਿਕਸ ਲਿਮਿਟਡ ਬਨਾਮ ਸੀ ਟੀ ਓ (1994) ਦੇ ਮਾਮਲੇ ਵਿੱਚ ਮਾਣਯੋਗ ਸੁਪਰੀਮ ਕੋਰਟ ਦੁਆਰਾ ਨਿਰਧਾਰਤ ਸਿਧਾਤਾਂ ਦੇ ਅਨੁਸਾਰ ਨਿਰਧਾਰਣ ਦੀ ਮਿਤੀ ਤੋਂ ਪਹਿਲਾਂ ਦੀ ਮਿਆਦ ਲਈ ਵਿਆਜ ਲਗਾਣਯੋਗ ਨਹੀਂ ਸੀ। ਉਨ੍ਹਾਂ ਨੇ ਆਈਸ਼ਰ ਟਰੈਕਟਰ ਲਿਮਿਟਡ ਬਨਾਮ ਹਰਿਆਣਾ ਰਾਜ ਅਤੇ ਮੈਸਰਜ਼ ਆਈਜ਼ਰ ਗੁਡਅਰਥ ਲਿਮਿਟਡ ਬਨਾਮ ਹਰਿਆਣਾ ਰਾਜ ਦੇ ਮਾਮਲਿਆਂ ਦਾ ਵੀ ਹਵਾਲਾ ਦਿੱਤਾ, ਜਿਨ੍ਹਾਂ ਦਾ ਫੈਸਲਾ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕ੍ਰਮਵਾਰ 2 ਦਸੰਬਰ 2010 ਅਤੇ 25 ਅਪ੍ਰੈਲ 2013 ਨੂੰ ਕੀਤਾ ਸੀ, ਜਿੱਥੇ ਮਾਣਯੋਗ ਅਦਾਲਤ ਨੇ ਜੇ ਕੇ ਸਿੰਥੈਟਿਕਸ ਲਿਮਿਟਡ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਦੁਆਰਾ ਨਿਰਧਾਰਤ ਸਿਧਾਂਤਾਂ ਤੇ ਭਰੋਸਾ ਕੀਤਾ ਸੀ।

ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਧਿਆਨ ਵਿੱਚ ਲਿਆਂਦੇ ਗਏ ਮਾਮਲਿਆਂ ਵਿੱਚ ਲੇਖਾ ਪ੍ਰੀਖਿਆ ਨੇ ਸਿਰਫ਼ ਅਜਿਹੀਆਂ ਮੰਗਾਂ ਨੂੰ ਕਵਰ ਕੀਤਾ ਸੀ ਜੋ ਨਿਰਧਾਰਣ ਦੇ ਸਮੇਂ ਡੀਲਰਾਂ ਵੱਲੋਂ ਕਨੂੰਨੀ ਘੋਸ਼ਣਾਵਾਂ ਪੇਸ਼ ਕਰਨ ਵਿੱਚ ਅਸਫਲ ਰਹਿਣ ਕਾਰਨ ਪੈਦਾ ਹੋਈਆਂ ਸਨ, ਜਦੋਂ ਕਿ ਡੀਲਰਾਂ ਨੇ ਪਹਿਲਾਂ ਹੀ ਆਪਣੀਆਂ ਕਰ ਰਿਟਰਨਾਂ ਭਰਨ ਸਮੇਂ ਕਰ ਦੀ ਰਿਆਇਤੀ ਅਦਾਇਗੀਆਂ ਅਤੇ ਛੋਟਾਂ ਦਾ ਲਾਭ ਲਿਆ ਸੀ। ਜੇ.ਕੇ. ਸਿੰਥੈਟਿਕਸ ਲਿਮਿਟਡ ਦੇ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਕਰ ਕਨੂੰਨ ਅਸੈਸੀ ਤੋਂ ਅੰਤਿਮ ਨਿਰਧਾਰਣ ਦੀ ਭਵਿੱਖਬਾਣੀ ਕਰਨ ਅਤੇ ਉਸ ਤੋਂ ਵਿਆਜ ਅਦਾ ਕਰਨ ਦੀ ਦੇਣਦਾਰੀ ਤੋਂ ਬਚਣ ਲਈ ਉਸ ਅਧਾਰ 'ਤੇ ਕਰ ਦਾ ਭੁਗਤਾਨ ਕਰਨ ਦੀ ਉਮੀਦ ਨਹੀਂ ਕਰ ਸਕਦਾ। ਇਹ ਉਸ ਨੂੰ ਲਗਭਗ ਅਸੰਭਵ ਕੰਮ ਕਰਨ ਲਈ ਕਹਿਣਾ ਹੋਵੇਗਾ। ਹਾਲਾਂਕਿ, ਲੇਖਾ ਪ੍ਰੀਖਿਆ ਵੱਲੋਂ ਧਿਆਨ ਵਿੱਚ ਲਿਆਂਦੇ ਗਏ ਮਾਮਲਿਆਂ ਵਿੱਚ, ਡੀਲਰਾਂ ਨੇ ਪੰਜਾਬ ਵੈਲਿਊ ਐਡਿਡ ਕਰ ਐਕਟ ਦੇ ਨਾਲ-ਨਾਲ ਕੇਂਦਰੀ ਵਿਕਰੀ ਕਰ ਐਕਟ ਦੇ ਅਧੀਨ ਭੁਗਤਾਨਯੋਗ ਕਰ ਨੂੰ ਜਾਣਦੇ ਹੋਏ ਆਪਣੀਆਂ ਰਿਟਰਨਾਂ ਦਾਖਲ ਕੀਤੀਆਂ ਸਨ। ਕੇਂਦਰੀ ਵਿਕਰੀ ਕਰ ਐਕਟ ਅਧੀਨ ਭੁਗਤਾਨਯੋਗ ਕਰ ਦੀ ਛੋਟ/ਰਿਆਇਤ ਪ੍ਰਾਪਤ ਕਰਨ ਲਈ ਡੀਲਰਾਂ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਕਨੂੰਨੀ ਘੋਸ਼ਣਾਵਾਂ ਪੇਸ਼ ਕਰਨੀਆਂ ਸਨ। ਉਹ ਇਹ ਵੀ ਜਾਣਦੇ ਸਨ ਕਿ ਜੇਕਰ ਉਹ ਕਨੂੰਨੀ ਘੋਸ਼ਣਾਵਾਂ ਪੇਸ਼ ਕਰਨ ਵਿੱਚ ਅਸਫਲ ਰਹਿੰਦੇ ਹਨ, ਤਾਂ ਉਹ ਉਕਤ ਐਕਟ ਅਧੀਨ ਕਰ ਅਦਾ ਕਰਨ ਲਈ ਜ਼ਿੰਮੇਵਾਰ ਹੋਣਗੇ। ਇਸ ਲਈ, ਲੇਖਾ ਪ੍ਰੀਖਿਆ ਵਿੱਚ ਧਿਆਨ ਵਿੱਚ ਲਿਆਂਦੇ ਗਏ ਮਾਮਲੇ ਅਜਿਹੇ ਮਾਮਲੇ ਨਹੀਂ ਸਨ ਜਿੱਥੇ ਡੀਲਰਾਂ ਨੂੰ ਕਰ ਅਦਾ ਕਰਨ ਦੀ ਆਪਣੀ ਦੇਣਦਾਰੀ ਬਾਰੇ ਪਤਾ ਨਹੀਂ ਸੀ।

ਉਪਰੋਕਤ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹੋਏ, ਲੇਖਾ ਪ੍ਰੀਖਿਆ ਨੇ 12 ਜੂਨ 2014 ਨੂੰ ਮਾਨਯੋਗ ਕਰਨਾਟਕ ਹਾਈ ਕੋਰਟ ਵੱਲੋਂ ਮੈਸਰਜ਼ ਮੇਨਟੈਕ ਤਕਨਾਲੋਜੀਆਂ ਪ੍ਰਾਈਵੇਟ ਲਿਮਿਟਡ ਬਨਾਮ ਕਰਨਾਟਕ ਰਾਜ ਦੇ ਫੈਸਲਾ ਕੀਤੇ ਮਾਮਲੇ 'ਤੇ ਭਰੋਸਾ ਕੀਤਾ ਸੀ, ਜਿੱਥੇ ਡੀਲਰ ਕਨੂੰਨੀ ਘੋਸ਼ਣਾ ਫਾਰਮ ਪੇਸ਼ ਕਰਨ ਵਿੱਚ ਅਸਫਲ ਰਿਹਾ ਸੀ। ਇਸ ਮਾਮਲੇ ਵਿੱਚ ਮਾਣਯੋਗ ਅਦਾਲਤ ਨੇ ਜੇ.ਕੇ. ਸਿੰਥੈਟਿਕਸ ਲਿਮਿਟਡ ਮਾਮਲੇ ਵਿੱਚ ਸੁਪਰੀਮ ਕੋਰਟ ਵੱਲੋਂ ਨਿਰਧਾਰਤ ਸਿਧਾਤਾਂ ਤੇ ਵਿਚਾਰ ਕਰਨ ਤੋਂ ਬਾਅਦ ਫੈਸਲਾ ਕੀਤਾ ਸੀ, ਕਿ ਡੀਲਰ ਆਪਣੀ ਕਰ ਦੇਣਦਾਰੀ ਬਾਰੇ ਸੁਚੇਤ ਸੀ ਅਤੇ ਕਰ ਦੇ ਭੁਗਤਾਨ ਵਿੱਚ ਦੇਰੀ ਦੀ ਭਰਪਾਈ ਲਈ, ਉਸ ਮਿਤੀ ਤੋਂ ਵਿਆਜ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਸੀ ਜਿਸ ਮਿਤੀ ਤੋਂ ਉਹ ਕਰ ਅਦਾ ਕਰਨ ਲਈ ਜ਼ਿੰਮੇਵਾਰ ਸੀ। ਮੈਸਰਜ਼ ਫੋਸਰੋਕ ਕੈਮੀਕਲਜ਼ (ਇੰਡੀਆ)

ਪ੍ਰਾਈਵੇਟ ਲਿਮਿਟਡ ਬਨਾਮ ਕਰਨਾਟਕ ਰਾਜ ਦੇ ਇੱਕ ਸਮਾਨ ਮਾਮਲੇ ਵਿੱਚ, ਮਾਨਯੋਗ ਕਰਨਾਟਕ ਹਾਈ ਕੋਰਟ ਨੇ 5 ਨਵੰਬਰ 2014 ਨੂੰ ਇਹ ਬਰਕਰਾਰ ਰੱਖਿਆ ਸੀ ਕਿ ਕਨੂੰਨੀ ਘੋਸ਼ਣਾ ਫਾਰਮ ਜਮ੍ਹਾਂ ਨਾਂ ਕਰਵਾਉਣ ਦੀ ਸੂਰਤ ਵਿੱਚ ਕਰ ਦੀ ਭੁਗਤਾਨਯੋਗ ਨਿਰਧਾਰਤ ਮਿਤੀ ਤੋਂ ਨਿਰਧਾਰਣ ਦੀ ਮਿਤੀ ਤੱਕ ਵਿਆਜ ਨੂੰ ਵਸੂਲਣਾ ਜਾਇਜ਼ ਸੀ ਕਿਉਂਕਿ ਵਿਆਜ ਮੁਆਵਜੇ ਵਜੋਂ ਸੀ।

ਸਹਾਇਕ ਕਮਿਸ਼ਨਰ ਰਾਜ ਕਰ, ਮਾਨਸਾ ਨੇ (ਮਈ 2025) ਦੱਸਿਆ ਕਿ ਨਿਰਧਾਰਣ ਦੀ ਸੋਧ ਪ੍ਰਕਿਰਿਆ ਅਧੀਨ ਸੀ।

ਉਪਰੋਕਤ ਤੋਂ ਇਲਾਵਾ, ਸਰਕਾਰ ਨੇ ਆਪਣੇ ਜਵਾਬ (ਸਤੰਬਰ 2021) ਵਿੱਚ ਪਹਿਲਾ ਉਠਾਈ ਗਈ ਇਸ ਤਰ੍ਹਾਂ ਦੀ ਲੇਖਾ ਪ੍ਰੀਖਿਆ ਟਿੱਪਣੀ ਵਿੱਚ, 0.5 *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ 'ਤੇ ਵਿਆਜ ਲਾਗੂ ਹੋਣ ਨੂੰ ਸਵੀਕਾਰ ਕੀਤਾ ਸੀ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ ਨੂੰ ਕੀਤੀ ਗਈ ਸੀ (ਦਸੰਬਰ 2023 ਅਤੇ ਜੁਲਾਈ 2024); ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਮਈ 2025)।

## 3.2 ਆਉਟਪੁੱਟ ਕਰ ਦਾ ਘਟ ਨਿਰਧਾਰਣ

***ਨਿਰਧਾਰਣ ਅਥਾਰਟੀ ਨੇ ਇੱਕ ਮਾਮਲੇ ਵਿੱਚ ਨਿਰਧਾਰਣ ਆਦੇਸ਼ ਵਿੱਚ ਗਲਤ ਗਣਨਾ ਦੇ ਕਾਰਨ ₹ 0.17 ਕਰੋੜ ਦੇ ਆਊਟਪੁੱਟ ਕਰ ਦਾ ਘੱਟ ਨਿਰਧਾਰਣ ਕੀਤਾ।***

ਪੰਜਾਬ ਵੈਲਿਊ ਐਡੇਡ ਕਰ ਨਿਯਮਾਂਵਲੀ, 2005 ਦੇ ਨਿਯਮ 48 ਵਿੱਚ ਇਹ ਵਿਵਸਥਾ ਕਰਦਾ ਹੈ ਕਿ ਮਨੋਨੀਤ ਅਧਿਕਾਰੀ, ਵਿਅਕਤੀ ਦੁਆਰਾ ਦਾਇਰ ਇਤਰਾਜ਼ਾਂ ਅਤੇ ਦਸਤਾਵੇਜੀ ਸਬੂਤਾਂ, ਜੇ ਕੋਈ ਹਨ ਤੇ ਵਿਚਾਰ ਕਰਨ ਤੋਂ ਬਾਅਦ, ਅਜਿਹੇ ਵਿਅਕਤੀ ਦੀ ਕਰ ਦੇਣਦਾਰੀ ਨਿਰਧਾਰਤ ਕਰਨ ਲਈ ਲਿਖਤੀ ਰੂਪ ਵਿੱਚ ਨਿਰਧਾਰਨ ਦਾ ਆਦੇਸ਼ ਪਾਸ ਕਰੇਗਾ।

ਸਹਾਇਕ ਕਮਿਸ਼ਨਰ ਰਾਜ ਕਰ, ਗੁਰਦਾਸਪੁਰ ਦੇ ਰਿਕਾਰਡਾਂ ਦੀ ਪੜਤਾਲ (ਫ਼ਰਵਰੀ 2025) ਨੇ ਦਰਸਾਇਆ ਕਿ ਨਿਰਧਾਰਣ ਅਥਾਰਟੀ ਨੇ ਨਵੰਬਰ 2023 ਵਿੱਚ ਸਾਲ 2016-17 ਲਈ ਇੱਕ ਡੀਲਰ ਦੇ ਮਾਮਲੇ[3] ਦਾ ਨਿਰਧਾਰਣ ਕਰਦੇ ਹੋਏ ਡੀਲਰ ਦੇ ਕਰਯੋਗ ਟਰਨਓਵਰ ਦਾ ਨਿਰਧਾਰਣ ₹ 8.54 ਕਰੋੜ ਕੀਤਾ ਸੀ ਜਿਸਦਾ ਤਿੰਨ ਵੱਖ-ਵੱਖ ਕਰ ਦੀਆ ਦਰਾਂ[4] ਦੇ ਅਧੀਨ ਵਰਗੀਕਰਨ ਕੀਤਾ ਗਿਆ ਸੀ। ਕੁਲ ਕਰਯੋਗ ਟਰਨਓਵਰ ਵਿੱਚੋਂ, ₹ 1.20 ਕਰੋੜ ਮੁੱਲ ਦੇ ਵਸਤਾਂ ਦੀ ਵਿਕਰੀ 14.30 *ਪ੍ਰਤੀਸ਼ਤ* ਦੀ ਦਰ ਨਾਲ ਕਰਯੋਗ ਸੀ। ਹਾਲਾਂਕਿ, ਆਉਟਪੁਟ ਕਰ ਦੇਣਦਾਰੀ ਦਾ ਪਤਾ ਲਗਾਉਣ ਵੇਲੇ ਨਿਰਧਾਰਣ ਅਥਾਰਟੀ ਨੇ ₹ 1.20 ਕਰੋੜ ਦੀ ਬਜਾਏ ₹ 11,956 'ਤੇ ਕਰ ਦੀ ਗਣਨਾ ਕੀਤੀ ਸੀ, ਜਿਸ ਦੇ ਨਤੀਜੇ ਵਜੋਂ ₹ 0.17 ਕਰੋੜ[5] ਦੇ ਆਉਟਪੁਟ ਕਰ ਦਾ ਘੱਟ ਨਿਰਧਾਰਣ ਹੋਇਆ ਸੀ।

---

3 ਮਾਮਲਾ ਨਿਪਟਾਰਾ ਨੰਬਰ 73 ਮਿਤੀ 20 ਨਵੰਬਰ 2023

4 3.85 *ਪ੍ਰਤੀਸ਼ਤ*, 6.05 *ਪ੍ਰਤੀਸ਼ਤ* ਅਤੇ 14.30 *ਪ੍ਰਤੀਸ਼ਤ*

5 ਅਸਲ ਵਿਕਰੀ: ₹ 1,19,56,000 ਘਟਾ ਕੇ ਵਿਕਰੀ 'ਤੇ ਕੀਤੀ ਗਈ ਕਰ ਦੀ ਗਣਨਾ: ₹ 11,956 = ₹ 1,19,44,044
ਘੱਟ ਆਉਟਪੁੱਟ ਕਰ: ₹ 1,19,44,044 × 14.30 *ਪ੍ਰਤੀਸ਼ਤ* = ₹ 17,07,999

ਧਿਆਨ ਵਿੱਚ ਲਿਆਂਦੇ ਜਾਣ ਤੇ, ਸਹਾਇਕ ਕਮਿਸ਼ਨਰ ਨੇ ਕਿਹਾ (ਮਈ 2025) ਕਿ ਇਤਰਾਜ ਕੀਤੀ ਗਈ ਰਾਸ਼ੀ ਦੀ ਵਸੂਲੀ ਪ੍ਰਕਿਰਿਆ ਅਧੀਨ ਸੀ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ ਨੂੰ ਕੀਤੀ ਗਈ ਸੀ (ਅਪ੍ਰੈਲ 2025); ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਸੀ (ਮਈ 2025)।

## 3.3 ਗਲਤ 'ਸੀ' ਫਾਰਮਾਂ 'ਤੇ ਕਰ ਵਿੱਚ ਰਿਆਇਤ ਦੀ ਅਨੁਮਤੀ

***ਨਿਰਧਾਰਣ ਅਥਾਰਟੀ ਨੇ 'ਸੀ' ਫਾਰਮਾਂ ਦੇ ਅਸਲੀ ਹੋਣ ਨੂੰ ਯਕੀਨੀ ਬਣਾਏ ਬਿਨ੍ਹਾਂ ਇਕ ਨਿਰਧਾਰਣ ਮਾਮਲੇ ਵਿੱਚ ₹ 0.14 ਕਰੋੜ ਦੇ ਕੇਂਦਰੀ ਵਿਕਰੀ ਕਰ ਦੀ ਰਿਆਇਤ ਦੀ ਮਨਜ਼ੂਰੀ ਦਿੱਤੀ।***

ਕੇਂਦਰੀ ਵਿਕਰੀ ਕਰ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮ, 1957 ਦੇ ਨਿਯਮ 12(1) ਨਾਲ ਪੜਦੇ ਹੋਏ ਕੇਂਦਰੀ ਵਿਕਰੀ ਕਰ ਐਕਟ, 1956 ਦੀ ਧਾਰਾ 8(4) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਅੰਤਰਰਾਜੀ ਵਪਾਰ ਜਾਂ ਵਣਜ ਦੇ ਦੌਰਾਨ ਵਿਕਰੀ 'ਤੇ ਦੋ *ਪ੍ਰਤੀਸ਼ਤ* ਕਰ ਦੀ ਰਿਆਇਤੀ ਦਰ ਉਦੋਂ ਤੱਕ ਸਵੀਕਾਰਯੋਗ ਨਹੀਂ ਹੋਵੇਗੀ ਜਦੋਂ ਤੱਕ ਵੇਚਣ ਵਾਲਾ ਡੀਲਰ ਨਿਰਧਾਰਤ ਅਥਾਰਟੀ ਤੋਂ ਪ੍ਰਾਪਤ ਇੱਕ ਨਿਰਧਾਰਤ ਫਾਰਮ ਵਿੱਚ ਰਜਿਸਟਰਡ ਡੀਲਰ, ਜਿਸ ਨੂੰ ਵਸਤਾਂ ਵੇਚਿਆਂ ਜਾਂਦੀਆਂ ਹਨ, ਦੁਆਰਾ ਸਹੀ ਢੰਗ ਨਾਲ ਭਰਿਆ ਅਤੇ ਦਸਤਖਤ ਕੀਤਾ ਫਾਰਮ ਸੀ ਵਿੱਚ ਇੱਕ ਘੋਸ਼ਣਾ ਪੇਸ਼ ਨਹੀ ਕਰਦਾ ਹੈ। ਸੁੱਕੇ ਮੇਵਿਆਂ ਦੇ ਮਾਮਲੇ ਵਿੱਚ, ਕੇਂਦਰੀ ਵਿਕਰੀ ਕਰ ਦੀ ਰਿਆਇਤੀ ਦਰ 12 ਸਤੰਬਰ 2007 ਤੋਂ ਇੱਕ *ਪ੍ਰਤੀਸ਼ਤ* ਪ੍ਰਭਾਵੀ[6] ਸੀ।

ਸਹਾਇਕ ਕਮਿਸ਼ਨਰ ਰਾਜ ਕਰ, ਲੁਧਿਆਣਾ-III ਦੇ ਰਿਕਾਰਡਾਂ ਦੀ ਪੜਤਾਲ (ਅਗਸਤ 2022) ਨੇ ਦਰਸਾਇਆ ਕਿ ਨਿਰਧਾਰਣ ਅਥਾਰਟੀ ਨੇ ਤਿੰਨ 'ਸੀ' ਫਾਰਮਾਂ[7] ਦੇ ਅਧਾਰ ਤੇ ₹ 2.76 ਕਰੋੜ ਦੇ ਸੁੱਕੇ ਮੇਵਿਆਂ ਦੀ ਅੰਤਰਰਾਜੀ ਵਿਕਰੀ ਤੇ ਸਾਲ 2014-15 ਲਈ ਇੱਕ ਡੀਲਰ ਦੇ ਇੱਕ ਨਿਰਧਾਰਣ ਮਾਮਲੇ[8] ਵਿੱਚ ਇੱਕ *ਪ੍ਰਤੀਸ਼ਤ* ਦੀ ਰਿਆਇਤੀ ਕੇਂਦਰੀ ਵਿਕਰੀ ਕਰ ਨੂੰ ਇਹ ਯਕੀਨੀ ਬਣਾਏ ਬਿਨ੍ਹਾਂ ਕਿ ਫਾਰਮ ਅਸਲੀ ਸਨ, ਕੇਂਦਰੀ ਵਿਕਰੀ ਕਰ ਦੀ ਰਿਆਇਤ ਦੀ ਮੰਨਜ਼ੂਰੀ ਦਿੱਤੀ।

ਲੇਖਾ ਪ੍ਰੀਖਿਆ ਪੜਤਾਲ ਨੇ ਦਰਸਾਇਆ ਕਿ ਇਹ 'ਸੀ'` ਫਾਰਮ ਟੀ ਆਈ ਐਨ ਐਕਸ ਐਸ ਵਾਈ ਐਸ[9] ਪੋਰਟਲ ਦੇ ਨਾਲ-ਨਾਲ ਦਿੱਲੀ ਦੇ ਕਰ ਅਥਾਰਟੀ ਦੇ ਪੋਰਟਲ 'ਤੇ ਵੀ ਤਸਦੀਕ ਯੋਗ ਨਹੀਂ ਸਨ, ਜਿਸ ਦੁਆਰਾ ਇਹ 'ਸੀ' ਫਾਰਮ ਜਾਰੀ ਕੀਤੇ ਦੱਸੇ ਗਏ ਸਨ। ਲੇਖਾ ਪ੍ਰੀਖਿਆ ਨੇ ਦਿੱਲੀ ਦੇ ਕਰ ਅਥਾਰਟੀ ਤੋਂ ਵੀ ਪੜਤਾਲ ਕਰਕੇ ਇਹ ਪੁਸ਼ਟੀ ਕੀਤੀ, ਕਿ ਉਹ ਫਾਰਮ ਉਸ ਕਰ ਅਥਾਰਟੀ ਦੁਆਰਾ ਜਾਰੀ ਨਹੀਂ ਕੀਤੇ ਗਏ ਸਨ। ਇਸ ਤਰ੍ਹਾਂ ਸੁੱਕੇ ਮੇਵਿਆਂ ਦੀ ਵਿਕਰੀ ਤੇ 6.05 *ਪ੍ਰਤੀਸ਼ਤ*[10] ਦੀ ਆਮ ਦਰ ਤੇ ₹ 0.17 ਕਰੋੜ[11] ਦਾ ਕੇਂਦਰੀ ਵਿਕਰੀ ਕਰ ਲਗਾਇਆ ਜਾਣਾ ਸੀ, ਜਦੋਂ ਕਿ ਨਿਰਧਾਰਣ

---

6 ਅਧਿਸੂਚਨਾ ਨੰ. ਐਸ. ਓ. 41/ਸੀ.ਏ. 74/56/ਐਸ 8/2007 ਮਿਤੀ 11 ਸੰਤਬਰ 2007

7 'ਸੀ' ਫਾਰਮ: (i) 12135174481303 (ii) 12143025721923 (iii) 12146639221378

8 ਨਿਰਧਾਰਣ ਮਾਮਲਾ ਨਿਪਟਾਰਾ ਨੰਬਰ 35 ਮਿਤੀ 15 ਸਤੰਬਰ 2021

9 ਕਰ ਸੂਚਨਾ ਐਕਸਚੇਂਜ ਪ੍ਰਣਾਲੀ (ਟੀ ਆਈ ਐਨ ਐਕਸ ਐਸ ਵਾਈ ਐਸ) ਅੰਤਰਰਾਜੀ ਲੈਣ-ਦੇਣ ਨੂੰ ਟਰੈਕ ਕਰਨ ਲਈ ਆਨਲਾਈਨ ਸਹੂਲਤ ਹੈ।

10 ਪੰਜਾਬ ਵੈਲਿਯੂ ਐਡੇਡ ਕਰ ਐਕਟ, 2005 ਦੀ ਅਨੁਸੂਚੀ 'ਬੀ' ਦੀ ਐਂਟਰੀ 32 ਅਨੁਸਾਰ ਸੁੱਕੇ ਮੇਵਿਆਂ 'ਤੇ 5.5 *ਪ੍ਰਤੀਸ਼ਤ* ਦੀ ਦਰ ਨਾਲ ਕਰ ਦੀ ਦਰ ਲਾਗੂ ਹੁੰਦੀ ਹੈ। ਇਸ ਤੋਂ ਇਲਾਵਾ ਐਕਟ ਦੀ ਧਾਰਾ-8ਬੀ ਅਧੀਨ 10 *ਪ੍ਰਤੀਸ਼ਤ* ਸਰਚਾਰਜ ਦੇਣਾ ਹੋਵੇਗਾ।

11 ₹ 2,75,98,158 x 6.05/100 = ₹ 16,69,689

ਅਥਾਰਟੀ ਨੇ ਇੱਕ *ਪ੍ਰਤੀਸ਼ਤ* ਦੀ ਰਿਆਇਤੀ ਦਰ 'ਤੇ ₹ 0.03 ਕਰੋੜ[12] ਦੇ ਕੇਂਦਰੀ ਵਿਕਰੀ ਕਰ ਦੀ ਮਨਜ਼ੂਰੀ ਦਿੱਤੀ ਸੀ। ਇਸ ਦੇ ਨਤੀਜੇ ਵਜੋਂ ₹ 0.14 ਕਰੋੜ[13] ਦੇ ਕੇਂਦਰੀ ਵਿਕਰੀ ਕਰ ਦੀ ਰਿਆਇਤ ਦੀ ਅਨਿਯਮਿਤ ਮਨਜ਼ੂਰੀ ਕੀਤੀ ਗਈ ।

ਧਿਆਨ ਵਿੱਚ ਲਿਆਂਦੇ ਜਾਣ ਤੇ, ਰਾਜ ਕਰ ਦੇ ਸਹਾਇਕ ਕਮਿਸ਼ਨਰ ਨੇ ਕਿਹਾ (ਮਈ 2025) ਕਿ ਮਾਮਲੇ ਦਾ ਮੁੜ ਨਿਰਧਾਰਣ[14] ਕੀਤਾ ਗਿਆ ਸੀ, ਜਿਸ ਵਿੱਚ ਤਿੰਨ 'ਸੀ' ਫਾਰਮਾਂ ਵਿੱਚੋਂ ਇੱਕ[15] ਗੈਰ-ਤਸਦੀਕ ਪਾਇਆ ਗਿਆ ਸੀ ਜਦੋਂ ਕਿ ਬਾਕੀ ਦੋ ਨੂੰ ਟੀ ਆਈ ਐਨ ਐਕਸ ਐਸ ਵਾਈ ਐਸ ਪੋਰਟਲ ਤੇ ਸਹੀ ਢੰਗ ਨਾਲ ਤਸਦੀਕ ਕੀਤਾ ਗਿਆ ਸੀ।

ਹਾਲਾਂਕਿ, ਸਹਾਇਕ ਕਮਿਸ਼ਨਰ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਵਿਭਾਗ ਦੁਆਰਾ ਟੀ ਆਈ ਐਨ ਐਕਸ ਐਸ ਵਾਈ ਐਸ ਪੋਰਟਲ ਤੇ ਸਹੀ ਢੰਗ ਨਾਲ ਤਸਦੀਕ ਕੀਤੇ ਗਏ ਦੋ 'ਸੀ' ਫਾਰਮ[16] ਲੇਖਾ ਪ੍ਰੀਖਿਆ ਦੁਆਰਾ ਇਤਰਾਜ ਕੀਤੇ ਗਏ ਫਾਰਮਾਂ ਤੋਂ[17] ਵੱਖਰੇ ਸਨ। ਲੇਖਾ ਪ੍ਰੀਖਿਆ ਦੁਆਰਾ ਇਤਰਾਜ਼ ਕੀਤੇ ਗਏ ਫਾਰਮਾਂ ਤੋਂ ਇਲਾਵਾ ਡੀਲਰ ਦੀ ਵਧੇਰੇ 'ਸੀ' ਫਾਰਮ ਤਿਆਰ ਕਰਨ ਦੀ ਯੋਗਤਾ ਉਸੇ ਕਰ ਮਿਆਦ ਦੌਰਾਨ ਡੀਲਰ ਦੁਆਰਾ ਨਾ ਘੋਸ਼ਿਤ ਕੀਤੀ ਅੰਤਰ-ਰਾਜੀ ਵਿਕਰੀ ਨੂੰ ਦਰਸਾਉਂਦੀ ਹੈ। ਇਸ ਲਈ ਵਿਭਾਗ ਨੂੰ ਇਸ ਮਾਮਲੇ ਦੀ ਜਾਂਚ ਸ਼ੁਰੂ ਕਰਨ ਦੀ ਲੋੜ ਹੈ ਤਾਂ ਜੋ ਗਲਤ 'ਸੀ' ਫਾਰਮਾਂ ਦੇ ਸਰੋਤ ਅਤੇ ਡੀਲਰ ਦੁਆਰਾ ਕੀਤੀ ਗਈ ਅਸਲ ਵਿਕਰੀ ਦਾ ਪਤਾ ਲਗਾਇਆ ਜਾ ਸਕੇ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ ਨੂੰ ਕੀਤੀ ਗਈ ਸੀ (ਅਕਤੂਬਰ 2024); ਉਨ੍ਹਾਂ ਦੇ ਜਵਾਬਾਂ ਦੀ ਉਡੀਕ ਹੈ (ਮਈ 2025)।

## 3.4 ਸਰੋਤ 'ਤੇ ਕੱਟੇ ਗਏ ਕਰ ਨੂੰ ਦੇਰੀ ਨਾਲ ਜਮ੍ਹਾਂ ਕਰਨ 'ਤੇ ਵਿਆਜ ਨਾ ਲਗਾਉਣਾ

***ਨਿਰਧਾਰਣ ਅਥਾਰਟੀ ਨੇ ਠੇਕਾਦਾਤਾ ਦੁਆਰਾ ਸਰੋਤ 'ਤੇ ਕੱਟੇ ਗਏ ਕਰ ਨੂੰ ਦੇਰੀ ਨਾਲ ਜਮ੍ਹਾਂ ਕਰਨ 'ਤੇ ₹ 0.14 ਕਰੋੜ ਦਾ ਵਿਆਜ ਨਹੀਂ ਲਗਾਇਆ।***

ਪੰਜਾਬ ਵੈਲਿਊ ਐਡੇਡ ਕਰ ਐਕਟ, 2005 ਦੀ ਧਾਰਾ 27 (1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਇੱਕ ਠੇਕਾਦਾਤਾ ਜੋ ਕਿਸੇ ਵੀ ਠੇਕੇਦਾਰ ਨੂੰ ਕੰਮ ਦੇ ਠੇਕੇ ਅਧੀਨ ਵਸਤਾਂ ਵਿੱਚ ਜਾਇਦਾਦ ਦੇ ਟਰਾਂਸਫਰ ਲਈ ਇੱਕ ਸਿੰਗਲ ਠੇਕੇ ਵਿੱਚ ਰੁਪਏ ਪੰਜ ਲੱਖ ਤੋਂ ਵੱਧ ਵੈਲਿਊਏਬਲ ਕੰਸੀਡ੍ਰੇਸ਼ਨ ਦੇ ਕਾਰਨ ਦੇਣਦਾਰੀ ਦੀ ਅਦਾਇਗੀ ਕਰਨ ਲਈ ਜ਼ਿੰਮੇਵਾਰ ਹੈ, ਇੱਕ ਠੇਕੇਦਾਰ ਨੂੰ ਅਦਾ ਕੀਤੀ ਜਾਣ ਵਾਲੀ ਅਜਿਹੀ ਰਕਮ 'ਤੇ ਛੇ *ਪ੍ਰਤੀਸ਼ਤ* ਦੇ ਬਰਾਬਰ ਰਾਸ਼ੀ ਕੱਟੇਗਾ। ਇਸ ਤੋਂ ਇਲਾਵਾ, ਐਕਟ ਦੀ ਧਾਰਾ 27 (7) ਨੂੰ ਪੰਜਾਬ ਵੈਲਿਊ ਐਡੇਡ ਕਰ ਨਿਯਮ, 2005 ਦੇ ਨਿਯਮ 46 (3) ਦੇ ਨਾਲ ਪੜ੍ਹੇ ਗਏ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜੇ ਕੋਈ ਠੇਕਾਦਾਤਾ ਰਾਸ਼ੀ ਕੱਟਣ ਤੋਂ ਬਾਅਦ ਮਹੀਨੇ

---

12 ₹ 2,75,98,158 x 1/100 = ₹ 2,75,982

13 ₹ 16,69,689 - ₹ 2,75,982 = ₹ 13,93,707

14 ਨਿਰਧਾਰਣ ਮਾਮਲਾ ਨਿਪਟਾਰਾ ਨੰਬਰ 1 ਮਿਤੀ 25 ਨਵੰਬਰ 2024

15 'ਸੀ' ਫਾਰਮ : 12135174481303

16 'ਸੀ' ਫਾਰਮ: 12135056700515 ਅਤੇ 12129511251214

17 'ਸੀ' ਫਾਰਮ: 12143025721923 ਅਤੇ 12146639221378

ਦੀ ਸਮਾਪਤੀ ਦੇ 15 ਦਿਨਾਂ ਦੇ ਅੰਦਰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣ ਵਿੱਚ ਅਸਫਲ ਰਹਿੰਦਾ ਹੈ, ਤਾਂ ਉਸ ਨੂੰ ਇਸ ਤਰ੍ਹਾਂ ਕੱਟੀ ਗਈ ਰਕਮ ਤੇ ਪ੍ਰਤੀ ਮਹੀਨਾ ਕਟੌਤੀ ਦੀ ਅਸਲ ਮਿਤੀ ਤੋਂ ਲੈ ਕੇ ਉਸ ਮਿਤੀ ਤੱਕ ਜਿਸ ਤੇ ਅਜਿਹੀ ਰਕਮ ਅਸਲ ਵਿੱਚ ਜਮ੍ਹਾਂ ਕੀਤੀ ਜਾਂਦੀ ਹੈ 'ਤੇ ਡੇਢ *ਪ੍ਰਤੀਸ਼ਤ* ਦੀ ਦਰ ਨਾਲ ਸਾਧਾਰਨ ਵਿਆਜ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਵੇਗਾ।

ਲੇਖਾ ਪ੍ਰੀਖਿਆ ਵਿੱਚ (ਦਸੰਬਰ 2023) ਸਾਲ 2013-14 ਲਈ ਇੱਕ ਠੇਕੇਦਾਰ ਦੇ ਇੱਕ ਨਿਰਧਾਰਨ ਮਾਮਲੇ[18] ਜੋ ਕਿ ਦਸੰਬਰ 2020 ਵਿੱਚ ਸਹਾਇਕ ਕਮਿਸ਼ਨਰ ਰਾਜ ਕਰ, ਪਠਾਨਕੋਟ ਦੇ ਅਧੀਨ ਅੰਤਿਮ ਰੂਪ ਦਿੱਤਾ ਗਿਆ ਸੀ, ਤੋਂ ਦੇਖਿਆ ਗਿਆ ਕਿ ਸਹਾਇਕ ਕਮਿਸ਼ਨਰ ਰਾਜ ਕਰ, ਗੁਰਦਾਸਪੁਰ ਦੇ ਅਧਿਕਾਰ ਖੇਤਰ ਅਧੀਨ ਇੱਕ ਠੇਕੇਦਾਤਾ[19] ਨੇ ਮਈ 2013 ਅਤੇ ਅਪ੍ਰੈਲ 2014 ਦੇ ਵਿਚਕਾਰ ਠੇਕੇਦਾਰ ਦੇ 12 ਬਿਲਾਂ ਤੋਂ ₹ 5.82 ਕਰੋੜ ਦਾ ਕਰ ਕੱਟਿਆ ਸੀ। ਕੱਟਿਆ ਗਿਆ ਕਰ ਠੇਕੇਦਾਤਾ ਦੁਆਰਾ ਸਬੰਧਤ ਮਹੀਨਿਆਂ ਦੇ ਅੰਤ ਦੇ 15 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਜ਼ਰੂਰੀ ਸੀ ਪਰ ਠੇਕੇਦਾਰ ਨੂੰ ਜਾਰੀ ਕੀਤੇ ਗਏ ਟੀ ਡੀ ਐਸ ਸਰਟੀਫਿਕੇਟਾਂ ਤੋਂ ਦਿਖਾਈ ਦਿੰਦਾ ਹੈ ਕਿ ਠੇਕੇਦਾਤਾ ਨੇ ਦੇਣ ਵਾਲੀ ਨਿਰਧਾਰਤ ਮਿਤੀਆਂ ਤੋਂ ਬਾਅਦ ਕੱਟਿਆ ਹੋਇਆ ਕਰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਇਆ ਸੀ। ਲੇਖਾ ਪ੍ਰੀਖਿਆ ਨੇ ਸਹਾਇਕ ਕਮਿਸ਼ਨਰ ਰਾਜ ਕਰ, ਗੁਰਦਾਸਪੁਰ ਤੋਂ ਹੋਰ ਪੁਸ਼ਟੀ ਕੀਤੀ ਅਤੇ ਪਾਇਆ ਗਿਆ ਕਿ ਠੇਕੇਦਾਤਾ ਨੇ ਕੱਟੇ ਗਏ ਕਰ ਦੀ ਦੇਰੀ ਨਾਲ ਜਮ੍ਹਾਂ ਰਾਸ਼ੀ 'ਤੇ ਕੋਈ ਵਿਆਜ ਨਹੀਂ ਦਿੱਤਾ ਸੀ। ਪੰਜਾਬ ਵੈਲਿਊ ਐਡੇਡ ਕਰ ਐਕਟ ਦੇ ਉਪਬੰਧਾਂ ਦੇ ਅਨੁਸਾਰ, ਠੇਕੇਦਾਤਾ 41 ਤੋਂ 58 ਦਿਨਾਂ ਦੇ ਵਿਚਕਾਰ ਦੇਰੀ ਲਈ ਕਰ ਦੀ ਦੇਰੀ[20] ਨਾਲ ਜਮ੍ਹਾਂ ਰਕਮ 'ਤੇ ₹ 0.14 ਕਰੋੜ (**ਅੰਤਿਕਾ** 3.2) ਦਾ ਵਿਆਜ ਅਦਾ ਕਰਨ ਲਈ ਜ਼ਿੰਮੇਵਾਰ ਸੀ ਪਰ ਇਸਦਾ ਭੁਗਤਾਨ ਨਹੀਂ ਕੀਤਾ ਗਿਆ।

ਧਿਆਨ ਵਿੱਚ ਲਿਆਉਣ ਤੇ, ਸਹਾਇਕ ਕਮਿਸ਼ਨਰ ਨੇ ਦੱਸਿਆ (ਮਈ 2025) ਕਿ ਵਿਆਜ ਦੀ ਰਕਮ ਵਸੂਲਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ ਨੂੰ ਕੀਤੀ ਗਈ ਸੀ (ਅਗਸਤ 2024 ਅਤੇ ਅਕਤੂਬਰ 2024); ਉਨ੍ਹਾਂ ਦੇ ਜਵਾਬਾਂ ਦੀ ਉਡੀਕ ਹੈ (ਮਈ 2025)।

---

18 ਨਿਰਧਾਰਣ ਨਿਪਟਾਰਾ ਨੰਬਰ. 194 ਮਿਤੀ 14 ਦਸੰਬਰ 2022

19 ਟੀ ਆਈ ਐਨ: 03392075396

20 ਪੰਜਾਬ ਵੈਟ ਐਕਟ ਦੀ ਧਾਰਾ 27 (7) ਦੇ ਉਪਬੰਧਾਂ ਅਨੁਸਾਰ ਕਟੌਤੀ ਦੀ ਮਿਤੀ ਤੋਂ ਦੇਰੀ ਦਾ ਪਤਾ ਲਗਾਇਆ ਗਿਆ ਸੀ।

## ਮਾਲੀਆ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ

### 3.5 ਜਾਇਦਾਦਾਂ ਦੇ ਗਲਤ ਵਰਗੀਕਰਨ ਕਾਰਨ ਅਸ਼ਟਾਮ ਡਿਊਟੀ ਅਤੇ ਹੋਰ ਲਾਗੂ ਫ਼ੀਸਾਂ ਘੱਟ ਲਗਾਉਣਾ

***ਨੌਂ ਉਪ-ਰਜਿਸਟਰਾਰਾਂ/ਸੰਯੁਕਤ ਉਪ-ਰਜਿਸਟਰਾਰਾਂ ਨੇ ਜਾਇਦਾਦਾਂ ਦੇ ਗਲਤ ਵਰਗੀਕਰਣ ਕਾਰਨ 29 ਮਾਮਲਿਆਂ ਵਿੱਚ ₹ 3.39 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਹੋਰ ਲਾਗੂ ਫ਼ੀਸਾਂ ਘੱਟ ਲਗਾਈ।***

ਪੰਜਾਬ ਅਸ਼ਟਾਮ (ਘੱਟ ਮੁੱਲ ਵਾਲੇ ਵਿਲੇਖਾਂ ਦੀ ਡੀਲਿੰਗ) ਨਿਯਮਾਂਵਲੀ, 1983 ਦਾ ਨਿਯਮ 3-ਏ, ਕਿਸੇ ਜ਼ਿਲ੍ਹੇ ਦੇ ਕੁਲੈਕਟਰ ਨੂੰ ਆਪਣੇ ਜ਼ਿਲ੍ਹੇ ਵਿੱਚ ਸਥਿਤ ਜ਼ਮੀਨ/ਜਾਇਦਾਦਾਂ ਦਾ ਘੱਟੋ-ਘੱਟ ਬਜਾਰ ਮੁਲ ਵਾਲੇ, ਸਥਾਨ-ਵਾਰ ਅਤੇ ਸ਼੍ਰੇਣੀ-ਵਾਰ ਨਿਰਧਾਰਤ ਕਰਨ ਅਤੇ ਜਾਇਦਾਦ ਦੇ ਟਰਾਂਸਫਰ ਦੇ ਵਿੱਤੀ ਵਿਲੇਖਾਂ ਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਲਗਾਉਣ ਦੇ ਉਦੇਸ਼ ਲਈ ਇਸਨੂੰ ਰਜਿਸਟਰਿੰਗ ਅਫਸਰਾਂ ਨੂੰ ਸੂਚਿਤ ਕਰਨ ਦਾ ਅਧਿਕਾਰ ਦਿੰਦਾ ਹੈ।

ਭਾਰਤੀ ਅਸ਼ਟਾਮ ਐਕਟ, 1899 ਦੀ ਅਨੁਸੂਚੀ 1-ਏ ਦੀ ਐਂਟਰੀ 23 ਅਨੁਸਾਰ ਜਿਵੇਂ ਕਿ ਪੰਜਾਬ ਸਰਕਾਰ ਤੇ ਲਾਗੂ ਹੁੰਦੀ ਹੈ, ਜਾਇਦਾਦ ਦੀ ਵਿਕਰੀ ਦੇ ਕਾਰਨ ਟਰਾਂਸਫਰ ਦੇ ਵਿਲੇਖਾਂ ਉੱਤੇ ਪੰਜ *ਪ੍ਰਤੀਸ਼ਤ*[21] ਦੀ ਦਰ ਤੇ ਅਸ਼ਟਾਮ ਡਿਊਟੀ ਲਗਾਈ ਜਾਂਦੀ ਹੈ। ਇਸ ਤੋਂ ਇਲਾਵਾ ਰਜਿਸਟ੍ਰੇਸ਼ਨ ਐਕਟ, 1908 ਦੀ ਧਾਰਾ 78 ਦੁਆਰਾ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਪੰਜਾਬ ਸਰਕਾਰ ਦੁਆਰਾ ਅਜਿਹੇ ਵਿਲੇਖਾਂ 'ਤੇ ਦਸਤਾਵੇਜ਼ਾਂ ਦੇ ਮੁੱਲ ਦੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਰਜਿਸਟ੍ਰੇਸ਼ਨ ਫ਼ੀਸ, ਘੱਟੋ-ਘੱਟ ₹ 50 ਅਤੇ ਵੱਧ ਤੋਂ ਵੱਧ ₹ 2 ਲੱਖ ਨਿਰਧਾਰਤ ਕੀਤੀ ਹੈ।

ਉਪਰੋਕਤ ਤੋਂ ਇਲਾਵਾ, ਪੰਜਾਬ ਸਰਕਾਰ ਨੇ ਭਾਰਤੀ ਅਸ਼ਟਾਮ ਐਕਟ, 1899 ਦੀ ਅਨੁਸੂਚੀ 1-ਸੀ ਅਧੀਨ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਸਮਾਜਿਕ ਬੁਨਿਆਦੀ ਢਾਂਚਾ ਸੈੱਸ[22] (ਐਸ ਆਈ ਸੀ), ਪੰਜਾਬ ਉਦਯੋਗਿਕ ਵਿਕਾਸ ਐਕਟ, 2002 ਦੀ ਧਾਰਾ 25 ਅਧੀਨ ਬੁਨਿਆਦੀ ਢਾਂਚਾ ਵਿਕਾਸ ਫ਼ੀਸ[23] (ਆਈ ਡੀ ਐਫ) ਇੱਕ *ਪ੍ਰਤੀਸ਼ਤ* ਦੀ ਦਰ ਨਾਲ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ[24] (ਐਸ ਆਈ ਡੀ ਐਫ) 0.25 *ਪ੍ਰਤੀਸ਼ਤ* ਦੀ ਦਰ ਨਾਲ ਲਗਾਈ ਸੀ। ਹਾਲਾਂਕਿ, ਫਰਵਰੀ 2023 ਵਿੱਚ, ਪੰਜਾਬ ਸਰਕਾਰ ਨੇ 1 ਮਾਰਚ 2023 ਤੋਂ 31 ਮਾਰਚ 2023 ਤੱਕ ਰਾਜ ਦੇ ਅੰਦਰ ਕਿਸੇ ਵੀ ਅਚੱਲ ਜਾਇਦਾਦ ਖਰੀਦ ਦੇ ਮੁੱਲ 'ਤੇ ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫ਼ੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ ਮੁਆਫ਼[25] ਕਰ ਦਿੱਤੀ ਸੀ।

---

21 ਮਹਿਲਾਵਾਂ ਦੇ ਮਾਮਲੇ ਵਿੱਚ, ਅਸ਼ਟਾਮ ਡਿਊਟੀ ਤਿੰਨ *ਪ੍ਰਤੀਸ਼ਤ* ਦੀ ਦਰ ਨਾਲ ਲਾਗੂ ਹੁੰਦੀ ਹੈ ਕਿਉਂਕਿ ਸਰਕਾਰ ਨੇ ਪੰਜਾਬ ਰਾਜ ਵਿੱਚ ਮਹਿਲਾ ਖਰੀਦਦਾਰਾਂ ਦੇ ਹੱਕ ਵਿੱਚ ਕੰਵੇਅੰਸ ਦੇ ਵਿਲੇਖਾਂ ਨੂੰ ਲਾਗੂ ਕਰਨ ਤੇ ਅਸ਼ਟਾਂਮ ਡਿਊਟੀ ਵਿੱਚ ਦੋ *ਪ੍ਰਤੀਸ਼ਤ* ਦੀ ਕਟੌਤੀ ਕੀਤੀ ਸੀ।

22 ਐਸ ਆਈ ਸੀ ਅਧਿਸੂਚਨਾ ਨੰਬਰ 12-ਲੀਗ/2013 ਮਿਤੀ 6 ਫਰਵਰੀ 2013 ਰਾਹੀਂ ਲਗਾਇਆ ਗਿਆ ਸੀ।

23 ਆਈ ਡੀ ਐਫ ਅਧਿਸੂਚਨਾ ਨੰਬਰ ਐਸ ਓ 25/ਪੀ ਏ 8/2002/ਐਸ 25/2015 ਮਿਤੀ 24 ਜੂਨ 2015 ਦੁਆਰਾ ਲਗਾਇਆ ਗਿਆ ਸੀ।

24 ਐਸ ਆਈ ਡੀ ਐਫ ਅਧਿਸੂਚਨਾ ਨੰਬਰ ਐਸ ਓ 33/ਪੀ ਏ 8/2002/ਐਸ 25-ਏ/2021 ਮਿਤੀ 5 ਅਪ੍ਰੈਲ 2021 ਦੁਆਰਾ ਲਗਾਇਆ ਗਿਆ ਸੀ ।

25 ਅਧਿਸੂਚਨਾ ਨੰਬਰ ਐਸ ਓ 25/ਪੀ ਏ 8/2002/ਐਸ ਐਸ 25 ਅਤੇ 25-ਏ/2023 ਮਿਤੀ 28 ਫਰਵਰੀ 2023 ਰਾਹੀਂ ਇੱਕ *ਪ੍ਰਤੀਸ਼ਤ* ਆਈ ਡੀ ਐਫ ਅਤੇ 0.25 *ਪ੍ਰਤੀਸ਼ਤ* ਐਸ ਆਈ ਡੀ ਐਫ ਦੀ ਛੋਟ।
ਅਧਿਸੂਚਨਾ ਨੰਬਰ ਐਸ ਓ 26/ਸੀ ਏ 2/1899/ਐਸ 9/2023 ਮਿਤੀ 28 ਫਰਵਰੀ 2023 ਰਾਹੀਂ ਇੱਕ *ਪ੍ਰਤੀਸ਼ਤ* ਐਸ ਆਈ ਸੀ ਦੀ ਛੋਟ।

ਨੌਂ ਉਪ-ਰਜਿਸਟਰਾਰਾਂ/ਸੰਯੁਕਤ ਉਪ-ਰਜਿਸਟਰਾਰਾਂ ਦੇ ਰਿਕਾਰਡਾਂ ਦੀ ਪੜਤਾਲ (ਮਈ 2023 ਤੋਂ ਮਾਰਚ 2024 ਦੇ ਵਿਚਕਾਰ) ਨੇ ਦਰਸਾਇਆ ਕਿ ਜਾਇਦਾਦਾਂ ਦੇ ਟਰਾਂਸਫਰ ਦੇ 29 ਵਿਲੇਖਾਂ[26] ਜਿਨ੍ਹਾਂ ਦੀ ਕੀਮਤ ₹ 31.21 ਕਰੋੜ ਸੀ, ਖੇਤੀਬਾੜੀ/ਉਦਯੋਗਿਕ/ਫਾਰਮ ਹਾਊਸ ਜਾਇਦਾਦਾਂ ਦੀ ਦਰਾਂ ਨੂੰ ਲਾਗੂ ਕਰਕੇ ਰਜਿਸਟਰ ਕੀਤੇ ਗਏ ਸਨ, ਜਿਨ੍ਹਾਂ ਤੇ ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਰਜਿਸਟ੍ਰੇਸ਼ਨ ਫ਼ੀਸ, ਬੁਨਿਆਦੀ ਢਾਂਚਾ ਵਿਕਾਸ ਫ਼ੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ ₹ 2.10 ਕਰੋੜ ਲਗਾਈ ਗਈ ਸੀ। ਜਦੋਂ ਕਿ, ਰੈਵੀਨਿਊ ਰਿਕਾਰਡਾਂ ਅਨੁਸਾਰ ਰਜਿਸਟ੍ਰੇਸ਼ਨ ਦੇ ਸਮੇਂ ਇਨ੍ਹਾਂ ਜਾਇਦਾਦਾਂ ਦੀ ਸ਼੍ਰੇਣੀ ਰਿਹਾਇਸ਼ੀ/ਵਣਜ ਸੰਬੰਧੀ ਸੀ, ਇਸ ਲਈ, ਜਾਇਦਾਦਾਂ ਦੀ ਕੀਮਤ ₹ 80.64 ਕਰੋੜ ਹੋਣੀ ਲੋੜੀਂਦੀ ਸੀ ਜਿਸ ਉੱਤੇ ਅਸ਼ਟਾਮ ਡਿਊਟੀ ਅਤੇ ਹੋਰ ਲਾਗੂ ਫ਼ੀਸ ₹ 5.49 ਕਰੋੜ ਲਗਾਈ ਗਈ ਸੀ। ਜਾਇਦਾਦਾਂ ਦੇ ਗਲਤ ਵਰਗੀਕਰਣ ਦੇ ਨਤੀਜੇ ਵਜੋਂ ਅਸ਼ਟਾਮ ਡਿਊਟੀ ਅਤੇ ਹੋਰ ਲਾਗੂ ਫ਼ੀਸਾਂ ₹ 3.39 ਕਰੋੜ ਘੱਟ ਲਗਾਈ ਗਈ (**ਅੰਤਿਕਾ 3.3**)।

ਧਿਆਨ ਵਿੱਚ ਲਿਆਂਦੇ ਜਾਣ ਤੇ, ਉਪ-ਰਜਿਸਟਰਾਰ, ਜ਼ੀਰਕਪੁਰ ਨੇ ਦੱਸਿਆ (ਮਈ 2025) ਕਿ ਦੋ ਮਾਮਲਿਆਂ[27] ਵਿੱਚ ₹ 0.43 ਕਰੋੜ ਦੀ ਵਸੂਲੀ ਕੀਤੀ ਗਈ ਸੀ ਅਤੇ ਦੋ ਮਾਮਲੇ[28] ਭਾਰਤੀ ਅਸ਼ਟਾਮ ਐਕਟ, 1899 ਦੀ ਧਾਰਾ 47-ਏ ਦੇ ਅਧੀਨ ਭੇਜੇ ਗਏ ਸਨ। ਛੇ ਉਪ-ਰਜਿਸਟਰਾਰਾਂ[29] ਨੇ ਕਿਹਾ (ਦਸੰਬਰ 2024 ਤੋਂ ਜੂਨ 2025) ਕਿ ਮਾਮਲੇ ਭਾਰਤੀ ਅਸ਼ਟਾਮ ਐਕਟ, 1899 ਦੀ ਧਾਰਾ 47-ਏ ਅਧੀਨ ਕੁਲੈਕਟਰ ਨੂੰ ਭੇਜੇ ਗਏ ਸਨ। ਉਪ-ਰਜਿਸਟਰਾਰ ਲੁਧਿਆਣਾ ਦੱਖਣੀ-ਕੇਂਦਰੀ ਨੇ ਕਿਹਾ (ਅਗਸਤ 2023) ਕਿ ਰਿਕਾਰਡਾਂ ਦੀ ਤਸਦੀਕ ਤੋਂ ਬਾਅਦ ਕਾਰਵਾਈ ਕੀਤੀ ਜਾਵੇਗੀ। ਉਪ-ਰਜਿਸਟਰਾਰ ਰਾਏਕੋਟ ਨੇ ਕਿਹਾ (ਅਪ੍ਰੈਲ 2025) ਕਿ ਵਸੂਲੀ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ ਨੂੰ ਦਿੱਤੀ ਗਈ ਸੀ (ਅਕਤੂਬਰ 2024 ਅਤੇ ਜਨਵਰੀ 2025) ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਹੈ (ਮਈ 2025)।

---

26 ਅੰਮ੍ਰਿਤਸਰ-I (2), ਧਾਰੀਵਾਲ (1), ਜਲੰਧਰ-II (1), ਲੁਧਿਆਣਾ ਦੱਖਣੀ-ਕੇਂਦਰੀ (6), ਲੁਧਿਆਣਾ ਪੱਛਮੀ (3), ਮੁੱਲਾਂਪੁਰ ਦਾਖਾ (6), ਰਾਏਕੋਟ (2), ਸਾਹਨੇਵਾਲ (4) ਅਤੇ ਜ਼ੀਰਕਪੁਰ (4)

27 ਡੀਡ ਨੰਬਰ 3056, ਮਿਤੀ 27 ਮਈ 2022 (₹ 39,08,040), ਡੀਡ ਨੰਬਰ 3057 ਮਿਤੀ 27 ਮਈ 2022 (₹ 3,85,231)

28 ਡੀਡ ਨੰਬਰ 10824 ਅਤੇ 10825 ਮਿਤੀ 2 ਜਨਵਰੀ 2023

29 ਅੰਮ੍ਰਿਤਸਰ-I, ਧਾਰੀਵਾਲ, ਜਲੰਧਰ-II, ਲੁਧਿਆਣਾ ਪੱਛਮੀ, ਮੁੱਲਾਂਪੁਰ ਦਾਖਾਂ ਅਤੇ ਸਾਹਨੇਵਾਲ।

## 3.6 ਇਕਰਾਰਨਾਮੇ 'ਤੇ ਅਸ਼ਟਾਮ ਡਿਊਟੀ ਅਤੇ ਫ਼ੀਸ ਘੱਟ ਲਗਾਉਣਾ

***ਉਪ-ਰਜਿਸਟਰਾਰ, ਖਰੜ ਅਤੇ ਸੰਯੁਕਤ ਉਪ-ਰਜਿਸਟਰਾਰ, ਮਾਜਰੀ ਨੇ ਉਨ੍ਹਾਂ ਇਕਰਾਰਨਾਮਿਆਂ 'ਤੇ ₹0.93 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਫ਼ੀਸ ਘੱਟ ਲਗਾਈ, ਜਿਸ ਵਿੱਚ ਜਾਇਦਾਦਾਂ ਦੇ ਮਾਲਕਾਂ ਨੇ ਡਵੈਲਪਰਾਂ ਜਾਂ ਉਨ੍ਹਾਂ ਦੇ ਨਾਮਜ਼ਦ ਵਿਅਕਤੀਆਂ ਦੇ ਹੱਕ ਵਿੱਚ ਕਨਵੇਅੰਸ ਡੀਡਜ਼ ਰਜਿਸਟਰ ਕਰਨ ਲਈ ਆਪਣੇ ਆਪ ਨੂੰ ਬੰਨ੍ਹਿਆ ਅਤੇ ਸਹਿਮਤ ਵਾਲੇ ਨਕਦੀ ਅਤੇ ਵਿਕਸਤ ਪਲਾਟਾਂ ਦੇ ਬਦਲੇ ਡਿਵੈਲਪਰਾਂ ਨੂੰ ਜਾਇਦਾਦਾਂ ਦਾ ਭੌਤਿਕ ਕਬਜ਼ਾ ਦਿੱਤਾ।***

ਭਾਰਤੀ ਅਸ਼ਟਾਮ ਐਕਟ, 1899 ਦੀ ਅਨੁਸੂਚੀ 1-ਏ ਦੀ ਐਂਟਰੀ 5(ਸੀ), ਜਿਵੇਂ ਕਿ ਪੰਜਾਬ ਰਾਜ 'ਤੇ ਲਾਗੂ ਹੁੰਦੀ ਹੈ, ਅਚੱਲ ਜਾਇਦਾਦ ਵੇਚਣ ਸਬੰਧੀ ਇਕਰਾਰਨਾਮੇ 'ਤੇ ₹ 4,000 ਦੀ ਅਸ਼ਟਾਮ ਡਿਊਟੀ ਲਗਾਉਂਦੀ ਹੈ। ਹਾਲਾਂਕਿ ਜੇਕਰ 'ਵੇਚਣ ਲਈ ਇਕਰਾਰਨਾਮੇ'[30] ਤੋਂ ਬਾਅਦ ਅਚੱਲ ਜਾਇਦਾਦ ਦੇ ਮਾਮਲੇ ਵਿੱਚ ਕਬਜੇ ਦੀ ਸਪੁਰਦਗੀ ਹੁੰਦੀ ਹੈ ਜਾਂ ਇਸਦਾ ਸਬੂਤ ਮਿਲਦਾ ਹੈ, ਤਾਂ ਅਨੁਸੂਚੀ ਦੀ ਐਂਟਰੀ 5(ਸੀ ਸੀ) ਵਿਵਸਥਾ ਕਰਦੀ ਹੈ ਕਿ ਓਹੀ ਅਸ਼ਟਾਮ ਡਿਊਟੀ ਲਾਗੂ ਹੋਵੇਗੀ ਜੋ ਕਿ ਅਨੁਸੂਚੀ 1-ਏ ਦੀ ਐਂਟਰੀ 23 ਦੇ ਅਨੁਸਾਰ ਹੋਰ ਕਨਵੇਅੰਸਿਜ਼ [31] ਦੇ ਮਾਮਲੇ ਵਿੱਚ ਲਾਗੂ ਹੋਵੇਗੀ, ਜੋ ਕਿ ਅਜਿਹੇ ਇਕਰਾਰਨਾਮੇ ਦੀ ਪਾਲਣਾ ਵਿੱਚ ਕੀਤੇ ਗਏ ਕਨਵੇਅੰਸ ਦੇ ਐਕਸਿਕਿਊਸ਼ਨ ਦੇ ਸਮੇਂ ਲਗਾਣ ਵਾਲੀ ਡਿਊਟੀ ਸਮਾਯੋਜਨ ਦੇ ਅਧੀਨ ਹੈ। ਇਸ ਤੋਂ ਇਲਾਵਾ, ਪੰਜਾਬ ਅਸ਼ਟਾਮ (ਡਿਲਿੰਗ ਆਫ ਅੰਡਰਵੈਲਿਊਡ ਇੰਸਟਰੂਮੈਂਟਸ) ਨਿਯਮਾਂ, 1983 ਦੇ ਨਿਯਮ 3-ਏ ਦੇ ਨਾਲ ਪੜੀ ਗਈ ਅਨੁਸੂਚੀ 1-ਏ ਦੀ ਐਂਟਰੀ 23 ਅਨੁਸਾਰ, ਅਸ਼ਟਾਮ ਡਿਊਟੀ ਜ਼ਿਲ੍ਹੇ ਦੇ ਕੁਲੈਕਟਰ ਦੁਆਰਾ ਨਿਰਧਾਰਤ ਜ਼ਮੀਨ ਜਾਂ ਜਾਇਦਾਦ ਦੇ ਘੱਟੋ-ਘੱਟ ਬਾਜ਼ਾਰ ਮੁੱਲ ਦੇ ਅਧੀਨ ਦਸਤਾਵੇਜ ਵਿੱਚ ਨਿਰਧਾਰਤ ਕਨਸੀਡ੍ਰੇਸ਼ਨ ਮੁੱਲ ਤੇ ਭੁਗਤਾਨਯੋਗ ਹੈ।

ਰਜਿਸਟ੍ਰੇਸ਼ਨ ਐਕਟ, 1908 ਦੀ ਧਾਰਾ 78 ਰਾਜ ਸਰਕਾਰ ਨੂੰ ਦਸਤਾਵੇਜਾਂ ਦੀ ਰਜਿਸਟ੍ਰੇਸ਼ਨ ਲਈ ਫ਼ੀਸ ਨਿਰਧਾਰਿਤ ਕਰਨ ਦਾ ਅਧਿਕਾਰ ਦਿੰਦੀ ਹੈ। ਇਸ ਅਧਿਕਾਰ ਦੀ ਵਰਤੋਂ ਕਰਦੇ ਹੋਏ, ਪੰਜਾਬ ਸਰਕਾਰ ਨੇ ਦਸਤਾਵੇਜ਼ ਦੇ ਮੁੱਲ ਦੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਰਜਿਸਟ੍ਰੇਸ਼ਨ ਫ਼ੀਸ ਨਿਰਧਾਰਿਤ ਕੀਤੀ ਹੈ, ਜੋ ਲਾਜ਼ਮੀ ਤੌਰ ਤੇ ਰਜਿਸਟਰ ਕੀਤੇ ਜਾਣ ਵਾਲੇ[32] ਸਾਰੇ ਦਸਤਾਵੇਜ਼ਾਂ ਤੇ ਘੱਟੋ-ਘੱਟ ₹ 50 ਅਤੇ ਵੱਧ-ਤੋਂ-ਵੱਧ ₹ 2 ਲੱਖ ਹੈ।

ਪੰਜਾਬ ਸਰਕਾਰ ਨੇ ਫਰਵਰੀ 2013 ਵਿੱਚ ਅਨੁਸੂਚੀ 1-ਏ ਦੀ ਐਂਟਰੀ 23 ਅਧੀਨ ਦਰਸਾਈ ਕਿਸੇ ਵੀ ਅਚੱਲ ਜਾਇਦਾਦ ਦੀ ਖਰੀਦ ਦੇ ਮੁੱਲ 'ਤੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਸਮਾਜਿਕ ਬੁਨਿਆਦੀ ਢਾਂਚਾ ਸੈੱਸ ਲਗਾਇਆ ਸੀ। ਇਸ ਤੋਂ ਇਲਾਵਾ, ਇਸ ਨੇ ਜੂਨ 2015 ਵਿੱਚ ਪੰਜਾਬ ਰਾਜ ਦੇ ਅੰਦਰ ਕਿਸੇ ਵੀ ਅਚੱਲ ਜਾਇਦਾਦ ਦੀ ਖਰੀਦ ਦੇ ਮੁੱਲ 'ਤੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਬੁਨਿਆਦੀ ਢਾਂਚਾ ਵਿਕਾਸ ਫ਼ੀਸ ਅਤੇ 5 ਅਪ੍ਰੈਲ 2021 ਤੋਂ 0.25 *ਪ੍ਰਤੀਸ਼ਤ* ਦੀ ਦਰ ਨਾਲ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ ਵੀ ਲਗਾਈ। ਹਾਲਾਂਕਿ, ਫਰਵਰੀ 2023 ਵਿੱਚ, ਪੰਜਾਬ ਸਰਕਾਰ ਨੇ

30 'ਵੇਚਣ ਲਈ ਇਕਰਾਰਨਾਮਾ' ਇੱਕ ਇਕਰਾਰ ਦਸਤਾਵੇਜ਼ ਹੈ ਜੋ ਭਵਿੱਖ ਦੀ ਮਿਤੀ ਤੇ ਕਿਸੇ ਜਾਇਦਾਦ ਦੀ ਮਾਲਕੀ ਦੇ ਟਰਾਂਸਫਰ ਲਈ ਕੀਮਤ ਸਮੇਤ ਨਿਯਮਾਂ ਅਤੇ ਸ਼ਰਤਾਂ ਦੀ ਰੂਪ-ਰੇਖਾ ਦਰਸਾਉਂਦਾ ਹੈ।

31 ਅਨੁਸੂਚੀ 1-ਏ ਦੀ ਐਂਟਰੀ 23 ਅਨੁਸਾਰ ਹੋਰ ਕਨਵੇਐਂਸ਼ਿਜ ਤੇ ਤਿੰਨ *ਪ੍ਰਤੀਸ਼ਤ* ਦੀ ਦਰ ਨਾਲ ਅਸ਼ਟਾਮ ਡਿਊਟੀ ਲਾਗੂ ਹੁੰਦੀ ਹੈ।

32 ਅਚੱਲ ਜਾਇਦਾਦ ਦੇ ਲੀਜ਼ ਤੋਂ ਇਲਾਵਾ।

1 ਮਾਰਚ 2023 ਤੋਂ 31 ਮਾਰਚ 2023 ਤੱਕ ਰਾਜ ਦੇ ਅੰਦਰ ਕਿਸੇ ਵੀ ਅਚੱਲ ਜਾਇਦਾਦ ਦੀ ਖਰੀਦ ਦੇ ਮੁੱਲ 'ਤੇ ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫ਼ੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ ਮੁਆਫ ਕਰ ਦਿੱਤੀ[33]।

ਉਪ-ਰਜਿਸਟਰਾਰ, ਖਰੜ ਅਤੇ ਸੰਯੁਕਤ ਉਪ-ਰਜਿਸਟਰਾਰ, ਮਾਜਰੀ ਦੇ ਰਿਕਾਰਡਾਂ ਦੀ ਪੜਤਾਲ (ਜਨਵਰੀ 2024) ਨੇ ਦਰਸਾਇਆ ਕਿ ਅਪ੍ਰੈਲ 2022 ਅਤੇ ਮਾਰਚ 2023 ਦੇ ਵਿਚਕਾਰ ਤਿੰਨ ਡਿਵੈਲਪਰਾਂ ਦੇ ਹੱਕ ਵਿੱਚ ₹ 0.11 ਕਰੋੜ[34] ਦੀ ਅਸ਼ਟਾਮ ਡਿਊਟੀ ਅਤੇ ਫ਼ੀਸਾਂ ਲਗਾ ਕੇ ਨੌਂ[35] ਇਕਰਾਰਨਾਮੇ ਰਜਿਸਟਰ ਕੀਤੇ ਗਏ ਸਨ। ਇਨ੍ਹਾਂ ਇਕਰਾਰਨਾਮਿਆਂ ਵਿੱਚ, ਜਾਇਦਾਦਾਂ ਦੇ ਮਾਲਕ ਆਪਣੇ ਆਪ ਨੂੰ ਡਿਵੈਲਪਰਾਂ ਜਾਂ ਉਹਨਾਂ ਦੇ ਨਾਮਜ਼ਦ ਵਿਅਕਤੀਆਂ ਦੇ ਹੱਕ ਵਿੱਚ ਕਨਵੇਅੰਸ ਡੀਡਜ਼ ਨੂੰ ਰਜਿਸਟਰ ਕਰਨ ਲਈ ਪਾਬੰਦ ਹੋਏ ਅਤੇ ਸਹਿਮਤੀਸ਼ੁਦਾ ਨਕਦੀ ਅਤੇ ਵਿਕਸਤ ਪਲਾਟਾਂ ਦੇ ਬਦਲੇ ਡਿਵੈਲਪਰਾਂ ਨੂੰ ਜਾਇਦਾਦਾਂ ਦਾ ਭੌਤਿਕ ਕਬਜ਼ਾ ਸੌਂਪ ਦਿੱਤਾ ਜਿਨ੍ਹਾਂ ਦਾ ਕੰਸੀਡਰੇਸ਼ਨ ਮੁੱਲ ₹19.78 ਕਰੋੜ ਸੀ। ਅਨੁਸੂਚੀ-I ਏ ਦੀ ਐਂਟਰੀ 5(ਸੀ ਸੀ) ਦੇ ਉਪਬੰਧਾਂ ਅਨੁਸਾਰ ਇਨ੍ਹਾਂ ਇਕਰਾਰਨਾਮਿਆਂ ਤੇ ₹ 19.78 ਕਰੋੜ[36] ਦੇ ਕੰਸੀਡਰੇਸ਼ਨ ਮੁੱਲ ਤੇ ₹ 1.03 ਕਰੋੜ[37] ਦੀ ਅਸ਼ਟਾਮ ਡਿਊਟੀ ਅਤੇ ਫ਼ੀਸ ਲਗਾਉਣੀ ਸੀ। ਹਾਲਾਂਕਿ, ਉਪ-ਰਜਿਸਟਰਾਰ/ਸੰਯੁਕਤ ਉਪ-ਰਜਿਸਟਰਾਰ ਨੇ ਹੋਰ ਫ਼ੀਸਾਂ ਘੱਟ ਲਗਾਉਣ ਤੋਂ ਇਲਾਵਾ ਹਰੇਕ ਮਾਮਲੇ ਵਿੱਚ ₹ 4,000 ਦੀ ਅਸ਼ਟਾਮ ਡਿਊਟੀ ਲਗਾਈ, ਨਤੀਜੇ ਵਜੋਂ ₹ 0.93 ਕਰੋੜ[38] ਦੀ ਅਸ਼ਟਾਮ ਡਿਊਟੀ ਅਤੇ ਫ਼ੀਸਾਂ ਘੱਟ ਲਗਾਈਆਂ ਗਈਆਂ ਸਨ (**ਅੰਤਿਕਾ** 3.4)।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਉਪ-ਰਜਿਟਰਾਰ ਖਰੜ ਅਤੇ ਸੰਯੁਕਤ ਉਪ-ਰਜਿਸਟਰਾਰ ਮਾਜਰੀ ਨੇ ਜਵਾਬ ਦਿੱਤਾ (ਮਈ 2025) ਕਿ ਮਾਮਲੇ ਭਾਰਤੀ ਅਸ਼ਟਾਮ ਐਕਟ, 1899 ਦੀ ਧਾਰਾ 47-ਏ ਅਧੀਨ ਕੁਲੈਕਟਰ ਨੂੰ ਭੇਜੇ ਗਏ ਹਨ।

ਇਸ ਮਾਮਲੇ ਦੀ ਰਿਪੋਰਟ ਸਰਕਾਰ ਅਤੇ ਵਿਭਾਗ (ਜੁਲਾਈ ਅਤੇ ਅਗਸਤ 2024) ਨੂੰ ਕੀਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਮਈ 2025)।

**ਸਰਕਾਰ ਵਿਭਾਗ ਨੂੰ ਇਸ ਪੈਰ੍ਹਾਂ ਵਿੱਚ ਦਰਸਾਏ ਗਏ ਮਾਮਲਿਆਂ ਵਿੱਚ ₹ 0.93 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਫ਼ੀਸ ਵਸੂਲਣ ਦੇ ਨਿਰਦੇਸ਼ ਦੇ ਸਕਦੀ ਹੈ ਅਤੇ ਇਹ ਯਕੀਨੀ ਬਣਾ ਸਕਦੀ ਹੈ ਕਿ ਜਾਇਦਾਦਾਂ ਦੇ ਕਬਜ਼ੇ ਦੀ ਸਪੁਰਦਗੀ ਦੇ ਇਕਰਾਰਨਾਮੀਆਂ ਦੇ ਲਾਗੂ ਕਰਨ ਸਮੇਂ ਲਗਾਈ ਜਾਣ ਵਾਲੀਆਂ ਡਿਊਟੀਆਂ ਸਹੀ ਢੰਗ ਨਾਲ ਲਗਾਈਆਂ ਜਾਣ।**

---

33 ਨੋਟੀਫਿਕੇਸ਼ਨ ਨੰਬਰ ਐਸ ਓ 25/ਪੀ ਏ 8/2002/ਐਸ ਐਸ 25 ਅਤੇ 25-ਏ/2023 ਮਿਤੀ 28 ਫਰਵਰੀ 2023 ਰਾਹੀਂ ਇੱਕ *ਪ੍ਰਤੀਸ਼ਤ* ਆਈ ਡੀ ਐਫ ਅਤੇ 0.25 *ਪ੍ਰਤੀਸ਼ਤ* ਐਸ ਆਈ ਡੀ ਐਫ ਦੀ ਛੋਟ
ਨੋਟੀਫਿਕੇਸ਼ਨ ਨੰਬਰ ਐਸ ਓ 26/ਸੀ ਏ 2/1899/ਐਸ 9/2023 ਮਿਤੀ 28 ਫਰਵਰੀ 2023 ਰਾਹੀਂ ਇੱਕ *ਪ੍ਰਤੀਸ਼ਤ* ਐਸ ਆਈ ਸੀ ਦੀ ਛੋਟ

34 ਅਸ਼ਟਾਮ ਡਿਊਟੀ: ₹ 36,000, ਰਜਿਸਟ੍ਰੇਸ਼ਨ ਫ਼ੀਸ: ₹ 10,41,617

35 ਖਰੜ (8) ਅਤੇ ਮਾਜਰੀ (1)

36 ਕੰਨਸੀਡ੍ਰੇਸ਼ਨ ਮੁੱਲ ਵੇਚੀ ਜਾਣ ਵਾਲੀ ਸਹਿਮਤ ਹੋਈ ਜਾਇਦਾਦ ਦੇ ਕੁਲੈਕਟਰ ਮੁੱਲ ਜਾਂ ਸਹਿਮਤ/ਪ੍ਰਾਪਤ ਕੰਨਸੀਡ੍ਰੇਸ਼ਨ ਮੁੱਲ ਤੋਂ ਵੱਧ ਹੁੰਦਾ ਹੈ ਜਿਸ ਵਿੱਚ ਨਕਦ ਅਤੇ ਵਿਕਸਤ ਪਲਾਟਾਂ ਦਾ ਘੱਟੋ ਘੱਟ ਕੁਲੈਕਟਰ ਮੁੱਲ ਸ਼ਾਮਲ ਹੁੰਦਾ ਹੈ

37 ਅਸ਼ਟਾਮ ਡਿਊਟੀ: ₹ 59,35,202, ਰਜਿਸਟ੍ਰੇਸ਼ਨ ਫ਼ੀਸ: ₹ 10,60,503, ਸਮਾਜਿਕ ਬੁਨਿਆਦੀ ਢਾਂਚਾ ਸੈੱਸ ₹ 14,89,151, ਬੁਨਿਆਦੀ ਢਾਂਚਾ ਵਿਕਾਸ ਫ਼ੀਸ: ₹ 14,89,151 ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ: ₹ 3,72,288

38 ਅਸ਼ਟਾਮ ਡਿਊਟੀ: ₹ 58,99,202, ਰਜਿਸਟ੍ਰੇਸ਼ਨ ਫ਼ੀਸ: ₹ 18,886, ਸਮਾਜਿਕ ਬੁਨਿਆਦੀ ਢਾਂਚਾ ਸੈੱਸ ₹ 14,89,151, ਬੁਨਿਆਦੀ ਢਾਂਚਾ ਵਿਕਾਸ ਫ਼ੀਸ: ₹ 14,89,151 ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ: ₹ 3,72,288

## 3.7 ਜਾਇਦਾਦਾਂ ਦੇ ਘੱਟ ਮੁਲਾਂਕਣ ਕਾਰਨ ਅਸ਼ਟਾਮ ਡਿਊਟੀ ਅਤੇ ਫ਼ੀਸਾਂ ਘੱਟ ਲਗਾਉਣਾ

***ਸੰਯੁਕਤ ਉਪ-ਰਜਿਸਟਰਾਰ, ਜ਼ੀਰਕਪੁਰ ਨੇ ਤਿੰਨ ਮਾਮਲਿਆਂ ਵਿੱਚ ਜਾਇਦਾਦਾਂ ਦਾ ਮੁੱਲ ਘੱਟ ਲਗਾਇਆ ਅਤੇ ₹0.44 ਕਰੋੜ ਦੀ ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਰਜਿਸਟ੍ਰੇਸ਼ਨ ਫ਼ੀਸ, ਬੁਨਿਆਦੀ ਢਾਂਚਾ ਵਿਕਾਸ ਫ਼ੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ ਘੱਟ ਲਗਾਈ।***

ਪੰਜਾਬ ਅਸ਼ਟਾਮ (ਘੱਟ ਮੁੱਲ ਵਾਲੇ ਵਿਲੇਖਾਂ ਦੀ ਡੀਲਿੰਗ) ਨਿਯਮ, 1983 ਦਾ ਨਿਯਮ 3-ਏ ਕਿਸੇ ਜ਼ਿਲ੍ਹੇ ਦੇ ਕੁਲੈਕਟਰ ਨੂੰ ਜ਼ਿਲ੍ਹੇ ਵਿੱਚ ਸਥਿਤ ਜ਼ਮੀਨ/ਜਾਇਦਾਦਾਂ ਦਾ ਘੱਟੋਂ-ਘੱਟ ਬਾਜ਼ਾਰ ਮੁੱਲ, ਇਲਾਕਾ-ਵਾਰ ਅਤੇ ਸ਼੍ਰੇਣੀ-ਵਾਰ ਤੈਅ ਕਰਨ ਅਤੇ ਜਾਇਦਾਦ ਦੇ ਟਰਾਂਸਫਰ ਦੇ ਵਿਲੇਖਾਂ 'ਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਲਗਾਉਣ ਦੇ ਮੰਤਵ ਲਈ ਰਜਿਸਟਰਿੰਗ ਅਫਸਰ (ਅਫਸਰਾਂ) ਨੂੰ ਇਸ ਬਾਰੇ ਸੂਚਿਤ ਕਰਨ ਦਾ ਅਧਿਕਾਰ ਪ੍ਰਦਾਨ ਕਰਦਾ ਹੈ।

ਜ਼ੀਰਕਪੁਰ ਲਈ ਕੁਲੈਕਟਰ ਐਸ ਏ ਐਸ ਨਗਰ ਵੱਲੋਂ ਤੈਅ ਦਰ ਸੂਚੀ ਦੀ ਸ਼ਰਤ ਨੰਬਰ ਚਾਰ ਅਨੁਸਾਰ, ਜੇ ਬਹੁਤ ਸਾਰੇ ਖਰੀਦਦਾਰ/ਵਿਕਰੇਤਾ ਸਨ ਅਤੇ ਪ੍ਰਤੀ ਖਰੀਦਦਾਰ/ਵਿਕਰਤ ਦਾ ਹਿੱਸਾ 500 ਵਰਗ ਮੀਟਰ ਤੋਂ ਘੱਟ ਸੀ ਤਾਂ ਰਿਹਾਇਸ਼ੀ ਜਾਇਦਾਦ ਦੀਆਂ ਦਰਾਂ ਲਾਗੂ ਸਨ।

ਸੰਯੁਕਤ ਉਪ-ਰਜਿਸਟਰਾਰ, ਜ਼ੀਕਰਪੁਰ ਦੇ 2022-23 ਦੇ ਰਿਕਾਰਡ ਦੀ ਪੜਤਾਲਾਂ (ਜਨਵਰੀ 2024) ਨੇ ਦਰਸਾਇਆ ਕਿ ਖੇਤੀਬਾੜੀ ਜਾਇਦਾਦ ਦੀਆਂ ਦਰਾਂ ਲਾਗੂ ਕਰਕੇ ਰਜਿਸਟਰ ਕੀਤੇ ਸਮੇਂ ਤਿੰਨ ਵਿਲੇਖਾਂ ਦੀ ਕੀਮਤ ₹ 1.82 ਕਰੋੜ ਸੀ, ਜਿਸ 'ਤੇ ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਰਜਿਸਟ੍ਰੇਸ਼ਨ ਫ਼ੀਸ, ਬੁਨਿਆਦੀ ਢਾਂਚਾ ਵਿਕਾਸ ਫ਼ੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ ₹ 0.15 ਕਰੋੜ ਲਗਾਈ ਗਈ ਸੀ। ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਤਿੰਨਾਂ ਵਿਲੇਖਾਂ ਵਿੱਚ ਕਈ ਖਰੀਦਦਾਰ ਸਨ ਅਤੇ ਹਰੇਕ ਖਰੀਦਦਾਰ ਦਾ ਹਿੱਸਾ 500 ਵਰਗ ਮੀਟਰ[39] ਤੋਂ ਘੱਟ ਸੀ, ਇਸ ਲਈ ਕੁਲੈਕਟਰ ਦਰ ਸੂਚੀ ਦੀ ਸ਼ਰਤ ਦੇ ਅਨੁਸਾਰ ਰਿਹਾਇਸ਼ੀ ਦਰਾਂ ਲਾਗੂ ਕਰਕੇ ਜਾਇਦਾਦਾਂ ਦੀ ਕੀਮਤ ₹ 7.54 ਕਰੋੜ ਨਿਰਧਾਰਿਤ ਕਰਨਾ ਲੋੜੀਂਦੀ ਸੀ ਜਿਸ ਵਿੱਚ ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਰਜਿਸਟ੍ਰੇਸ਼ਨ ਫ਼ੀਸ, ਬੁਨਿਆਦੀ ਢਾਂਚਾ ਵਿਕਾਸ ਫ਼ੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ ₹ 0.59 ਕਰੋੜ ਲਗਾਇਆ ਜਾਣਾ ਸੀ। ਜਾਇਦਾਦਾਂ ਦੇ ਘੱਟ ਮੁਲਾਂਕਣ ਦੇ ਨਤੀਜੇ ਵਜੋਂ ₹ 0.44 ਕਰੋੜ ਦੀ ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਰਜਿਸਟ੍ਰੇਸ਼ਨ ਫ਼ੀਸ, ਬੁਨਿਆਦੀ ਢਾਂਚਾ ਵਿਕਾਸ ਫ਼ੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫ਼ੀਸ ਘੱਟ ਲਗਾਈ ਗਈ ਸੀ (**ਅੰਤਿਕਾ** 3.5)।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਸੰਯੁਕਤ ਉਪ-ਰਜਿਸਟਰਾਰ, ਜ਼ੀਰਕਪੁਰ ਨੇ ਜਵਾਬ ਦਿੱਤਾ (ਮਈ 2025) ਕਿ ਮਾਮਲੇ ਭਾਰਤੀ ਅਸ਼ਟਾਮ ਐਕਟ, 1899 ਦੀ ਧਾਰਾ 47-ਏ ਅਧੀਨ ਕਾਰਵਾਈ ਲਈ ਭੇਜੇ ਗਏ ਹਨ।

[39] 500 ਵਰਗ ਮੀਟਰ 597.995 ਵਰਗ ਗਜ਼ਾਂ ਦੇ ਬਰਾਬਰ ਹੈ

ਇਸ ਮਾਮਲੇ ਦੀ ਰਿਪੋਰਟ ਸਰਕਾਰ ਅਤੇ ਵਿਭਾਗ (ਅਕਤੂਬਰ 2024) ਨੂੰ ਕੀਤੀ ਗਈ ਸੀ, ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਮਈ 2025)।

## 3.8 ਛੋਟ ਅਧਿਸੂਚਨਾਵਾਂ ਵਿੱਚ ਅਸਪਸ਼ਟਤਾ ਕਾਰਨ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫ਼ੀਸ ਅਤੇ ਸਮਾਜਿਕ ਬੁਨਿਆਦੀ ਢਾਂਚਾ ਸੈੱਸ ਨਾ ਲਗਾਉਣਾ

***ਦੋ ਉਪ-ਰਜਿਸਟਰਾਰਾਂ ਨੇ ਛੋਟ ਅਧਿਸੂਚਨਾਵਾਂ ਵਿੱਚ ਅਸਪਸ਼ਟਤਾ ਦੇ ਕਾਰਨ ਜਾਇਦਾਦਾਂ ਦੇ ਟਰਾਂਸਫਰਾਂ ਦੇ 10 ਮਾਮਲਿਆਂ ਵਿੱਚ ਹਿੰਦੂ ਅਣਵੰਡੇ ਪਰਿਵਾਰਾਂ ਨੂੰ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫ਼ੀਸ ਅਤੇ ਸਮਾਜਿਕ ਬੁਨਿਆਦੀ ਢਾਂਚਾ ਸੈੱਸ ਦੇ ਰੂਪ ਵਿੱਚ ₹0.14 ਕਰੋੜ ਦੀ ਛੋਟ ਦਿੱਤੀ।***

ਭਾਰਤੀ ਅਸ਼ਟਾਮ ਐਕਟ, 1899 ਦੀ ਅਨੁਸੂਚੀ 1-ਏ ਐਂਟਰੀ 23, ਜਿਵੇਂ ਕਿ ਪੰਜਾਬ ਰਾਜ ਵਿੱਚ ਲਾਗੂ ਹੁੰਦਾ ਹੈ ਦੇ ਮੁਤਾਬਿਕ ਜਦੋਂ ਕਿਸੇ ਅਚੱਲ ਜਾਇਦਾਦ ਨੂੰ ਅਚੱਲ ਜਾਇਦਾਦ ਦੀ ਵਿਕਰੀ ਤੋਂ ਇਲਾਵਾ ਕਿਸੇ ਹੋਰ ਤਰੀਕੇ ਨਾਲੇ ਟਰਾਂਸਫਰ ਕੀਤਾ ਜਾਂਦਾ ਹੈ, ਤਾਂ ਅਜਿਹੇ ਵਿਲੇਖਾਂ 'ਤੇ ਤਿੰਨ ਪ੍ਰਤੀਸ਼ਤ[40] ਦੀ ਦਰ ਨਾਲ ਅਸ਼ਟਾਮ ਡਿਊਟੀ ਲਾਗੂ ਹੁੰਦੀ ਹੈ। ਇਸ ਤੋਂ ਇਲਾਵਾ, ਸਬੰਧਤ[41] ਐਕਟ ਦੀਆਂ ਉਪਬੰਧਾਂ ਅਨੁਸਾਰ ਅਜਿਹੇ ਵਿਲੇਖਾਂ ਤੇ ਇੱਕ *ਪ੍ਰਤੀਸ਼ਤ*[42] ਦੀ ਦਰ ਨਾਲ ਰਜਿਸਟ੍ਰੇਸ਼ਨ ਫ਼ੀਸ ਅਤੇ ਇੱਕ *ਪ੍ਰਤੀਸ਼ਤ*[43] ਦੀ ਦਰ ਨਾਲ ਸਮਾਜਿਕ ਬੁਨਿਆਦੀ ਢਾਂਚਾ ਸੈੱਸ ਵੀ ਲਗਨਯੋਗ ਹੈ। ਹਾਲਾਂਕਿ, ਉਪਰੋਕਤ ਡਿਊਟੀਆਂ ਅਤੇ ਫ਼ੀਸ ਉਨ੍ਹਾਂ ਵਿਲੇਖਾਂ ਤੋਂ ਭੁਗਤਾਨਯੋਗ ਨਹੀਂ ਹੈ ਜੋ ਮਾਲਕਾਂ ਦੁਆਰਾ ਆਪਣੇ ਜੀਵਨ ਕਾਲ ਦੌਰਾਨ ਆਪਣੇ ਕਿਸੇ ਵੀ ਖੂਨ ਦੇ ਰਿਸ਼ਤਿਆਂ ਜਾਂ ਜੀਵਨ ਸਾਥੀ ਨੂੰ ਪੰਜਾਬ ਸਰਕਾਰ ਦੁਆਰਾ ਮਨਜ਼ੂਰ ਛੋਟਾਂ ਦੇ ਕਾਰਨ ਅਚੱਲ ਜਾਇਦਾਦ ਨੂੰ ਟਰਾਂਸਫਰ ਉੱਤੇ ਲਾਗੂ ਕੀਤੇ ਜਾਂਦੇ ਹਨ। ਵਿਲੇਖਾਂ 'ਤੇ ਅਸ਼ਟਾਮ ਡਿਉਟੀ, ਰਜਿਸਟ੍ਰੇਸ਼ਨ ਫ਼ੀਸ ਅਤੇ ਸਮਾਜਿਕ ਬੁਨਿਆਦੀ ਢਾਂਚਾ ਸੈੱਸ ਤੋਂ ਛੋਟ ਦੀ ਇਜਾਜ਼ਤ ਪੰਜਾਬ ਸਰਕਾਰ ਵੱਲੋਂ ਮਈ 2014 ਅਤੇ ਨਵੰਬਰ 2015 ਵਿੱਚ ਜਾਰੀ ਤਿੰਨ ਅਧਿਸੂਚਨਾਵਾਂ[44] ਰਾਹੀਂ ਦਿੱਤੀ ਗਈ ਸੀ।

ਲੇਖਾ ਪ੍ਰੀਖਿਆ ਨੇ ਸਾਲ 2022-23 ਲਈ ਦੋ ਉਪ-ਰਜਿਸਟਰਾਰਾਂ ਦੇ ਰਿਕਾਰਡਾਂ ਤੋਂ ਦੇਖਿਆ (ਮਈ 2023) ਕਿ ਉਪ-ਰਜਿਸਟਰਾਰਾਂ ਨੇ ਖੂਨ ਦੇ ਰਿਸ਼ਤਿਆਂ ਅਤੇ ਜੀਵਨ ਸਾਥੀ ਨੂੰ ਅੱਚਲ ਜਾਇਦਾਦਾਂ ਦੇ ਟਰਾਂਸਫਰ ਲਈ ਲਾਗੂ ਕੀਤੇ ਗਏ 10 ਵਿਲੇਖਾਂ[45] 'ਤੇ ਅਸ਼ਟਾਮ ਡਿਊਟੀ ਅਤੇ ਹੋਰ ਫ਼ੀਸਾਂ ਤੋਂ ਛੋਟ ਦੀ ਮਨਜ਼ੂਰੀ ਦਿੱਤੀ। ਇਨ੍ਹਾਂ ਵਿਲੇਖਾਂ ਦੀ ਹੋਰ ਪੜਤਾਲ ਕਰਨ 'ਤੇ ਲੇਖਾ ਪ੍ਰੀਖਿਆ ਨੇ ਦੇਖਿਆ ਕਿ ਜਾਇਦਾਦਾਂ ਤੇ ਟਰਾਂਸਫਰ ਲਈ ਵਿਲੇਖਾਂ ਸਬੰਧਤ ਵਿਅਕਤੀਆਂ ਦੁਆਰਾ ਆਪਣੀ ਨਿੱਜੀ ਸਮਰੱਥਾ ਵਿੱਚ ਵਿਅਕਤੀਗਤ ਤੌਰ 'ਤੇ ਲਾਗੂ ਨਹੀਂ ਕੀਤੇ ਸਨ, ਬਲਕਿ ਹਿੰਦੂ ਅਣਵੰਡੇ ਪਰਿਵਾਰਾਂ

40 ਮਹਿਲਾਵਾਂ ਦੇ ਮਾਮਲੇ ਵਿੱਚ, ਸਰਕਾਰ ਨੇ ਅਸ਼ਟਾਮ ਡਿਊਟੀ ਵਿੱਚ ਜਦੋਂ ਪੰਜਾਬ ਰਾਜ ਵਿੱਚ ਮਹਿਲਾ ਖਰੀਦਦਾਰਾਂ ਦੇ ਹੱਕ ਵਿੱਚ ਕੰਨਵੇਅੰਸੀਜ਼ ਵਿਲੇਖਾਂ ਤਿਆਰ ਕੀਤੇ ਜਾਂਦੇ ਹਨ, ਦੋ ਪ੍ਰਤੀਸ਼ਤ ਦੀ ਕਟੌਤੀ ਕੀਤੀ ਸੀ।

41 ਰਜਿਸਟ੍ਰੇਸ਼ਨ ਐਕਟ, 1908 ਦੀ ਧਾਰਾ 78 ਅਧੀਨ ਰਜਿਸਟ੍ਰੇਸ਼ਨ ਫ਼ੀਸ ਅਤੇ ਭਾਰਤੀ ਅਸ਼ਟਾਮ ਐਕਟ, 1899 ਦੀ ਅਨੁਸੂਚੀ-1 ਸੀ ਅਧੀਨ ਸਮਾਜਿਕ ਬੁਨਿਆਦੀ ਢਾਂਚਾ ਸੈੱਸ।

42 ਘੱਟੋ ਘੱਟ ₹ 50 ਅਤੇ ਵੱਧ ਤੋਂ ਵੱਧ ₹ 2 ਲੱਖ ਦੇ ਅਧੀਨ।

43 ਸਮਾਜਿਕ ਬੁਨਿਆਦੀ ਢਾਂਚਾ ਸੈੱਸ ਨੋਟੀਫਿਕੇਸ਼ਨ ਨੰਬਰ 12-ਲੀਗ/2013 ਮਿਤੀ 6 ਫਰਵਰੀ 2013 ਦੁਆਰਾ ਲਗਾਇਆ ਗਿਆ।

44 ਅਸ਼ਟਾਮ ਡਿਊਟੀ ਵਿੱਚ ਛੋਟ ਲਈ ਅਧਿਸੂਚਨਾ ਨੰਬਰ ਐਸ ਓ 28/ਸੀ ਏ 2/1899/ਐਸ 9/2014 ਮਿਤੀ 7 ਮਈ 2014 ਰਜਿਸਟ੍ਰੇਸ਼ਨ ਫ਼ੀਸ ਦੀ ਛੋਟ ਲਈ ਅਧਿਸੂਚਨਾ ਨੰਬਰ ਐਸ ਓ 47/ਸੀ ਏ XVI/1908/ਐਸ ਐਸ 78 ਅਤੇ 79/2015 ਮਿਤੀ 2 ਨਵੰਬਰ 2015 ਅਤੇ ਸਮਾਜਿਕ ਬੁਨਿਆਦੀ ਢਾਚਾ ਸੈੱਸ ਦੀ ਛੋਟ ਲਈ ਅਧਿਸੂਚਨਾ ਨੰਬਰ ਐਸ ਓ 48/ਸੀ ਏ 2/1899/ਐਸ 9/2015 ਮਿਤੀ 2 ਨਵੰਬਰ 2015

45 **ਡੇਰਾਬੱਸੀ** : ਡੀਡ ਨੰਬਰ. 5009, 5010, 5011, 5012, 5013, 5014, 5015, 5016 ਅਤੇ 5017 ਮਿਤੀ 9 ਫਰਵਰੀ 2023
**ਐਸ ਏ ਐਸ ਨਗਰ:** ਡੀਡ ਨੰ. 1309 ਮਿਤੀ 2 ਮਈ 2022

(ਐਚ ਯੂ ਐਫ) ਦੇ *ਕਰਤਾ* ਦੁਆਰਾ ਲਾਗੂ ਕੀਤੇ ਗਏ ਸਨ। ਕਿਉਂਕਿ ਇਹ ਵਿਲੇਖ ਹਿੰਦੂ ਅਣਵੰਡੇ ਪਰਿਵਾਰਾਂ ਦੇ *ਕਰਤਾ* ਦੁਆਰਾ ਲਾਗੂ ਕੀਤੇ ਗਏ ਸਨ, ਇਸ ਲਈ ਛੋਟਾਂ ਉਪਲਬਧ ਨਹੀਂ ਹੋਣੀ ਚਾਹੀਦੀਆਂ ਸਨ ਪਰ ਅਮਲ ਕਰਨ ਵਾਲੀਆਂ ਧਿਰਾਂ ਵਿਚਕਾਰ ਪਰਿਵਕਾਰ ਸੰਬੰਧਾਂ ਦੇ ਆਧਾਰ 'ਤੇ ਦਿੱਤੀਆਂ ਗਈਆਂ ਸਨ। ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਦੁਆਰਾ ਸਰਕਾਰ ਤੋਂ ਮੰਗੇ ਗਏ ਸਪਸ਼ਟੀਕਰਨ ਵਿੱਚ ਲੇਖਾ ਪ੍ਰੀਖਿਆ ਨੂੰ ਇਹ ਸੂਚਿਤ ਕੀਤਾ ਗਿਆ ਸੀ ਕਿ ਪਰਿਵਾਰਕ ਮੈਂਬਰਾਂ ਵਿਚਕਾਰ ਜਾਇਦਾਦਾਂ ਦੇ ਸਿੱਧੇ ਟਰਾਂਸਫਰ 'ਤੇ ਛੋਟ ਲਾਗੂ ਹੋਣੀ ਚਾਹੀਦੀ ਹੈ, ਅਤੇ ਹਿੰਦੂ ਅਣਵੰਡੇ ਪਰਿਵਾਰ ਨੂੰ ਅਜਿਹੀਆਂ ਛੋਟਾਂ ਲਈ ਯੋਗ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਨੂੰ ਆਪਣੇ ਮੈਂਬਰਾਂ ਤੋਂ ਵੱਖਰੀ ਇਕਾਈ ਮੰਨਿਆ ਜਾਂਦਾ ਹੈ।

ਲੇਖਾ ਪ੍ਰੀਖਿਆ ਨੇ ਛੋਟ ਅਧਿਸੂਚਨਾਵਾਂ ਦੀ ਭਾਸ਼ਾ ਦਾ ਵਿਸ਼ਲੇਸ਼ਣ ਕੀਤਾ ਅਤੇ ਨੋਟ ਕੀਤਾ ਕਿ ਛੋਟ ਲਈ ਯੋਗ ਬਣਨ ਲਈ ਅਧਿਸੂਚਨਾਵਾਂ ਵਿੱਚ ਜ਼ਿਕਰ ਕੀਤੀ ਗਈ ਇੱਕੋ-ਇੱਕ ਲੋੜ ਮਾਲਕ ਅਤੇ ਟ੍ਰਾਂਸਫਰ ਕਰਨ ਵਾਲੇ ਵਿਚਕਾਰ ਖ਼ੂਨ ਦਾ ਜਾਂ ਜੀਵਨ ਸਾਥੀ ਦਾ ਰਿਸ਼ਤਾ ਸੀ। ਐਚ ਯੂ ਐਫ ਨੂੰ ਵੱਖਰੀ ਇਕਾਈ ਮੰਨਣ ਅਤੇ ਐਚ ਯੂ ਐਫ ਦੁਆਰਾ ਖ਼ੂਨ ਦੇ ਰਿਸ਼ਤੇਦਾਰਾਂ ਜਾਂ ਜੀਵਨ ਸਾਥੀ ਨੂੰ ਕੀਤੇ ਗਏ ਟਰਾਂਸਫਰਾਂ 'ਤੇ ਛੋਟ ਦੀ ਮਨਜ਼ੂਰੀ ਨਾ ਦੇਣ ਦਾ ਸਰਕਾਰ ਦਾ ਇਰਾਦਾ ਅਧਿਸੂਚਨਾਵਾਂ ਵਿੱਚ ਸ਼ਾਮਲ ਨਹੀਂ ਸੀ, ਜਦੋਂ ਕਿ ਇਹ ਇੱਕ ਪ੍ਰਮੁੱਖ ਲੋੜ ਹੈ ਕਿ ਸਰਕਾਰ ਦੁਆਰਾ ਜਾਰੀ ਅਧਿਸੂਚਨਾ ਸਰਕਾਰ ਦੇ ਸਪੱਸ਼ਟ ਇਰਾਦੇ ਦਾ ਪ੍ਰਸਾਰ ਕਰਨ ਤਾਂ ਜੋ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਲਾਭਪਾਤਰੀਆਂ ਇਸ ਮਾਮਲੇ ਵਿੱਚ ਕਿਸੇ ਵੀ ਵਿਵਾਦ ਤੋਂ ਬਚਣ ਲਈ ਇਸ ਨੂੰ ਅਸਾਨੀ ਨਾਲ ਸਮਝ ਸਕਣ। ਉਪਰੋਕਤ ਛੋਟ ਅਧਿਸੂਚਨਾਵਾਂ ਵਿੱਚ ਸਪੱਸ਼ਟਤਾ ਦੀ ਅਣਹੋਂਦ ਵਿੱਚ, ਉਪ-ਰਜਿਸਟਰਾਰਾਂ ਵੱਲੋਂ ਐਚ ਯੂ ਐਫ ਦੇ *ਕਰਤਾ* ਦੁਆਰਾ ਕੀਤੀ ਗਈ ਜਾਇਦਾਦਾਂ ਲਈ ₹ 3.12 ਕਰੋੜ ਦੇ ਕੰਸੀਡਰੇਸ਼ਨ ਮੁੱਲ ਵਾਲੇ 10 ਵਿਲੇਖਾਂ 'ਤੇ ₹ 0.14 ਕਰੋੜ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫ਼ੀਸ ਅਤੇ ਸਮਾਜਿਕ ਬੁਨਿਆਦੀ ਢਾਂਚਾ ਸੈੱਸ ਨਹੀ ਲਗਾਇਆ ਗਿਆ (**ਅੰਤਿਕਾ** 3.6)।

ਧਿਆਨ ਵਿੱਚ ਲਿਆਂਦੇ ਜਾਣ ਤੇ, ਉਪ-ਰਜਿਸਟਰਾਰ, ਡੇਰਾਬਸੀ ਨੇ ਦੱਸਿਆ (ਮਈ 2025) ਕਿ ਨੌਂ ਮਾਮਲਿਆਂ ਵਿੱਚ ₹ 0.13 ਕਰੋੜ ਦੀ ਵਸੂਲੀ ਕੀਤੀ ਗਈ ਹੈ। ਉਪ-ਰਜਿਸਟਰਾਰ, ਐਸ ਏ ਐਸ ਨਗਰ ਨੇ ਦੱਸਿਆ ਕਿ ਰਿਕਾਰਡਾਂ ਦੀ ਜਾਂਚ-ਪੜਤਾਲ ਤੋਂ ਬਾਅਦ ਵਸੂਲੀ ਕੀਤੀ ਜਾਵੇਗੀ। ਇਹ ਲੇਖਾ ਪ੍ਰੀਖਿਆ ਬਿੰਦੂ ਨੂੰ ਪ੍ਰਭਾਵਿਤ ਕਰਦਾ ਹੈ ਜਿਸ ਲਈ ਛੋਟ ਅਧਿਸੂਚਨਾ ਲਈ ਸਪਸ਼ਟਕੀਰਨ ਜਾਰੀ ਕਰਨ ਦੀ ਲੋੜ ਹੈ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਨਵੰਬਰ 2024 ਅਤੇ ਫਰਵਰੀ 2025) ਨੂੰ ਕੀਤੀ ਗਈ ਸੀ, ਉਨ੍ਹਾਂ ਦੇ ਜਵਾਬਾਂ ਦੀ ਉਡੀਕ ਸੀ (ਮਈ 2025)।

### 3.9 ਲੀਜ਼ ਡੀਡ 'ਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਘੱਟ ਲਗਾਉਣਾ

***ਸੰਯੁਕਤ ਉਪ-ਰਜਿਸਟਰਾਰ, ਕੁਮ ਕਲਾਂ ਨੇ ਲੀਜ਼ ਦੇ ਇੱਕ ਵਿਲੇਖ 'ਤੇ ₹ 0.12 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਘੱਟ ਲਗਾਈ।***

ਰਜਿਸਟ੍ਰੇਸ਼ਨ ਐਕਟ, 1908 ਦੀ ਧਾਰਾ 17 (ਡੀ) ਵਿੱਚ ਇਹ ਵਿਵਸਥਾ ਕੀਤੀ ਗਹੀ ਹੈ ਕਿ ਸਾਲ ਦਰ ਸਾਲ ਜਾਂ ਇੱਕ ਸਾਲ ਤੋਂ ਵੱਧ ਦੀ ਮਿਆਦ ਲਈ ਜਾਂ ਸਾਲਾਨਾ ਕਿਰਾਇਆ ਰਾਖਵਾਂ ਰੱਖਣ ਵਾਲੀ

ਅੱਚਲ ਜਾਇਦਾਦ ਦੇ ਲੀਜ਼ ਲਾਜ਼ਮੀ ਤੌਰ ਤੇ ਰਜਿਸਟਰ ਕੀਤੇ ਜਾਣ ਚਾਹੀਦੇ ਹਨ। ਪੰਜਾਬ ਸਰਕਾਰ ਨੇ ਲੀਜ਼ ਇਕਰਾਰਨਾਮਿਆਂ ਦੀ ਰਜਿਸਟ੍ਰੇਸ਼ਨ 'ਤੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਰਜਿਸਟ੍ਰੇਸ਼ਨ ਫ਼ੀਸ ਨਿਰਧਾਰਤ[46] ਕੀਤੀ ਹੈ ਜੋ ਵੱਧ ਤੋਂ ਵੱਧ ਦੋ ਲੱਖ ਰੁਪਏ ਹੋ ਸਕਦੀ ਹੈ।

ਇਸ ਤੋਂ ਇਲਾਵਾ, ਭਾਰਤੀ ਅਸ਼ਟਾਮ ਐਕਟ, 1899 ਦੀ ਅਨੁਸੂਚੀ I-ਏ ਦੀ ਐਂਟਰੀ 35 (ਬੀ), ਜਿਵੇਂ ਕਿ ਪੰਜਾਬ ਰਾਜ ਤੇ ਲਾਗੂ ਹੁੰਦੀ ਹੈ, ਲੀਜ਼ ਦੇ ਵਿਲੇਖਾਂ ਤੈਅ ਕੀਤਾ ਪ੍ਰੀਮੀਅਮ ਜਾਂ ਐਡਵਾਂਸ ਰਾਸ਼ੀ ਤੇ ਮੁੱਲ ਦੇ ਬਰਾਬਰ ਤਿੰਨ *ਪ੍ਰਤੀਸ਼ਤ* ਦੀ ਦਰ ਨਾਲ ਅਸ਼ਟਾਮ ਡਿਊਟੀ ਲਗਾਉਣ ਦੀ ਵਿਵਸਥਾ ਕਰਦੀ ਹੈ, ਜਿੱਥੇ ਲੀਜ਼ ਜੁਰਮਾਨੇ ਜਾਂ ਪ੍ਰੀਮੀਅਮ ਲਈ ਦਿੱਤੀ ਜਾਂਦੀ ਹੈ ਜਾਂ ਪੈਸੇ ਲਈ ਦਿੱਤੀ ਜਾਂਦੀ ਹੈ ਅਤੇ ਜਿੱਥੇ ਕੋਈ ਕਿਰਾਇਆ ਰਾਖਵਾਂ ਨਹੀਂ ਹੈ।

ਸੰਯੁਕਤ ਉਪ-ਰਜਿਸਟਰਾਰ, ਕੂਮ ਕਲਾਂ ਦੇ 2019-23 ਦੀ ਮਿਆਦ ਦੇ ਰਿਕਾਰਡਾਂ ਦੀ ਪੜਤਾਲ (ਅਕਤੂਬਰ 2023) ਨੇ ਦਰਸਾਇਆ ਕਿ 23 ਅਗਸਤ 2022 ਨੂੰ ₹ 0.02 ਕਰੋੜ[47] ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਲਗਾ ਕੇ ਲੀਜ਼[48] ਦਾ ਇੱਕ ਵਿਲੇਖ ਰਜਿਸਟਰ ਕੀਤਾ ਗਿਆ ਸੀ। ਇਸ ਵਿਲੇਖ ਵਿੱਚ, ਲੀਜ਼ 'ਤੇ ਦਸਤਖਤ ਕਰਨ ਸਮੇਂ ਭੁਗਤਾਨਯੋਗ ₹ 4.00 ਕਰੋੜ ਦੀ ਇੱਕਮੁਸ਼ਤ ਰਾਸ਼ੀ ਦੇ ਬਦਲੇ ਪੱਟੇਦਾਰ ਨੂੰ 33 ਸਾਲਾਂ ਦੀ ਮਿਆਦ ਲਈ ਦੋ ਏਕੜ ਜ਼ਮੀਨ ਦੀ ਲੀਜ਼ ਦਿੱਤੀ ਗਈ ਸੀ ਅਤੇ ਕੋਈ ਮਿਆਦਵਾਰ ਕਿਰਾਇਆ ਰਾਖਵਾਂ ਨਹੀਂ ਰੱਖਿਆ ਗਿਆ ਸੀ। ਭਾਰਤੀ ਅਸ਼ਟਾਮ ਐਕਟ, 1899 ਦੀ ਅਨੁਸੂਚੀ 1-ਏ ਦੀ ਐਂਟਰੀ 35 (ਬੀ) ਅਨੁਸਾਰ, ਜਿਵੇਂ ਕਿ ਪੰਜਾਬ ਰਾਜ ਤੇ ਲਾਗੂ ਹੁੰਦਾ ਹੈ, ਇਸ ਵਿਲੇਖ 'ਤੇ ₹ 0.14 ਕਰੋੜ[49] ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਲਗਾਈ ਜਾਣੀ ਸੀ, ਹਾਲਾਂਕਿ, ਸੰਯੁਕਤ ਉਪ-ਰਜਿਸਟਰਾਰ ਨੇ ₹ 0.02 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟਰੇਸ਼ਨ ਫ਼ੀਸ ਲਗਾ ਕੇ ਵਿਲੇਖ ਰਜਿਸਟਰ ਕੀਤਾ, ਜਿਸ ਦੇ ਨਤੀਜੇ ਵਜੋਂ ₹ 0.12 ਕਰੋੜ[50] ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫ਼ੀਸ ਘੱਟ ਲਗਾਈ ਗਈ।

ਧਿਆਨ ਵਿੱਚ ਲਿਆਂਦੇ ਜਾਣ ਤੇ, ਸੰਯੁਕਤ ਉਪ-ਰਜਿਸਟਰਾਰ, ਕੂਮ ਕਲਾਂ ਨੇ ਜਵਾਬ ਦਿੱਤਾ ਕਿ (ਨਵੰਬਰ 2024) ਇਹ ਮਾਮਲਾ ਭਾਰਤੀ ਅਸ਼ਟਾਮ ਐਕਟ, 1899 ਦੀ ਧਾਰਾ 47-ਏ ਅਧੀਨ ਕਾਰਵਾਈ ਲਈ ਭੇਜਿਆ ਗਿਆ ਹੈ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਜੂਨ 2024 ਅਤੇ ਸਤੰਬਰ 2024) ਨੂੰ ਕੀਤੀ ਗਈ ਸੀ, ਉਨ੍ਹਾਂ ਦੇ ਜਵਾਬ ਦੀ ਉਡੀਕ ਹੈ (ਮਈ 2025)।

---

46 ਅਧਿਸੂਚਨਾ ਨੰਬਰ ਐਸ ਓ 90/ਸੀ ਏ 16/1908/ਐਸ ਐਸ 78 ਅਤੇ 79/2012 ਮਿਤੀ 23 ਅਕਤੂਬਰ 2012

47 ਅਸ਼ਟਾਮ ਡਿਊਟੀ: ₹ 1,45,500 ਅਤੇ ਰਜਿਸਟ੍ਰੇਸ਼ਨ ਫ਼ੀਸ: ₹ 48,485

48 ਡੀਡ ਨੰਬਰ 343 ਮਿਤੀ 23 ਅਗਸਤ 2022

49 ਅਸ਼ਟਾਮ ਡਿਊਟੀ: ₹ 12,00,000 ਅਤੇ ਰਜਿਸਟ੍ਰੇਸ਼ਨ ਫ਼ੀਸ: ₹ 2,00,000

50 ਅਸ਼ਟਾਮ ਡਿਊਟੀ: ₹ 10,54,500 ਅਤੇ ਰਜਿਸਟ੍ਰੇਸ਼ਨ ਫ਼ੀਸ: ₹ 1,51,515

## 3.10 ਪਾਵਰ ਆਫ ਅਟਾਰਨੀ 'ਤੇ ਅਸ਼ਟਾਮ ਡਿਊਟੀ ਘੱਟ ਲਗਾਉਣਾ

***ਸੰਯੁਕਤ ਉਪ-ਰਜਿਸਟਰਾਰ, ਮਾਜਰੀ ਨੇ ਅਚਲ ਜਾਇਦਾਦ ਦੀ ਵਿਕਰੀ ਲਈ ਡਿਵੈਲਪਰ ਨੂੰ ਕੰਨਸੀਡ੍ਰੇਸ਼ਨ ਦੇ ਬਦਲੇ ਪਾਵਰ ਆਫ ਅਟਾਰਨੀ 'ਤੇ ₹ 1.25 ਕਰੋੜ ਦੀ ਅਸ਼ਟਾਮ ਡਿਊਟੀ ਘੱਟ ਲਗਾਈ।***

ਭਾਰਤੀ ਅਸ਼ਟਾਮ ਐਕਟ, 1899 ਦੀ ਅਨੁਸੂਚੀ 1-ਏ ਦੀ ਐਂਟਰੀ 48(ਐਫ) ਜੋ ਕਿ ਪੰਜਾਬ ਰਾਜ ਤੇ ਲਾਗੂ ਹੁੰਦੀ ਹੈ, ਪਾਵਰ ਆਫ਼ ਅਟਾਰਨੀ 'ਤੇ ਉਸ ਦਰ 'ਤੇ ਅਸ਼ਟਾਮ ਡਿਊਟੀ ਲਗਾਈ ਜੋ ਕਿ ਕੰਵੇਅਸਿਜ਼ (ਐਂਟਰੀ 23) ਤੇ ਲਾਗੂ ਹੁੰਦੀ ਹੈ, ਜਦੋਂ ਪਾਵਰ ਆਫ ਅਟਾਰਨੀ ਕਨਸੀਡ੍ਰੇਸ਼ਨ ਲਈ ਦਿੱਤੀ ਗਈ ਸੀ ਅਤੇ ਅਟਾਰਨੀ ਨੂੰ ਕਿਸੇ ਵੀ ਅੱਚਲ ਜਾਇਦਾਦ ਨੂੰ ਵੇਚਣ ਦਾ ਅਧਿਕਾਰ ਦਿੱਤਾ ਗਿਆ ਸੀ। ਭਾਰਤੀ ਅਸ਼ਟਾਮ ਐਕਟ, 1899 ਦੇ ਅਨੁਸੂਚੀ I-ਏ ਦੀ ਐਂਟਰੀ 23 ਦੇ ਤਹਿਤ ਜਿਵੇਂ ਕਿ ਪੰਜਾਬ ਰਾਜ ਤੇ ਲਾਗੂ ਹੁੰਦੀ ਹੈ ਅਧੀਨ ਕਨਵੇਅੰਸਿਜ਼ ਦੇ ਵਿਲੇਖਾਂ 'ਤੇ ਪੰਜ *ਪ੍ਰਤੀਸ਼ਤ* ਦੀ ਦਰ ਨਾਲ ਅਸ਼ਟਾਮ ਡਿਊਟੀ ਲਗਾਈ ਜਾਂਦੀ ਹੈ।

ਸਾਲ 2022-23 ਲਈ ਸੰਯੁਕਤ ਉਪ-ਰਜਿਸਟਰਾਰ, ਮਾਜਰੀ ਦੇ ਰਿਕਾਰਡਾਂ ਦੀ ਪੜਤਾਲ (ਜਨਵਰੀ 2024) ਨੇ ਦਰਸਾਇਆ ਕਿ 11.10 ਏਕੜ ਜ਼ਮੀਨ 'ਤੇ ਇੱਕ ਪ੍ਰੋਜੈਕਟ ਵਿਕਸਤ ਕਰਨ ਲਈ 15 ਮਾਰਚ 2023 ਨੂੰ ਇੱਕ ਜ਼ਮੀਨ ਮਾਲਕ ਅਤੇ ਇੱਕ ਡਿਵੈਲਪਰ ਨੇ ਪਾਵਰ ਆਫ ਅਟਾਰਨੀ[51] ਦੇ ਨਾਲ ਇੱਕ ਸੰਯੁਕਤ ਵਿਕਾਸ ਇਕਰਾਰਨਾਮਾ ਕੀਤਾ ਸੀ। ਸੰਯੁਕਤ ਵਿਕਾਸ ਇਕਰਾਰਨਾਮਾ[52] ਅਤੇ ਪਾਵਰ ਆਫ ਅਟਾਰਨੀ ਦੇ ਆਧਾਰ 'ਤੇ ਜ਼ਮੀਨ ਮਾਲਕ ਨੇ ਡਿਵੈਲਪਰ ਨੂੰ ਰਿਹਾਇਸ਼ੀ ਅਤੇ ਵਪਾਰਕ ਜਾਇਦਾਦਾਂ ਦੇ ਵਿਕਾਸ, ਉਸਾਰੀ ਅਤੇ ਵਿਕਰੀ ਲਈ ਜ਼ਮੀਨ 'ਤੇ ਅਟੱਲ ਅਧਿਕਾਰ ਦਿੱਤੇ। ਕੰਨਸੀਡ੍ਰੇਸ਼ਨ ਵਜੋਂ, ਜ਼ਮੀਨ ਮਾਲਕ ਵਿਕਸਤ ਰਿਹਾਇਸ਼ੀ ਅਤੇ ਵਪਾਰਕ ਵਸਤਾਂ ਸੂਚੀ ਦੀ ਵਿਕਰੀ ਤੋਂ ਨਿਰੋਲ ਵਿਕਰੀ ਦੀ ਆਮਦਨ ਦਾ 30 *ਪ੍ਰਤੀਸ਼ਤ* ਲੈਣ ਲਈ ਸਹਿਮਤ ਹੋਇਆ। ਪਾਵਰ ਆਫ ਅਟਾਰਨੀ ਨੂੰ ਲਾਗੂ ਕਰਨ ਤੋਂ ਪਹਿਲਾਂ, ਜ਼ਮੀਨ ਮਾਲਕ ਨੂੰ ₹ 12.00 ਕਰੋੜ ਦਾ ਪੇਸ਼ਗੀ ਭੁਗਤਾਨ ਪ੍ਰਾਪਤ ਹੋਇਆ ਅਤੇ ਉਹ ਨਿਰੋਲ ਆਮਦਨ ਦੇ ਹਿੱਸੇ ਤੋਂ ਸਮਾਯੋਜਿਤ ਹੋਣ ਲਈ ਕਿਸ਼ਤਾਂ ਵਿੱਚ ₹ 13.00 ਕਰੋੜ ਦੀ ਹੋਰ ਪੇਸ਼ਗੀ ਅਦਾਇਗੀ ਪ੍ਰਾਪਤ ਕਰਨ ਲਈ ਸਹਿਮਤ ਹੋਇਆ। ਕਿਉਂਜੋ, ਅਚੱਲ ਜਾਇਦਾਦਾਂ ਵੇਚਣ ਲਈ ਅਟਾਰਨੀ ਨੂੰ ਕੰਨਸੀਡ੍ਰੇਸ਼ਨ ਅਤੇ ਅਧਿਕਾਰਤ ਕਰਨ ਦੇ ਬਦਲੇ ਪਾਵਰ ਆਫ ਅਟਾਰਨੀ ਦਿੱਤੀ ਗਈ ਸੀ, ਇਸ ਲਈ ਰਜਿਸਟਰਿੰਗ ਅਥਾਰਟੀ ਨੂੰ ਜ਼ਮੀਨ ਮਾਲਕ ਨੂੰ ਪੇਸ਼ਗੀ ਭੁਗਤਾਨ ਵਜੋਂ ਸਹਿਮਤ ਹੋਏ ₹ 25.00 ਕਰੋੜ[53] ਦੇ ਘੱਟੋ-ਘੱਟ ਕੰਨਸੀਡਰੇਸ਼ਨ 'ਤੇ ₹ 1.25 ਕਰੋੜ ਦੀ ਅਸ਼ਟਾਮ ਡਿਊਟੀ ਲਗਾਉਣ ਦੀ ਲੋੜ ਸੀ। ਹਾਲਾਂਕਿ, ਪਾਵਰ ਆਫ ਅਟਾਰਨੀ ਨੂੰ ਸਿਰਫ਼ ₹ 2,000 ਦੀ ਅਸ਼ਟਾਮ ਡਿਊਟੀ ਲਗਾ ਕੇ ਰਜਿਸਟਰ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ₹ 1.25 ਕਰੋੜ ਦੀ ਅਸ਼ਟਾਮ ਡਿਊਟੀ ਘੱਟ ਲਗਾਈ ਗਈ।

---

51 ਡੀਡ ਨੰਬਰ 1378 ਮਿਤੀ 15 ਮਾਰਚ 2023

52 ਡੀਡ ਨੰਬਰ 5055 ਮਿਤੀ 15 ਮਾਰਚ 2023

53 ਸੰਯੁਕਤ ਵਿਕਾਸ ਇਕਰਾਰਨਾਮੇ ਵਿੱਚ ਘੱਟੋ-ਘੱਟ ਅਨੁਮਾਨਿਤ ਵਿਕਰੀ ਦੀ ਪ੍ਰਾਪਤ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ। ਇਸ ਲਈ ਸੰਯੁਕਤ ਵਿਕਾਸ ਇਕਰਾਰਨਾਮੇ ਦੇ ਅਨੁਲੱਗ-ਜੇ ਵਿੱਚ ਸਹਿਮਤੀ ਅਨੁਸਾਰ ₹ 25 ਕਰੋੜ ਦੇ ਸਮਾਯੋਜਿਤ ਕਰਨ ਯੋਗ ਪੇਸ਼ਗੀ ਨੂੰ ਅਸ਼ਟਾਮ ਡਿਊਟੀ ਤੇ ਕੰਮ ਕਰਨ ਲਈ 'ਕੰਸੀਡ੍ਰੇਸ਼ਨ' ਵਜੋਂ ਲਿਆ ਗਿਆ ਹੈ।

ਧਿਆਨ ਵਿੱਚ ਲਿਆਂਦੇ ਜਾਣ ਤੇ, ਸੰਯੁਕਤ ਉਪ-ਰਜਿਸਟਰਾਰ ਮਾਜਰੀ ਨੇ ਕਿਹਾ (ਮਈ 2025) ਕਿ ਇਹ ਮਾਮਲਾ ਭਾਰਤੀ ਅਸ਼ਟਾਮ ਐਕਟ, 1899 ਦੀ ਧਾਰਾ 47-ਏ ਦੇ ਅਧੀਨ ਕੁਲੈਕਟਰ ਨੂੰ ਭੇਜਿਆ ਗਿਆ ਹੈ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਅਕਤੂਬਰ 2024 ਅਤੇ ਨਵੰਬਰ 2024) ਨੂੰ ਕੀਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਮਈ 2025)।



**ਚੰਡੀਗੜ੍ਹ** (ਨਾਜ਼ਲੀ ਜੇ. ਸ਼ਾਇਨ)
**ਮਿਤੀ 14 ਨਵੰਬਰ 2025** **ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ**

**ਪ੍ਰਤੀ ਹਸਤਾਖਰ**



**ਨਵੀਂ ਦਿੱਲੀ** (ਕੇ. ਸੰਜੇ ਮੂਰਤੀ)
**ਮਿਤੀ 28 ਨਵੰਬਰ 2025** **ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ**

# ਅੰਤਿਕਾਵਾਂ

# ਅੰਤਿਕਾ 1.1

*(ਸਾਰਣੀ 1.3 ਦੇ ਹਵਾਲੇ ਵਿੱਚ)*

**ਸਾਰਣੀ 1.3 ਦੇ ਲੜੀ ਨੰ. 12 ਤੇ 'ਹੋਰ' ਵਿੱਚ ਸ਼ਾਮਲ ਗੈਰ-ਕਰ ਰੈਵੀਨਿਊ ਦੀਆਂ ਮੱਦਾਂ ਅਧੀਨ ਪ੍ਰਾਪਤੀਆਂ**

| ਲੜੀ ਨੰ. | ਰੈਵੀਨਿਊ ਦੀ ਮੱਦ | ਪ੍ਰਾਪਤੀ (₹ ਕਰੋੜ ਵਿੱਚ ) | | 2022-23 ਦੇ ਮੁਕਾਬਲੇ ਵਾਧਾ (+) ਜਾਂ ਘਾਟਾ (-) | | | |
|---|---|---|---|---|---|---|---|
| | | 2022-23 | 2023-24 | ₹ ਕਰੋੜ ਵਿੱਚ | | *ਪ੍ਰਤੀਸ਼ਤ* ਵਿੱਚ | |
| 1. | 0050-ਲਾਭਅੰਸ਼ ਅਤੇ ਲਾਭ | 3.11 | 4.12 | + | 1.01 | + | 32.48 |
| 2. | 0051-ਪਬਲਿਕ ਸਰਵਿਸ ਕਮਿਸ਼ਨ | 32.4 | 9.75 | - | 22.65 | - | 69.91 |
| 3. | 0056- ਜੇਲ੍ਹਾਂ | 2.74 | 2.82 | + | 0.08 | + | 2.92 |
| 4. | 0057-ਸਪਲਾਈਜ਼ ਅਤੇ ਡਿਸਪੋਜ਼ਲਜ਼ | 0.07 | 0.12 | + | 0.05 | + | 71.43 |
| 5. | 0058-ਸਟੇਸ਼ਨਰੀ ਅਤੇ ਪ੍ਰਿੰਟਿੰਗ | 0.77 | 1.45 | + | 0.68 | + | 88.31 |
| 6. | 0071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭਾਂ ਲਈ ਯੋਗਦਾਨ ਅਤੇ ਵਸੂਲੀ | 159.42 | 120.59 | - | 38.83 | - | 24.36 |
| 7. | 0211-ਪਰਿਵਾਰ ਭਲਾਈ | 0.2 | 0.11 | - | 0.09 | - | 45.00 |
| 8. | 0215-ਜਲ ਸਪਲਾਈ ਅਤੇ ਸੈਨੀਟੇਸ਼ਨ | 5.87 | 48.5 | + | 42.63 | + | 726.24 |
| 9. | 0216- ਮਕਾਨ ਉਸਾਰੀ | 14.94 | 105.6 | + | 90.66 | + | 606.83 |
| 10. | 0217-ਸ਼ਹਿਰੀ ਵਿਕਾਸ | 134.12 | 121.88 | - | 12.24 | - | 9.13 |
| 11. | 0220-ਸੂਚਨਾ ਅਤੇ ਪ੍ਰਚਾਰ | 0.03 | 6.17 | + | 6.14 | + | 20,466.67 |
| 12. | 0230-ਕਿਰਤ ਅਤੇ ਰੁਜ਼ਗਾਰ | 34.94 | 32.43 | - | 2.51 | - | 7.18 |
| 13. | 0235-ਸਮਾਜਿਕ ਸੁੱਰਖਿਆ ਅਤੇ ਭਲਾਈ | 92.35 | 94.87 | + | 2.52 | + | 2.73 |
| 14. | 0250-ਹੋਰ ਸਮਾਜਿਕ ਸੇਵਾਵਾਂ | 3.35 | 3.16 | - | 0.19 | - | 5.67 |
| 15. | 0401-ਫਸਲ ਪਾਲਣ | 177.81 | 22.99 | - | 154.82 | - | 87.07 |
| 16. | 0403-ਪਸ਼ੂ ਪਾਲਣ | 9.51 | 11.29 | + | 1.78 | + | 18.72 |
| 17. | 0404-ਡੇਅਰੀ ਵਿਕਾਸ | 0.04 | 0.01 | - | 0.03 | - | 75.00 |
| 18. | 0405-ਮੱਛੀ ਪਾਲਣ | 1.16 | 0.37 | - | 0.79 | - | 68.10 |
| 19. | 0435-ਹੋਰ ਖੇਤੀਬਾੜੀ ਪ੍ਰੋਗਰਾਮ | 2.52 | 5.47 | + | 2.95 | + | 117.06 |
| 20. | 0515-ਹੋਰ ਪੇਂਡੂ ਵਿਕਾਸ ਪ੍ਰੋਗਰਾਮ | 57.01 | 24.57 | - | 32.44 | - | 56.90 |
| 21. | 0810-ਊਰਜਾ ਦੇ ਗੈਰ-ਰਿਵਾਇਤੀ ਸ੍ਰੋਤ | 99.89 | 0 | - | 99.89 | - | 100.00 |
| 22. | 0851-ਪਿੰਡ ਅਤੇ ਲਘੂ ਉਦਯੋਗ | 25.29 | 11.15 | - | 14.14 | - | 55.91 |
| 23. | 0852-ਉਦਯੋਗ | 0.02 | 0.03 | + | 0.01 | + | 50.00 |
| 24. | 1053- ਸਿਵਲ ਏਵੀਏਸ਼ਨ | 0 | 0.15 | + | 0.15 | + | 100.00 |
| 25. | 1054-ਸੜਕਾਂ ਅਤੇ ਪੁਲ | 53.05 | 44.62 | - | 8.43 | - | 15.89 |
| 26. | 1055-ਸੜਕ ਆਵਾਜਾਈ | 69.34 | 97.76 | + | 28.42 | + | 40.99 |
| 27. | 1275-ਹੋਰ ਸੰਚਾਰ ਸੇਵਾਵਾਂ | 0.0001 | 0.0005 | + | 0.0004 | + | 400.00 |
| 28. | 1452-ਸੈਰ ਸਪਾਟਾ | 1.67 | 14.9 | + | 13.23 | + | 792.22 |
| 29. | 1456-ਸਿਵਲ ਸਪਲਾਈਜ਼ | 206.92 | 190.99 | - | 15.93 | - | 7.70 |
| 30. | 1475-ਹੋਰ ਆਮ ਆਰਥਿਕ ਸੇਵਾਵਾਂ | 402.4 | 63.72 | - | 338.68 | - | 84.17 |
| **ਜੋੜ** | | **1,590.94** | **1,039.59** | **-** | **551.35** | **-** | **34.66** |

☞ *ਉਪਰੋਕਤ ਸਾਰਣੀ ਵਿੱਚ ਅੰਕੜਿਆਂ ਨੂੰ ਕਰੋੜ ਰੁਪਏ ਵਿੱਚ ਰਾਊਂਡ ਆਫ ਕਰਨ ਦੇ ਕਾਰਨ, 2022-23 ਵਿੱਚ ਪ੍ਰਤੀਸ਼ਤ ਵਾਧਾ (+) ਜਾਂ ਘਾਟਾ (-) ਵਿੱਤ ਲੇਖਿਆਂ ਵਿੱਚ ਦਰਸਾਏ ਗਏ ਤੋਂ ਥੋੜੇ ਵੱਖਰੇ ਹੋ ਸਕਦੇ ਹਨ, ਜਿਥੇ ਰਾਸ਼ੀ ਨੂੰ ਲੱਖਾਂ ਰੁਪਏ ਵਿੱਚ ਸ਼ਾਮਲ ਕੀਤਾ ਗਿਆ ਹੈ।*

# ਅੰਤਿਕਾ 2.1

*(ਪੈਰ੍ਹਾ 2.7.3.1 ਦੇ ਹਵਾਲੇ ਵਿੱਚ)*

## ਮੋਟਰ ਵਹੀਕਲ ਕਰਾਂ ਦੀਆਂ ਲਾਗੂ ਦਰਾਂ

| ਲੜੀ ਨੰ. | ਵਹੀਕਲ ਦੀ ਸ਼੍ਰੇਣੀ | ਕਰ ਦੀ ਦਰ | ਭੁਗਤਾਨਯੋਗ ਬਾਰੰਬਾਰਤਾ |
|---|---|---|---|
| 1. | ਟੂਰਿਸਟ ਬਸਾਂ | ਪ੍ਰਤੀ ਸੀਟ ₹ 7,000 ਪ੍ਰਤੀ ਸਾਲ | ਮਹੀਨਾ ਵਾਰ, ਤਿਮਾਹੀ ਜਾਂ ਸਾਲਾਨਾ ਪੇਸ਼ਗੀ ਮਹੀਨੇ ਦੀ 15 ਤਰੀਕ ਤੱਕ ਜਾਂ ਤਿਮਾਹੀ ਦੇ ਪਹਿਲੇ ਮਹੀਨੇ ਦੀ 15 ਤਰੀਕ ਤੱਕ ਜਾਂ ਸਾਲ ਦੀ 15 ਅਪ੍ਰੈਲ ਤੱਕ ਜਿਵੇਂ ਵੀ ਮਾਮਲਾ ਹੋਵੇ। |
| 2. | ਮੈਕਸੀ/ਮੋਟਰ ਕੈਬਜ਼ | ਪ੍ਰਤੀ ਸੀਟ ₹ 750 ਪ੍ਰਤੀ ਸਾਲ | |
| 3. | ਮਾਲ ਗੱਡੀਆਂ | (ੳ) 1.2 ਟਨ ਤੋਂ ਵੱਧ ਨਹੀਂ: ₹ 5,000 ਪ੍ਰਤੀ ਸਾਲ<br>(ਅ) 1.2 ਟਨ ਤੋਂ ਵੱਧ, ਪਰ 6 ਟਨ ਤੋਂ ਵੱਧ ਨਹੀਂ: ₹ 7,000 ਪ੍ਰਤੀ ਸਾਲ<br>(ੲ) 6 ਟਨ ਤੋਂ ਵੱਧ, ਪਰ 16.2 ਟਨ ਤੋਂ ਵੱਧ ਨਹੀਂ: ₹ 9,500 ਪ੍ਰਤੀ ਸਾਲ<br>(ਸ) 16.2 ਟਨ ਤੋਂ ਵੱਧ, ਪਰ 25 ਟਨ ਤੋਂ ਵੱਧ ਨਹੀਂ: ₹ 15,000 ਪ੍ਰਤੀ ਸਾਲ ਅਤੇ<br>(ਹ) ਪਰ 25 ਟਨ ਤੋਂ ਵਧ: ₹ 22,000 ਪ੍ਰਤੀ ਸਾਲ | ਪੂਰੇ ਸਾਲ ਜਾਂ ਤਿਮਾਹੀ ਲਈ ਚਾਰ ਬਰਾਬਰ ਕਿਸ਼ਤਾਂ ਵਿੱਚ ਪੇਸ਼ਗੀ, ਜੋ ਕਿ ਅਪ੍ਰੈਲ ਦੇ ਪਹਿਲੇ ਦਿਨ, ਜੁਲਾਈ ਦੇ ਪਹਿਲੇ ਦਿਨ, ਅਕਤੂਬਰ ਦੇ ਪਹਿਲੇ ਦਿਨ, ਅਤੇ ਜਨਵਰੀ ਦੇ ਪਹਿਲੇ ਦਿਨ ਤੋਂ ਸ਼ੁਰੂ ਹੁੰਦੀਆਂ ਹਨ। |
| 4. | ਨਿੱਜੀ ਸੇਵਾ ਵਾਲੇ ਵਹੀਕਲ | ਕਾਲਜ/ਹੋਰ ਸੰਸਥਾਗਤ ਵਹੀਕਲ:<br>(ੳ) 12 ਸੀਟਾਂ ਤੱਕ: ₹ 40,000 ਪ੍ਰਤੀ ਸਾਲ<br>(ਅ) 13 ਸੀਟਾਂ ਤੋਂ 30 ਸੀਟਾਂ: ₹ 50,000 ਪ੍ਰਤੀ ਸਾਲ<br>(ੲ) 31 ਅਤੇ ਇਸ ਤੋਂ ਵੱਧ: ₹ 60,000 ਪ੍ਰਤੀ ਸਾਲ | ਪੂਰੇ ਸਾਲ ਜਾਂ ਤਿਮਾਹੀ ਲਈ ਚਾਰ ਬਰਾਬਰ ਕਿਸ਼ਤਾਂ ਵਿੱਚ ਪੇਸ਼ਗੀ, ਜੋ ਕਿ ਅਪ੍ਰੈਲ ਦੇ ਪਹਿਲੇ ਦਿਨ, ਜੁਲਾਈ ਦੇ ਪਹਿਲੇ ਦਿਨ, ਅਕਤੂਬਰ ਦੇ ਪਹਿਲੇ ਦਿਨ, ਅਤੇ ਜਨਵਰੀ ਦੇ ਪਹਿਲੇ ਦਿਨ ਤੋਂ ਸ਼ੁਰੂ ਹੁੰਦੀਆਂ ਹਨ। |
| | | ਸਕੂਲ ਬੱਸਾਂ:<br>(ੳ) 12 ਸੀਟਾਂ ਤੱਕ: ₹ 15,000 ਪ੍ਰਤੀ ਸਾਲ<br>(ਅ) 13 ਤੋਂ 30 ਸੀਟਾਂ: ₹ 20,000 ਪ੍ਰਤੀ ਸਾਲ<br>(ੲ) 31 ਅਤੇ ਇਸ ਤੋਂ ਵੱਧ: ₹ 30,000 ਪ੍ਰਤੀ ਸਾਲ | |
| 5. | ਸਟੇਜ ਕੈਰਿਜਜ਼ | | |
| | ਵੱਡੀਆਂ ਬੱਸਾਂ | (ੳ) ਸਧਾਰਣ ਬੱਸਾਂ: ₹ 2.80 ਪ੍ਰਤੀ ਕਿਲੋਮੀਟਰ ਪ੍ਰਤੀ ਵਹੀਕਲ ਪ੍ਰਤੀ ਦਿਨ (31 ਮਈ 2020 ਤੱਕ) ਫਿਰ ਸੋਧ ਕੇ ₹ 2.69 (1 ਜੂਨ 2020 ਤੋਂ) ਅਤੇ ਅੱਗੇ ਸੋਧ ਕੇ ₹ 2.56 (1 ਦਸੰਬਰ 2021 ਤੋਂ)<br>(ਅ) ਐਚ ਵੀ ਏ ਸੀ ਬੱਸਾਂ: ਪ੍ਰਤੀ ਕਿਲੋਮੀਟਰ ਪ੍ਰਤੀ ਵਹੀਕਲ ਪ੍ਰਤੀ ਦਿਨ ₹ 3.36<br>(ੲ) ਸੁਪਰ ਇੰਟੈਗਰਲ ਬੱਸਾਂ: ਪ੍ਰਤੀ ਕਿਲੋਮੀਟਰ, ਪ੍ਰਤੀ ਵਹੀਕਲ, ਪ੍ਰਤੀ ਦਿਨ ₹5.60 ਅਤੇ ਸੋਧ ਕੇ ₹ 14.50 (01 ਦਸੰਬਰ 2021 ਤੋਂ) | ਹਰ ਮਹੀਨੇ ਦੇ ਅੰਤ ਵਿੱਚ ਭੁਗਤਾਨ ਯੋਗ |
| | ਮਿੰਨੀ ਬੱਸਾਂ | ₹ 30,000 ਪ੍ਰਤੀ ਸਾਲ ਅਤੇ ਸੋਧਿਆ ਹੋਇਆ (ਦਸੰਬਰ 2021) 35 ਸੀਟਾਂ ਤੱਕ ਬੈਠਣ ਦੀ ਸਮਰੱਥਾ ਦੇ ਨਾਲ ₹ 20,000 ਪ੍ਰਤੀ ਸਾਲ | |

# ਅਤਿਕਾ 3.1

*(ਪੈਰ੍ਹਾ 3.1 ਦੇ ਹਵਾਲੇ ਵਿੱਚ)*

## ਵਿਆਜ ਨਾ ਲਗਾਉਣਾ

*(ਰਾਸ਼ੀ ₹ ਵਿੱਚ ਹੈ)*

| ਲੜੀ ਨੰ. | ਏ ਸੀ ਐਸ ਟੀ | ਨਿਰਧਾਰਣ ਸਾਲ | ਨਿਰਧਾਰਣ ਆਦੇਸ਼ | | ਸੀ ਐਸ ਟੀ ਦੀ ਮੰਗ | ਮਹੀਨੇ | ਲਗਾਉਣਯੋਗ ਵਿਆਜ |
|---|---|---|---|---|---|---|---|
| | | | ਨਿਪਟਾਰਾ ਨੰ. | ਮਿਤੀ | | | |
| 1. | ਜਲੰਧਰ-II | 2014-15 | 618 | 15.09.2021 | 1,16,63,553 | 78 | 45,48,786 |
| 2. | ਲੁਧਿਆਣਾ -IV | 2015-16 | 69 | 15.11.2022 | 16,68,456 | 80 | 6,67,382 |
| 3. | | 2015-16 | 65 | 11.11.2022 | 84,98,908 | 80 | 33,99,563 |
| 4. | | 2015-16 | 118 | 11.11.2022 | 13,60,959 | 80 | 5,44,384 |
| 5. | ਮਾਨਸਾ | 2014-15 | 32 | 27.09.2021 | 18,09,501 | 78 | 7,05,705 |
| 6. | ਸੰਗਰੂਰ | 2014-15 | 33 | 06.09.2021 | 3,00,00,893 | 78 | 1,17,00,348 |
| **ਜੋੜ** | | | | | **5,50,02,270** | | **2,15,66,168** |

# ਅਤਿਕਾ 3.2

*(ਪੈਰ੍ਹਾ 3.4 ਦੇ ਹਵਾਲੇ ਵਿੱਚ)*

## ਸਰੋਤ 'ਤੇ ਕੱਟੇ ਗਏ ਕਰ ਨੂੰ ਦੇਰੀ ਨਾਲ ਜਮ੍ਹਾਂ ਕਰਨ 'ਤੇ ਵਿਆਜ ਨਾ ਲਗਾਉਣਾ

*(ਰਾਸ਼ੀ ₹ ਵਿੱਚ ਹੈ)*

| ਲੜੀ ਨੰ. | ਕੱਟੇ ਗਏ ਕਰ ਦੀ ਰਾਸ਼ੀ | ਕਟੌਤੀ ਦੀ ਮਿਤੀ | ਜਮ੍ਹਾਂ ਕਰਨ ਦੀ ਨਿਯਤ ਮਿਤੀ | ਟੀ ਡੀ ਐਸ ਸਰਟੀਫਿਕੇਟ ਦੇ ਅਨੁਸਾਰ ਜਮ੍ਹਾਂ ਕਰਵਾਉਣ ਦੀ ਅਸਲ ਮਿਤੀ | ਦਿਨਾਂ ਵਿੱਚ ਦੇਰੀ* | ਵਿਆਜ @ 1.5% ਪ੍ਰਤੀ ਮਹੀਨਾ |
|---|---|---|---|---|---|---|
| 1. | 55,80,819 | 06.05.2013 | 15.06.2013 | 24.06.2013 | 49 | 1,34,857 |
| 2. | 55,04,547 | 04.06.2013 | 15.07.2013 | 22.07.2013 | 48 | 1,30,299 |
| 3. | 52,47,584 | 30.06.2013 | 15.07.2013 | 27.08.2013 | 58 | 1,50,095 |
| 4. | 48,14,316 | 06.08.2013 | 15.09.2013 | 25.09.2013 | 50 | 1,18,709 |
| 5. | 37,80,002 | 04.09.2013 | 15.10.2013 | 21.10.2013 | 47 | 87,613 |
| 6. | 71,70,807 | 07.10.2013 | 15.11.2013 | 21.11.2013 | 45 | 1,59,133 |
| 7. | 58,78,361 | 01.11.2013 | 15.12.2013 | 21.12.2013 | 50 | 1,44,946 |
| 8. | 27,03,599 | 11.12.2013 | 15.01.2014 | 21.01.2014 | 41 | 54,665 |
| 9. | 33,61,283 | 02.01.2014 | 15.02.2014 | 21.02.2014 | 50 | 82,881 |
| 10. | 59,24,021 | 01.02.2014 | 15.03.2014 | 21.03.2014 | 48 | 1,40,229 |
| 11. | 51,75,963 | 03.03.2014 | 15.04.2014 | 19.04.2014 | 47 | 1,19,969 |
| 12. | 30,82,287 | 05.04.2014 | 15.05.2014 | 19.05.2014 | 44 | 66,881 |
| | **5,82,23,589** | **ਜੋੜ** | | | | **13,90,278** |

* ਪੰਜਾਬ ਵੈਟ ਐਕਟ ਦੀ ਧਾਰਾ 27(7) ਦੇ ਉਪਬੰਧਾਂ ਅਨੁਸਾਰ ਕਟੌਤੀ ਦੀ ਮਿਤੀ ਤੋਂ ਦੇਰੀ ਦਾ ਪਤਾ ਲਗਾਇਆ ਗਿਆ ਹੈ।

# ਅੰਤਿਕਾ 3.3

*(ਪੈਰ੍ਹਾ 3.5 ਦੇ ਹਵਾਲੇ ਵਿੱਚ)*

## ਉਨ੍ਹਾਂ ਡੀਡਜ਼ ਦੇ ਵੇਰਵੇ, ਜਿਨ੍ਹਾਂ ਵਿੱਚ ਜਾਇਦਾਦਾਂ ਦੇ ਗਲਤ ਵਰਗੀਕਰਨ ਕਾਰਨ ਅਸ਼ਟਾਮ ਡਿਊਟੀ ਅਤੇ ਹੋਰ ਲਾਗੂ ਫ਼ੀਸ ਘੱਟ ਲਗਾਇਆਂ ਗਈਆਂ ਸਨ

*(ਰਾਸ਼ੀ ₹ ਵਿੱਚ ਹੈ)*

| ਲੜੀ ਨੰ. | ਐਸ ਆਰ/ਜੇ ਐਸ ਆਰ | ਡੀਡ ਨੰ./ਮਿਤੀ | # | ਜਾਇਦਾਦ ਦਾ ਖੇਤਰਫਲ | ਜਾਇਦਾਦ ਦਾ ਮੁੱਲ | | ਘੱਟ* ਲਗਾਇਆ ਗਿਆ |
|---|---|---|---|---|---|---|---|
| | | | | | ਕੁਲੈਕਟਰ ਦਰ ਅਨੁਸਾਰ | ਡੀਡ ਅਨੁਸਾਰ | |
| 1. | ਅੰਮ੍ਰਿਤਸਰ -I | 2165/10.06.2022 | ਸੀ | 3ਕੇ 4ਐਮ | 2,05,21,600 | 27,90,000 | 14,57,541 |
| 2. | ਅੰਮ੍ਰਿਤਸਰ -I | 9155/27.02.2023 | ਸੀ | 2ਕੇ 18ਐਮ | 2,78,96,550 | 40,45,000 | 18,88,687 |
| 3. | ਧਾਰੀਵਾਲ | 292/03.08.2022 | ਸੀ | 48ਕੇ | 6,33,60,000 | 2,10,00,000 | 30,71,100 |
| 4. | ਜਲੰਧਰ-II | 6312/20.11.2022 | ਸੀ | 2ਕੇ | 70,00,000 | 12,50,000 | 4,74,275 |
| 5. | ਲੁਧਿਆਣਾ ਦੱਖਣ-ਕੇਂਦਰੀ | 642/19.04.2022 | ਆਰ | 9ਕੇ 5.38ਐਮ | 1,12,15,500 | 29,00,000 | 6,86,029 |
| 6. | ਲੁਧਿਆਣਾ ਦੱਖਣ-ਕੇਂਦਰੀ | 1959/18.05.2022 | ਏ + ਆਰ | 20ਕੇ | 2,36,92,485 | 40,62,000 | 15,82,310 |
| 7. | ਲੁਧਿਆਣਾ ਦੱਖਣ-ਕੇਂਦਰੀ | 5651/18.11.2022 | ਆਰ | 5ਕੇ 4.5ਐਮ | 1,20,12,294 | 23,15,000 | 7,99,927 |
| 8. | ਲੁਧਿਆਣਾ ਦੱਖਣ-ਕੇਂਦਰੀ | 8330/10.02.2023 | ਆਰ | 3ਕੇ 17ਐਮ | 88,51,150 | 16,50,000 | 5,94,096 |
| 9. | ਲੁਧਿਆਣਾ ਦੱਖਣ-ਕੇਂਦਰੀ | 9106/23.02.2023 | ਏ + ਆਰ | 16ਕੇ | 2,73,36,104 | 47,20,000 | 17,92,267 |
| 10. | ਲੁਧਿਆਣਾ ਦੱਖਣ-ਕੇਂਦਰੀ | 10289/29.03.2023 | ਆਰ | 6ਕੇ 4.28ਐਮ | 1,42,85,986 | 28,00,000 | 6,89,059 |
| 11. | ਲੁਧਿਆਣਾ ਪੱਛਮ | 7022/01.11.2022 | ਆਰ | 6ਕੇ | 72,60,000 | 13,15,000 | 4,90,262 |
| 12. | ਲੁਧਿਆਣਾ ਪੱਛਮ | 10477/12.01.2023 | ਆਰ | 3ਬੀ 3ਬੀ 17ਬੀ | 1,59,62,500 | 49,90,000 | 9,04,506 |
| 13. | ਲੁਧਿਆਣਾ ਪੱਛਮ | 13006/22.02.2023 | ਆਰ | 2ਬੀ 2ਬੀ 15ਬੀ | 1,06,87,500 | 45,30,000 | 3,84,744 |
| 14. | ਮੁਲਾਂਪੁਰ ਦਾਖਾ | 579/21.06.2022 | ਏ + ਆਰ | 9ਕੇ 12.35ਐਮ | 2,19,80,538 | 27,50,000 | 15,66,613 |
| 15. | ਮੁਲਾਂਪੁਰ ਦਾਖਾ | 610/24.06.2022 | ਆਰ | 3215.23 ਐਸ ਵਾਈ | 3,02,23,162 | 83,00,000 | 12,67,966 |
| 16. | ਮੁਲਾਂਪੁਰ ਦਾਖਾ | 1190/14.11.2022 | ਆਰ | 2972.75ਐਸ ਵਾਈ | 8,91,82,500 | 4,46,00,000 | 27,86,406 |
| 17. | ਮੁਲਾਂਪੁਰ ਦਾਖਾ | 1388/19.12.2022 | ਆਰ | 1976.13 ਐਸ ਵਾਈ | 5,92,83,900 | 3,95,20,000 | 14,32,419 |
| 18. | ਮੁਲਾਂਪੁਰ ਦਾਖਾ | 2160/27.03.2023 | ਆਰ | 2176.55 ਐਸ ਵਾਈ | 6,52,96,500 | 3,26,50,000 | 9,79,295 |
| 19. | ਮੁਲਾਂਪੁਰ ਦਾਖਾ | 2161/27.03.2023 | ਆਰ | 2176.55ਐਸ ਵਾਈ | 6,52,96,500 | 3,26,50,000 | 9,79,295 |
| 20. | ਰਾਏਕੋਟ | 1083/22.07.2022 | ਆਰ | 5 ਕੇ | 1,50,00,000 | 25,00,000 | 10,31,224 |
| 21. | ਰਾਏਕੋਟ | 1237/30.08.2022 | ਆਰ | 2ਕੇ 14.50ਐਮ | 81,75,000 | 12,00,000 | 5,75,438 |
| 22. | ਸਾਹਨੇਵਾਲ | 307/28.04.2022 | ਆਰ | 4ਕੇ 13.66ਐਮ | 85,00,200 | 19,92,000 | 5,36,747 |
| 23. | ਸਾਹਨੇਵਾਲ | 308/28.04.2022 | ਆਰ | 4ਕੇ 13.66ਐਮ | 85,00,200 | 19,92,000 | 5,36,747 |
| 24. | ਸਾਹਨੇਵਾਲ | 530/30.05.2022 | ਆਰ | 7ਕੇ 3ਐਮ | 1,29,77,250 | 30,40,000 | 8,19,724 |
| 25. | ਸਾਹਨੇਵਾਲ | 2430/19.01.2023 | ਆਰ | 5ਕੇ | 84,70,000 | 26,50,000 | 4,79,650 |
| 26. | ਜ਼ੀਰਕਪੁਰ | 3056/27.05.2022 | ਆਰ | 27ਬੀ 0ਬੀ 0ਬੀ | 11,75,04,000 | 6,36,00,000 | 39,08,040 |
| 27. | ਜ਼ੀਰਕਪੁਰ | 3057/27.05.2022 | ਏ + ਆਰ | 4ਬੀ 14ਬੀ 5ਬੀ | 1,42,06,818 | 96,00,000 | 3,80,062 |
| 28. | ਜ਼ੀਰਕਪੁਰ | 10824/02.01.2023 | ਆਰ | 0ਬੀ 16ਬੀ 14ਬੀ | 1,67,00,000 | 35,00,000 | 8,25,000 |
| 29. | ਜ਼ੀਰਕਪੁਰ | 10825/02.01.2023 | ਆਰ | 0ਬੀ 15ਬੀ 0ਬੀ | 1,50,00,000 | 31,50,000 | 9,77,625 |
| **ਜੋੜ** | | | | | **80,63,78,237** | **31,20,61,000** | **3,38,97,054** |

# *ਰੈਵੀਨਿਊ ਰਿਕਾਰਡ ਦੇ ਅਨੁਸਾਰ ਜਾਇਦਾਦ ਦਾ ਅਸਲ ਵਰਗੀਕਰਨ (ਏ-ਖੇਤੀਬਾੜੀ, ਆਰ-ਰਿਹਾਇਸ਼ੀ, ਸੀ-ਕਮਰਸ਼ਿਅਲ)*

* ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈਸ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ

# ਅੰਤਿਕਾ 3.4

*(ਪੈਰ੍ਹਾ 3.6 ਦੇ ਹਵਾਲੇ ਵਿੱਚ)*

## ਇਕਰਾਰਨਾਮੇ 'ਤੇ ਅਸ਼ਟਾਮ ਡਿਊਟੀ ਅਤੇ ਫੀਸ ਘੱਟ ਲਗਾਉਣਾ

*(ਰਾਸ਼ੀ ₹ ਵਿੱਚ ਹੈ)*

| ਲੜੀ ਨੰ. | ਐਸ ਆਰ/ ਜੇ ਐਸ ਆਰ | ਡੀਡ ਨੰ.ਅਤੇ ਮਿਤੀ | ਡਿਵੈਲਪਰ ਨੂੰ ਸੌਂਪੀ ਗਈ ਜ਼ਮੀਨ ਦਾ ਕੁਲੈਕਟਰ ਮੁੱਲ | | ਇਕਰਾਰਨਾਮੇ ਵਿੱਚ ਕੰਸੀਡ੍ਰੇਸ਼ਨ ਮੁੱਲ | | | | ਉਹ ਰਾਸ਼ੀ ਜਿਸ ਤੇ ਡਿਊਟੀਆਂ ਲਗਾਈਆਂ ਜਾਂਦੀਆਂ ਹਨ (‘ਏ’ ਜਾਂ ‘ਕ + ਖ’, ਜੋ ਵੀ ਵੱਧ ਹੋਵੇ) | ਐਸ ਡੀ, ਆਰ ਐਫ, ਐਸ ਆਈ ਸੀ, ਆਈ ਡੀ ਐਫ ਅਤੇ ਐਸ ਆਈ ਡੀ ਐਫ | | |
|---|---|---|---|---|---|---|---|---|---|---|---|---|
| | | | ਜ਼ਮੀਨ ਦਾ ਖੇਤਰਫਲ | ਕੁਲੈਕਟਰ ਮੁੱਲ | ਐਸ ਵਾਈ ਵਿੱਚ ਜ਼ਮੀਨ | # | [ਸ] ਦਾ ਕੁਲੈਕਟਰ ਮੁੱਲ | ਕੰਸੀਡਰੇਸ਼ਨ ਵਾਧੂ ਨਕਦ | | ਲਗਾਉਣ ਯੋਗ | ਲਗਾਇਆ ਗਿਆ[##] | ਘੱਟ ਲਗਾਇਆ ਗਿਆ |
| | [ੳ] | [ਅ] | [ੲ] | | [ਸ] | [ਹ] | [ਕ] | [ਖ] | [ਗ] | [ਘ] | [ਙ] | [ਚ] |
| 1. | ਖਰੜ | 530/11.08.2022 | 60 ਕੇ | 7,50,00,000 | 7,500.00<br>900.00 | ਆਰ<br>ਸੀ | 7,39,72,500 | 18,75,000 | 7,58,47,500 | 41,81,994 | 2,04,000 | 39,77,994 |
| 2. | ਖਰੜ | 62/19.04.2022 | 6 ਕੇ 12 ਐਮ | 53,79,000 | 825.00<br>99.00 | ਆਰ<br>ਸੀ | 49,29,375 | 1,23,750 | 53,79,000 | 3,36,188 | 57,790 | 2,78,398 |
| 3. | ਖਰੜ | 74/21.04.2022 | 33 ਕੇ 3 ਐਮ | 2,70,17,250 | 4,144.00<br>497.28 | ਆਰ<br>ਸੀ | 2,47,60,400 | 5,18,000 | 2,70,17,250 | 16,18,407 | 2,04,000 | 14,14,407 |
| 4. | ਖਰੜ | 538/12.08.2022 | 6 ਕੇ 5 ਐਮ | 78,12,500 | 700.00<br>120.00 | ਆਰ<br>ਸੀ | 85,24,100 | 97,656 | 86,21,756 | 5,38,861 | 81,092 | 4,57,769 |
| 5. | ਖਰੜ | 566/22.08.2022 | 7 ਕੇ 7.5 ਐਮ | 92,18,750 | 890.00<br>120.00 | ਆਰ<br>ਸੀ | 93,72,070 | 1,61,350 | 95,33,420 | 5,95,839 | 94,638 | 5,01,201 |
| 6. | ਖਰੜ | 8559/30.08.2022 | 7 ਕੇ 17.17 ਐਮ | 98,23,125 | 1,050.00<br>93.00 | ਆਰ<br>ਸੀ | 88,71,150 | 1,97,646 | 98,23,125 | 6,13,945 | 98,613 | 5,15,332 |
| 7. | ਖਰੜ | 13667/06.12.2022 | 5 ਕੇ | 62,50,000 | 400.00<br>100.00 | ਆਰ<br>ਸੀ | 62,85,200 | 1,09,375 | 63,94,575 | 3,99,661 | 66,500 | 3,33,161 |
| 8. | ਖਰੜ | 12890/23.11.2022 | 5 ਕੇ 0.59 ਐਮ | 62,86,875 | 635.67<br>76.92 | ਆਰ<br>ਸੀ | 62,98,395 | 0 | 62,98,395 | 3,93,650 | 66,984 | 3,26,666 |
| 9. | ਮਾਜਰੀ | 5360/22.03.2023 | 39 ਕੇ 2.8 ਐਮ | 4,89,25,000 | 4,762.50<br>978.50 | ਆਰ<br>ਸੀ | 3,92,73,238 | 25,00,000 | 4,89,25,000 | 16,67,750 | 2,04,000 | 14,63,750 |
| **ਜੋੜ** | | | | **19,57,12,500** | | | **18,22,86,428** | **55,82,777** | **19,78,40,021** | **1,03,46,295** | **10,77,617** | **92,68,678** |

\# ਇਕਰਾਰਨਾਮੀਆਂ ਦੇ ਅਨੁਸਾਰ ਜਾਇਦਾਦ ਦਾ ਵਰਗੀਕਰਨ (ਆਰ–ਰਿਹਾਇਸ਼ੀ; ਸੀ–ਕਮਰਸ਼ੀਅਲ)

\## ਭੁਗਤਾਨ ਕੀਤੀ ਗਈ ਰਜਿਸਟ੍ਰੇਸ਼ਨ ਫੀਸ ਦੀ ਵਾਧੂ ਰਾਸ਼ੀ ਦੇ ਹਿੱਸੇ, ਜੇ ਕੋਈ ਹੋਵੇ, ਨੂੰ ਕਾਲਮ [ਙ] 'ਲਗਾਇਆ ਗਿਆ' ਵਿੱਚ ਨਜ਼ਰਅੰਦਾਜ਼ ਕੀਤਾ ਗਿਆ ਹੈ ਤਾਂ ਜੋ ਗਣਨਾ ਦੀ ਗਲਤ ਬਿਆਨੀ ਤੋਂ ਬਚਿਆ ਜਾ ਸਕੇ ਕਿਉਂਕਿ ਰਜਿਸਟ੍ਰੇਸ਼ਨ ਫੀਸ ਦੀ ਵਾਧੂ ਰਾਸ਼ੀ ਨੂੰ ਘੱਟ ਲਗਾਈ ਗਈ ਅਸ਼ਟਾਮ ਡਿਊਟੀ ਦੇ ਨਾਲ ਐਡਜਸਟ ਨਹੀਂ ਕੀਤਾ ਗਿਆ ਹੈ।

## ਅੰਤਿਕਾ 3.5

*(ਪੈਰ੍ਹਾ 3.7 ਦੇ ਹਵਾਲੇ ਵਿੱਚ)*

### ਉਨ੍ਹਾਂ ਡੀਡਜ਼ ਦੇ ਵੇਰਵੇ ਜਿਨ੍ਹਾਂ ਵਿੱਚ ਜਾਇਦਾਦਾਂ ਦੇ ਘੱਟ ਮੁਲਾਂਕਣ ਕਾਰਨ ਅਸ਼ਟਾਮ ਡਿਊਟੀ ਅਤੇ ਫੀਸਾਂ ਘੱਟ ਲਗਾਈਆਂ ਗਈਆਂ ਸਨ

*(ਰਾਸ਼ੀ ₹ ਵਿੱਚ ਹੈ)*

| ਲੜੀ ਨੰ. | ਡੀਡ ਨੰ./ਮਿਤੀ | ਜਾਇਦਾਦ ਦਾ ਖੇਤਰਫਲ | ਖਰੀਦਦਾਰਾਂ ਦੀ ਸੰਖਿਆ | ਖਰੀਦਦਾਰ ਦਾ ਲਿੰਗ | ਖਰੀਦਦਾਰ ਦਾ ਜਾਇਦਾਦ ਵਿੱਚ ਹਿੱਸਾ | ਕੁਲੈਕਟਰ ਰੇਟ ਸੂਚੀ ਦੀ ਸ਼ਰਤ ਅਨੁਸਾਰ ਜਾਇਦਾਦ ਦਾ ਮੁੱਲ | ਜੇ ਐਸ ਆਰ ਦੁਆਰਾ ਜਾਇਦਾਦ ਦਾ ਨਿਰਧਾਰਤ ਮੁੱਲ | ਐਸ ਡੀ+ਐਸ ਆਈ ਸੀ+ਆਰ ਐਫ+ਆਈ ਡੀ ਐਫ+ਐਸ ਆਈ ਡੀ ਐਫ* | | |
|---|---|---|---|---|---|---|---|---|---|---|
| | | | | | | | | ਲਗਾਉਣ ਯੋਗ | ਲਗਾਇਆ ਗਿਆ | ਘੱਟ ਲਗਾਇਆ ਗਿਆ |
| 1. | 7066<br>14.09.2022 | 2 ਵਿੱਘਾ 1 ਬਿਸਵਾ<br>(2,050 ਵਰਗ ਗਜ਼) | 6 | ਮਰਦ | 410.00 ਵਰਗ ਗਜ਼ | 4,10,00,000 | 85,00,000 | 31,72,500 | 7,01,594 | 24,70,906 |
| | | | | ਮਰਦ | 512.50 ਵਰਗ ਗਜ਼ | | | | | |
| | | | | ਮਰਦ | 512.50 ਵਰਗ ਗਜ਼ | | | | | |
| | | | | ਮਰਦ | 358.75 ਵਰਗ ਗਜ਼ | | | | | |
| | | | | ਮਰਦ | 205.00 ਵਰਗ ਗਜ਼ | | | | | |
| | | | | ਮਰਦ | 51.25 ਵਰਗ ਗਜ਼ | | | | | |
| 2. | 8493<br>01.11.2022 | 16 ਬੀਸਵਾ<br>(800 ਵਰਗ ਗਜ਼) | 3 | ਔਰਤ | 240.00 ਵਰਗ ਗਜ਼ | 1,60,00,000 | 34,00,000 | 12,24,000 | 2,60,776 | 9,63,224 |
| | | | | ਮਰਦ | 240.00 ਵਰਗ ਗਜ਼ | | | | | |
| | | | | ਮਰਦ | 320.00 ਵਰਗ ਗਜ਼ | | | | | |
| 3. | 12143<br>03.02.2023 | 2 ਕਨਾਲ 10 ਮਰਲ੍ਹਾ 6 ਸਾਰਸਾਹੀ<br>(1,532.67 ਵਰਗ ਗਜ਼) | 6 | ਮਰਦ | 255.44 ਵਰਗ ਗਜ਼ | 1,83,91,680 | 63,00,000 | 15,17,315 | 5,19,814 | 9,97,501 |
| | | | | ਮਰਦ | 255.44 ਵਰਗ ਗਜ਼ | | | | | |
| | | | | ਮਰਦ | 255.44 ਵਰਗ ਗਜ਼ | | | | | |
| | | | | ਮਰਦ | 255.44 ਵਰਗ ਗਜ਼ | | | | | |
| | | | | ਮਰਦ | 255.44 ਵਰਗ ਗਜ਼ | | | | | |
| | | | | ਮਰਦ | 255.44 ਵਰਗ ਗਜ਼ | | | | | |
| **ਜੋੜ** | | | | | | **7,53,91,680** | **1,82,00,000** | **59,13,815** | **14,82,184** | **44,31,631** |

* **ਅਸ਼ਟਾਮ ਡਿਊਟੀ (ਐਸ ਡੀ)**: ਮਰਦਾਂ ਲਈ ਪੰਜ *ਪ੍ਰਤੀਸ਼ਤ*, ਔਰਤਾਂ ਲਈ ਤਿੰਨ *ਪ੍ਰਤੀਸ਼ਤ*; **ਵਿਸ਼ੇਸ਼ ਬੁਨਿਆਦੀ ਢਾਂਚਾ ਸੈਸ (ਐਸ ਆਈ ਸੀ)**: ਇੱਕ *ਪ੍ਰਤੀਸ਼ਤ*; **ਰਜਿਸਟ੍ਰੇਸ਼ਨ ਫੀਸ (ਆਰ ਐਫ)**: ਇੱਕ *ਪ੍ਰਤੀਸ਼ਤ* ਵੱਧ ਤੋਂ ਵੱਧ ₹ 2 ਲੱਖ ਤੱਕ; **ਬੁਨਿਆਦੀ ਢਾਂਚਾ ਵਿਕਾਸ ਫੀਸ (ਆਈ ਡੀ ਐਫ)**: ਇੱਕ *ਪ੍ਰਤੀਸ਼ਤ* **ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ (ਐਸ ਆਈ ਡੀ ਐਫ)**: 0.25 *ਪ੍ਰਤੀਸ਼ਤ*

# ਅੰਤਿਕਾ 3.6

*(ਪੈਰ੍ਹਾ 3.8 ਦੇ ਹਵਾਲੇ ਵਿੱਚ)*

## ਹਿੰਦੂ ਅਣਵੰਡੇ ਪਰਿਵਾਰ ਨੂੰ ਦਿੱਤੀ ਗਈ ਛੋਟ ਦੇ ਵੇਰਵੇ

*(ਰਾਸ਼ੀ ₹ ਵਿੱਚ ਹੈ)*

| ਲੜੀ ਨੰ. | ਉਪ-ਰਜਿਸਟਰਾਰ | ਡੀਡ ਨੰ. ਅਤੇ ਮਿਤੀ | ਕੰਸੀਡ੍ਰੇਸ਼ਨ ਮੁੱਲ | ਦਿੱਤੀ ਗਈ ਛੋਟ | | |
|---|---|---|---|---|---|---|
| | | | | ਐਸ ਡੀ | ਐਸ ਆਈ ਸੀ | ਆਰ ਐਫ |
| 1. | ਡੇਰਾਬੱਸੀ | 5009 09.02.2023 | 17,49,960 | 17,500 | 17,500 | 17,500 |
| 2. | ਡੇਰਾਬੱਸੀ | 5010 09.02.2023 | 17,49,960 | 17,500 | 17,500 | 17,500 |
| 3. | ਡੇਰਾਬੱਸੀ | 5011 09.02.2023 | 18,00,000 | 54,000 | 18,000 | 18,000 |
| 4. | ਡੇਰਾਬੱਸੀ | 5012 09.02.2023 | 18,00,000 | 54,000 | 18,000 | 18,000 |
| 5. | ਡੇਰਾਬੱਸੀ | 5013 09.02.2023 | 18,00,000 | 54,000 | 18,000 | 18,000 |
| 6. | ਡੇਰਾਬੱਸੀ | 5014 09.02.2023 | 36,00,000 | 72,000 | 36,000 | 36,000 |
| 7. | ਡੇਰਾਬੱਸੀ | 5015 09.02.2023 | 18,00,000 | 54,000 | 18,000 | 18,000 |
| 8. | ਡੇਰਾਬੱਸੀ | 5016 09.02.2023 | 17,49,960 | 17,500 | 17,500 | 17,500 |
| 9. | ਡੇਰਾਬੱਸੀ | 5017 09.02.2023 | 17,49,960 | 17,500 | 17,500 | 17,500 |
| 10. | ਐਸ ਏ ਐਸ ਨਗਰ | 1309 02.05.2022 | 1,33,98,000 | 4,01,940 | 1,33,980 | 1,33,980 |
| **ਜੋੜ** | | | **3,11,97,840** | **7,59,940** | **3,11,980** | **3,11,980** |

## ਸੰਖੇਪਕ ਸ਼ਬਦਾਂ ਦੀ ਸ਼ਬਦਾਵਲੀ

| | |
|---|---|
| ਏ ਸੀ ਐਸ ਟੀ | ਰਾਜ ਕਰ ਦੇ ਸਹਾਇਕ ਕਮਿਸ਼ਨਰ |
| ਏ ਟੀ ਐਨ | ਐਕਸ਼ਨ ਟੇਕਨ ਨੋਟ |
| ਸੀ ਏ ਜੀ | ਭਾਰਤ ਦੇ ਲੇਖਾ ਨਿਰੀਖਿਕ ਅਤੇ ਮਹਾਂ ਲੇਖਾ ਪਰੀਖਕ |
| ਸੀ ਐਸ ਟੀ | ਕੇਂਦਰੀ ਵਿਕਰੀ ਕਰ |
| ਡੀ ਪੀ ਸੀ | ਕਰੱਤਵ, ਸ਼ਕਤੀਆਂ ਅਤੇ ਸੇਵਾ ਸ਼ਰਤਾਂ |
| ਜੀ ਐਸ ਟੀ | ਵਸਤਾਂ ਅਤੇ ਸੇਵਾਵਾਂ ਕਰ |
| ਐਚ ਯੂ ਐਫ | ਹਿੰਦੂ ਅਣਵੰਡਿਆ ਪਰਿਵਾਰ |
| ਆਈ ਡੀ ਐਫ | ਬੁਨਿਆਦੀ ਢਾਂਚਾ ਵਿਕਾਸ ਫੀਸ |
| ਜੇ ਐਸ ਆਰ | ਸੰਯੁਕਤ ਉਪ-ਰਜਿਸਟਰ |
| ਪੀ ਏ ਸੀ | ਲੋਕ ਲੇਖਾ ਕਮੇਟੀ |
| ਪੀ ਯੂ ਸੀ | ਪ੍ਰਦੂਸ਼ਣ ਕੰਟਰੋਲ ਸਰਟੀਫਿਕੇਟ |
| ਪੀ ਯੂ ਸੀ ਸੀ | ਪ੍ਰਦੂਸ਼ਣ ਕੰਟਰੋਲ ਅਧੀਨ ਸਰਟੀਫਿਕੇਟ |
| ਆਰ ਐਫ | ਰਜਿਸਟ੍ਰੇਸ਼ਨ ਫੀਸ |
| ਆਰ ਟੀ ਏ | ਰਿਜ਼ਨਲ ਟਰਾਂਸਪੋਰਟ ਅਥਾਰਟੀ |
| ਆਰ ਟੀ ਓ | ਰਿਜ਼ਨਲ ਟਰਾਂਸਪੋਰਟ ਦਫ਼ਤਰ |
| ਐਸ ਡੀ | ਅਸ਼ਟਾਮ ਡਿਊਟੀ |
| ਐਸ ਜੀ ਐਸ ਟੀ | ਰਾਜ ਵਸਤਾਂ ਅਤੇ ਸੇਵਾਵਾਂ ਕਰ |
| ਐਸ ਆਈ ਸੀ | ਸਮਾਜਿਕ ਬੁਨਿਆਦੀ ਢਾਂਚਾ ਸੈੱਸ |
| ਐਸ ਆਈ ਡੀ ਐਫ | ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ |
| ਐਸ ਆਰ | ਉਪ-ਰਜਿਸਟਰ |
| ਟੀ ਡੀ ਐਸ | ਸਰੋਤ 'ਤੇ ਕਰ ਕਟੌਤੀ |
| ਵੀ ਏ ਟੀ | ਵੈਲਯੂ ਐਡਿਡ ਟੈਕਸ |

© ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
www.cag.gov.in

https://cag.gov.in/ag/punjab